ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੪ ਪੋਹ-ਮਾਘ ਸੰਮਤ ਨਾਨਕਸ਼ਾਹੀ ੫੫੨ ਜਨਵਰੀ 2021 ਅੰਕ : ੧੦
Vol. : 64 January 2021 Issue : 10

## ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ (ਬਿਹਾਰ)



ਜਿਨੂੰ ਮਜ਼ਬਾਂ ਵਾਲੇ ਕਹਿਣ ਕਚਹਿਰੀ ਧਰਮ ਦੀ
ਦੁਖਾਂ ਮਾਰੀ ਧਰਤੀ ਉਥੇ ਜਾ ਪੁਕਾਰਦੀ
ਕਹਿੰਦੀ ਪਾਪਾਂ ਦੀ ਅੱਤ ਹੋ ਗਈ ਮੇਰੇ ਦਾਤਿਆ
ਪੈ ਗਈ ਹੋਂਦ ਜਾਪਦੀ ਸ਼ੱਕ ਵਿਚ ਬਖਸ਼ਣਹਾਰ ਦੀ
ਜਿਨ੍ਹਾਂ ਦੇਣਾ ਸੀ ਉਪਦੇਸ਼ ਜੱਗ ਨੂੰ ਧਰਮ ਦਾ
ਪੱਟੀ ਨਿੱਤ ਪੜ੍ਹਾਉਂਦੇ ਰਹਿੰਦੇ ਅੱਤਿਆਚਾਰ ਦੀ
ਹਾਕਮ ਥਾਪੇ ਗਏ ਸੀ ਪਰਜਾ ਪਾਲਣ ਵਾਸਤੇ
ਪਰਜਾ ਖਾਣ ਦੀ ਨੀਤੀ ਬਣ ਗਈ ਹੈ ਸਰਕਾਰ ਦੀ
ਲੋੜ ਸੀ ਢਾਲਾਂ ਦੀ ਛਾਂ ਕਰਦਾ ਕੋਈ ਗਰੀਬ 'ਤੇ
ਪੀ ਰੱਤ ਪਿਆਸ ਬੁਝੇ ਨਾ ਯੋਧੇ ਦੀ ਤਲਵਾਰ ਦੀ
ਐ ਪ੍ਰਭ ਰਚਨਹਾਰ ਐ ਰਚਨਾ ਆਪਣੀ ਸਾਂਭ ਲੈ
ਮਾਨਸ ਰੂਪ ਦੈਂਤ ਦਾ ਮੈਂ ਨਹੀਂ ਭਾਰ ਸਹਾਰਦੀ
ਜੇ ਤੂੰ ਚਾਹੁਣਾ ਹੈ ਦੁਨੀਆ ਤੇਰੀ ਵੱਸਦੀ ਰਹਿ
ਛੇਤੀ ਭੇਜ ਕੋਈ ਰੂਹ ਸੱਚੇ ਪਰਉਪਕਾਰ ਦੀ
'ਸੀਤਲ' ਮੈਂ ਨਹੀਂ ਹੁਣ ਜਾ ਵਿਛਣਾ ਕਿਸੇ ਭੁਲੇਖੇ ਤੇ
ਮਾਨਸ ਦੇਹੀ ਹੋਵੇ ਜੋਤ ਹੋਵੇ ਕਰਤਾਰ ਦੀ

—ਗਿਆਨੀ ਸੋਹਣ ਸਿੰਘ 'ਸੀਤਲ' (ਸਵ.)

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਪੋਹ-ਮਾਘ, ਸੰਮਤ ਨਾਨਕਸ਼ਾਹੀ ੫੫੨ ਜਨਵਰੀ 2021

ਜਿਲਦ ੬੪ *(Vol. 64)* ਅੰਕ ੧੦ *(Issue 10)*

ਮੁੱਖ ਸੰਪਾਦਕ
**ਸਿਮਰਜੀਤ ਸਿੰਘ**

ਸੰਪਾਦਕ
**ਸਤਵਿੰਦਰ ਸਿੰਘ**


## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com


ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।


Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਪਰਜਾ ਖਾਣ ਦੀ ਨੀਤੀ ਬਣ ਗਈ ਹੈ ਸਰਕਾਰ ਦੀ | -ਸਤਵਿੰਦਰ ਸਿੰਘ ਫੂਲਪੁਰ | ੭ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ | -ਸ. ਰਣਜੀਤ ਸਿੰਘ | ੧੧ |
| ਗੁਰੂ-ਪੰਥ ਦੇ ਅਨਮੋਲ ਰਤਨ : ਗਿਆਨੀ ਬਿਸ਼ਨ ਸਿੰਘ ਜੀ | -ਬੀਬੀ ਮਨਦੀਪ ਕੌਰ | ੧੬ |
| . . .ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਪਰਮਵੀਰ ਚੱਕਰ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੨੨ |
| ਸੁਖਮਨੀ ਸਾਹਿਬ | -ਭਾਈ ਮੋਹਨ ਸਿੰਘ ਉਰਲਾਣਾ | ੩੫ |
| ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ | -ਸ. ਗੁਰਚਰਨਜੀਤ ਸਿੰਘ (ਲਾਂਬਾ) | ੪੭ |
| . . .ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ | -ਡਾ. ਪਰਮਵੀਰ ਸਿੰਘ | ੫੭ |
| ਯੂ. ਪੀ. ਸਿੱਖ ਮਿਸ਼ਨ, ਹਾਪੁੜ ਦੀ ਸਥਾਪਨਾ | -ਸ. ਬ੍ਰਿਜਪਾਲ ਸਿੰਘ | ੬੪ |
| ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ- ਸ਼ਤਾਬਦੀ ਸਮਾਰੋਹ | -ਸ. ਪਰਮਜੋਤ ਸਿੰਘ | ੭੦ |
| . . .ਸਿੱਖ ਇਤਿਹਾਸ ਰੀਸਰਚ ਬੋਰਡ | -ਡਾ. ਰਣਜੀਤ ਕੌਰ ਪੰਨਵਾਂ | ੭੫ |
| | -ਬੀਬੀ ਸਿਮਰਨਜੀਤ ਕੌਰ | |
| ਕਿਸਾਨ ਅੰਦੋਲਨ ਦੀ ਪ੍ਰੇਰਕ ਸ਼ਕਤੀ | -ਸ. ਜਗਰੂਪ ਸਿੰਘ ਛੀਨਾ ਬਿਧੀ ਚੰਦ | ੮੩ |
| ਦਾੜ੍ਹੀ ਵਾਲੇ ਫਰਿਸ਼ਤੇ | -ਸ. ਹਰਦੀਪ ਸਿੰਘ ਸ਼ੁੱਭ | ੮੭ |
| ਪੁਰਖਿਆਂ ਦੀ ਰੀਤ (ਗੀਤ) | -ਸ. ਹਰਪ੍ਰੀਤ ਸਿੰਘ ਨਿਰਗੁਨ | ੮੮ |
| ਪੁਸਤਕ ਰੀਵਿਊ | -ਡਾ. ਜਗਦੀਸ਼ ਕੌਰ (ਵਾਡੀਆ) | ੮੯ |
| ਪੁਸਤਕ ਰੀਵਿਊ | -ਸਤਵਿੰਦਰ ਸਿੰਘ ਫੂਲਪੁਰ | ੯੧ |
| ਦਸਮੇਸ਼ ਪ੍ਰਤੀ: ਕੀ ਲਿਖਾਂ ? (ਕਵਿਤਾ) | -ਸਵਰਗੀ ਬੀਬੀ ਪਰਮਜੀਤ ਕੌਰ | ੯੨ |
| ਦੱਸ ਕਰੀਏ ਕੀ ਤੇਰਾ ਇਤਬਾਰ ਦਿੱਲੀਏ (ਕਵਿਤਾ) | -ਸ. ਸਤਿਨਾਮ ਸਿੰਘ ਕੋਮਲ | ੯੩ |
| ਖ਼ਬਰਨਾਮਾ | | ੯੪ |

# ਗੁਰਬਾਣੀ ਵਿਚਾਰ

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥*
*ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥*
*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥*
*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*
*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥*
*ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ॥*
*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪਾਵਨ ਪਉੜੀ ਦੇ ਅੰਦਰ ਮਾਘ ਮਹੀਨੇ ਦੀ ਬਹਾਰ ਅਤੇ ਵਾਤਾਵਰਨ ਦਾ ਸੰਕੇਤਕ ਵਰਣਨ ਕਰਦਿਆਂ ਮਨੁੱਖ ਨੂੰ ਵਿਕਾਰਾਂ ਤੇ ਔਗੁਣਾਂ ਨੂੰ ਤਿਆਗਣ ਅਤੇ ਗੁਣਾਂ ਨੂੰ ਅਪਣਾਉਣ ਦੀ ਨਿਰਮਲ ਗੁਰਮਤਿ ਸਿੱਖਿਆ ਬਖ਼ਸ਼ਿਸ਼ ਕਰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਭਾਈ! ਮਾਘ ਦੇ ਮਹੀਨੇ ਵਿਚ ਸਾਧੂਆਂ ਜਾਂ ਭਲੇ ਮਨੁੱਖਾਂ ਦੀ ਸੰਗਤ ਰੂਪ ਧੂੜੀ ਦਾ ਅਤਿਅੰਤ ਨਿਮਰਤਾ ਤੇ ਹਲੀਮੀ ਧਾਰਨ ਕਰ ਕੇ ਇਸ਼ਨਾਨ ਕਰੋ। ਇਸ ਮਹੀਨੇ ਪਰਮਾਤਮਾ ਦਾ ਨਾਮ ਧਿਆਵੋ। ਪਾਵਨ-ਪਵਿੱਤਰ ਨਾਮ ਨੂੰ ਸੁਣ ਕੇ ਪ੍ਰਾਪਤ ਹੋਇਆ ਨਾਮ-ਦਾਨ ਅੱਗੋਂ ਸਾਰਿਆਂ ਸੰਗ-ਸਾਥ ਵਾਲਿਆਂ ਨੂੰ ਵੰਡੋ। ਗੁਰੂ ਜੀ ਕਥਨ ਕਰਦੇ ਹਨ ਕਿ ਉਕਤ ਵਰਣਿਤ ਗੁਰਮਤਿ ਉਪਦੇਸ਼ ਅਮਲ ਵਿਚ ਲਿਆਓਗੇ ਤਾਂ ਜਨਮਾਂ-ਜਨਮਾਂ ਦੇ ਕੀਤੇ ਮਾੜੇ ਕਰਮਾਂ ਦੀ ਮੈਲ ਉਤਰ ਜਾਏਗੀ ਅਤੇ ਮਨ ਤੋਂ ਅਹੰਕਾਰ ਚਲਾ ਜਾਏਗਾ। ਕਾਮ ਅਤੇ ਕ੍ਰੋਧ ਵਰਗੇ ਵਿਕਾਰ ਤਦੋਂ ਨਹੀਂ ਖਿੱਚਣਗੇ। ਮਨੁੱਖੀ ਮਨ ਅੰਦਰੋਂ ਲੋਭ ਰੂਪੀ ਕੁੱਤਾ ਵੀ ਖ਼ਤਮ ਹੋ ਜਾਵੇਗਾ। ਇਹ ਸੱਚਾ ਰਸਤਾ ਹੈ ਜਿਸ 'ਤੇ ਤੁਰਨ ਨਾਲ ਸੁਭਾਵਿਕ ਹੀ ਸੰਸਾਰ ਵੀ ਸੱਚੀ ਪ੍ਰਸੰਸਾ ਕਰਦਾ ਹੈ। ਮਨੁੱਖ ਲਈ ਦਇਆ-ਭਾਵਨਾ ਭਾਵ ਗਰੀਬ ਦੇ ਪ੍ਰਤੀ ਤਰਸ ਅਤੇ ਲੋੜਵੰਦਾਂ ਦੀਆਂ ਲੋੜਾਂ ਦੀ ਪੂਰਤੀ ਦਾ ਖਿਆਲ ਕਰਨਾ ਬਹੁਤ ਮਹੱਤਵਪੂਰਨ ਹੈ, ਜਿਸ 'ਚ ਅਠਾਹਠ ਤੀਰਥਾਂ ਦਾ ਇਸ਼ਨਾਨ ਅਤੇ ਉੱਥੇ ਜਾ ਕੇ ਕਮਾਏ ਜਾਣ ਵਾਲੇ ਪੁੰਨ-ਕਰਮ ਸਹਿਜੇ ਹੀ ਸ਼ਾਮਲ ਹੁੰਦੇ ਹਨ ਭਾਵ ਇਨ੍ਹਾਂ ਦੇ ਕਰਨ ਦੀ ਲੋੜ ਹੀ ਨਹੀਂ ਰਹਿੰਦੀ। ਨਾਮ-ਸਿਮਰਨ ਦੀ ਉੱਚੀ ਵਸਤੂ ਜਿਸ ਮਨੁੱਖ ਨੂੰ ਪ੍ਰਭੂ-ਦਇਆ ਨਾਲ ਮਿਲ ਜਾਂਦੀ ਹੈ। ਉਹ ਮਨੁੱਖ ਸਿਆਣਾ ਹੋ ਜਾਂਦਾ ਹੈ। ਨਾਮ-ਸਿਮਰਨ ਕਰ ਕੇ ਜਿਨ੍ਹਾਂ ਨੂੰ ਮਾਲਕ ਮਿਲ ਗਿਆ ਹੈ, ਹੇ ਨਾਨਕ! ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ। ਗੁਰਮਤਿ ਦੀ ਕਸਵੱਟੀ ਅਨੁਸਾਰ ਮਾਘ ਦੇ ਮਹੀਨੇ ਵਿਚ ਸੁੱਚੇ ਭਾਵ ਇਸ਼ਨਾਨ ਕਰਨ ਵਾਲੇ ਉਹ ਹੀ ਹਨ ਜਿਨ੍ਹਾਂ ਉੱਪਰ ਪੂਰਨ ਸਮਰੱਥ ਗੁਰੂ ਦੀ ਕਿਰਪਾ ਹੈ ਭਾਵ ਜੋ ਗੁਰੂ ਦੀ ਅਗਵਾਈ 'ਚ ਜੀਵਨ ਸਫ਼ਲਾ ਕਰ ਰਹੇ ਹਨ। ■

ਸੰਪਾਦਕੀ...

# ਹਾਕਮ ਥਾਪੇ ਗਏ ਸੀ ਪਰਜਾ ਪਾਲਣ ਵਾਸਤੇ

*ਇੱਕ ਵਾਰ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਕਾਲ ਪੈ ਗਿਆ ਤਾਂ ਮਹਾਰਾਜਾ ਨੇ ਆਪਣੇ ਸਾਰੇ ਮਾਲ-ਖ਼ਜ਼ਾਨੇ ਆਪਣੀ ਜਨਤਾ ਲਈ ਖੋਲ੍ਹ ਦਿੱਤੇ :* ***"ਢੰਡੋਰਾ ਦੇ ਦਿੱਤਾ, ਹੋਕਾ ਫਿਰਵਾ ਦਿੱਤਾ। . . . "ਰਾਜਾ ਤਾਂ 'ਰਾਖਾ ਹੈ', 'ਭੰਡਾਰਾ ਪਰਜਾ ਦਾ'।" ਤੜਕੇ ਤੋਂ ਸ਼ਾਮਾਂ ਤਕ, ਦਰਵਾਜ਼ੇ ਖੁੱਲ੍ਹੇ ਹਨ। ਅੰਨ ਹਰ ਕੋਈ ਲੈ ਜਾਵੇ, ਹੈ ਸਾਰਾ ਪਰਜਾ ਦਾ। . . . ਹਿੰਦੂ ਸਿੱਖ ਮੁਸਲਮ ਦਾ, ਕੋਈ ਮੂਲ ਮੁਲਾਹਜ਼ਾ ਨਹੀਂ। ਹੈ ਜਿਸ ਨੂੰ ਲੋੜ ਬਣੀ, ਉਹ ਆ ਕੇ ਲੈ ਜਾਵੇ।"*** **(-ਵਿਧਾਤਾ ਸਿੰਘ ਤੀਰ)** *ਉਸ ਸਮੇਂ ਇਕ ਬਜ਼ੁਰਗ ਜੋ ਆਪਣੇ ਹਿੱਸੇ ਦਾ ਅੰਨ ਚੁੱਕ ਕੇ ਲਿਜਾਣ ਦੇ ਸਮਰੱਥ ਨਹੀਂ ਸੀ, ਮਹਾਰਾਜੇ ਨੇ ਉਸ ਦੀ ਪੰਡ ਆਪਣੇ ਪਿੰਡੇ 'ਤੇ ਚੁੱਕ ਲਈ ਤੇ ਉਸ ਬਜ਼ੁਰਗ ਦੇ ਪਾਂਡੀ ਬਣ ਅਨਾਜ ਉਸ ਦੇ ਘਰ ਛੱਡ ਕੇ ਆਏ। ਜਦੋਂ ਉਸ ਬਜ਼ੁਰਗ ਨੇ ਨਾਮ ਪੁੱਛਿਆ ਤਾਂ ਉਸ ਨੂੰ ਬਹੁਤ ਪਿਆਰਾ ਉੱਤਰ ਮਿਲਿਆ :* ***"ਬਾਬਾ ਮੈਂ ਰਾਜਾ ਹਾਂ, ਨਾਂ ਹੈ 'ਰਣਜੀਤ' ਮੇਰਾ। 'ਨੇਕੀ' ਹੈ ਕਾਰ ਮੇਰੀ, ਸਾਂਝਾ ਹੈ ਧਰਮ ਮੇਰਾ। ਪਰਜਾ ਲਈ ਜਾਨ ਦਿਆਂ, ਪੇਸ਼ਾ ਹੈ 'ਪ੍ਰੀਤ' ਮੇਰਾ। ਕਾਬਲ ਦੀਆਂ ਕੰਧਾਂ ਤਕ, ਮੈਂ ਪਾਉਂਦਾ ਘੂਕਰ ਹਾਂ। ਪਰ ਪਿਆਰੇ ਬਾਬਾ ਜੀ, ਪਰਜਾ ਦਾ ਕੂਕਰ ਹਾਂ।"*** *ਪਰ ਅਫਸੋਸ ਕੇ ਅੱਜ ਉਹ ਲੋਕ ਸੱਤਾ ਉੱਪਰ ਕਾਬਜ ਹਨ ਜੋ ਪਰਜਾ ਦੇ ਕੂਕਰ ਨਹੀਂ ਬਲਕਿ ਆਪਣੇ ਆਪ ਨੂੰ ਪਰਜਾ ਦੇ ਮਾਲਕ ਸਮਝਦੇ ਹਨ। ਇਹ ਪਰਜਾ ਦੇ ਰਾਖੇ ਨਹੀਂ, ਸਗੋਂ ਪਰਜਾ ਦਾ ਉਜਾੜਾ ਕਰ ਰਹੇ ਹਨ। ਇਹ ਪਰਜਾ ਦੇ ਭੰਡਾਰੇ ਨਹੀਂ ਸਗੋਂ ਪਰਜਾ ਦੇ ਮੂੰਹ ਵਿੱਚੋਂ ਨਿਵਾਲਾ ਖੋਹਣ ਵਾਲੇ ਹਨ। ਇਨ੍ਹਾਂ ਦਾ ਸਾਂਝਾ ਧਰਮ ਨਹੀਂ ਸਗੋਂ ਇਹ ਤਾਂ ਧਰਮ ਦੇ ਨਾਂ ਉੱਪਰ ਪਰਜਾ ਵਿਚ ਵੰਡੀਆਂ ਪਾ ਕੇ ਸਿਆਸੀ ਲਾਹਾ ਲੈਂਦੇ ਹਨ। ਇਨ੍ਹਾਂ ਦਾ ਪੇਸ਼ਾ ਪ੍ਰੀਤ ਨਹੀਂ, ਇਹ ਤਾਂ ਧਰਮਾਂ ਦੇ ਨਾਮ 'ਤੇ ਇੱਕ-ਦੂਜੇ ਵਿਚ ਨਫ਼ਰਤ ਫੈਲਾਉਂਦੇ ਹਨ। ਪਰਜਾ ਲਈ ਜਾਨ ਦੇਣਾ ਤਾਂ ਬੜੀ ਦੂਰ ਦੀ ਗੱਲ ਇਹ ਤਾਂ ਪਰਜਾ ਨੂੰ ਮਾਰਨ 'ਤੇ ਤੁਲੇ ਹੋਏ ਹਨ। ਇਹ ਸਦੀਆਂ ਤੋਂ ਸਮਾਜ ਵਿਚ ਉਚ-ਨੀਚ, ਜਾਤ-ਪਾਤ, ਨਫ਼ਰਤ ਦੇ ਪਾੜੇ ਪਾ ਕੇ ਰਾਜ-ਸੱਤਾ ਭੋਗਣ ਦੇ ਚਾਹਵਾਨ ਰਹੇ ਹਨ। ਇਨ੍ਹਾਂ ਕੋਲੋਂ ਦੇਸ਼ ਦੇ ਭਲੇ ਦੀ ਕੀ ਉਮੀਦ ਹੋ ਸਕਦੀ ਹੈ? ਗਿਆਨੀ ਸੋਹਣ ਸੀਤਲ ਨੇ ਲਿਖਿਆ ਹੈ :* ***ਹਾਕਮ ਥਾਪੇ ਗਏ ਸੀ ਪਰਜਾ ਪਾਲਣ ਵਾਸਤੇ, ਪਰਜਾ ਖਾਣ ਦੀ ਨੀਤੀ ਬਣ ਗਈ ਹੈ ਸਰਕਾਰ ਦੀ।*** *ਜਿੱਥੇ ਗੁਰਮਤਿ ਆਦਰਸ਼ ਦੇ ਧਾਰਨੀ ਮਹਾਰਾਜਾ ਰਣਜੀਤ ਸਿੰਘ ਆਪਣੀ ਪਰਜਾ ਲਈ ਅੰਨ ਦੇ ਭੰਡਾਰੇ ਖੋਲ੍ਹ ਦਿੰਦੇ ਸਨ, ਉੱਥੇ ਅੱਜ ਭਾਰਤ ਦੀ ਪਰਜਾ-ਮਾਰੂ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਖ਼ੁਸ਼ ਕਰਨ ਲਈ ਕਿਰਸਾਨੀ ਸਬੰਧੀ ਕਾਲੇ ਕਾਨੂੰਨ ਲਿਆ ਕੇ ਕਿਸਾਨਾਂ ਨੂੰ ਬਰਬਾਦ ਕਰਨ ਉੱਪਰ ਤੁਲੀ ਹੋਈ ਹੈ। ਅੱਜ ਦੇਸ਼ ਅੰਦਰ ਕਿਸਾਨਾਂ ਦੀ ਤਰਸਯੋਗ ਹਾਲਤ ਵੇਖ ਕੇ 'ਪਾਂਡੀ ਪਾਤਸ਼ਾਹ' ਦਾ ਰਾਜ ਚੇਤੇ ਆਉਂਦਾ ਹੈ। ਕਾਸ਼! ਅੱਜ ਦੇਸ਼ ਅੰਦਰ ਗੁਰੂ ਸਾਹਿਬ ਦੇ ਦਰਸਾਏ ਮਾਰਗ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਅਤੇ 'ਪਾਂਡੀ ਪਾਤਸ਼ਾਹ' ਦਾ ਸਿਰਜਿਆ ਮਨੁੱਖਤਾਵਾਦੀ ਖਾਲਸਾ ਰਾਜ ਹੁੰਦਾ ਤਾਂ ਦੇਸ਼ ਅੰਦਰ ਕਿਸਾਨਾਂ ਨੂੰ ਆਪਣੇ ਹੱਕਾਂ ਲਈ ਸੜਕਾਂ ਉੱਪਰ ਨਾ ਰੁਲਣਾ ਪੈਂਦਾ ਤੇ ਨਾ ਹੀ ਉਨ੍ਹਾਂ ਨੂੰ ਜ਼ਲਾਲਤ ਭਰੀ ਜ਼ਿੰਦਗੀ ਜਿਊਣੀ ਪੈਂਦੀ।*

***-ਸਤਵਿੰਦਰ ਸਿੰਘ ਫੂਲਪੁਰ***

***ਮੋ. +੯੧੯੯੧੪੪-੧੯੪੮੪***

*ਸੰਪਾਦਕੀ ਲੇਖ*

# ਪਰਜਾ ਖਾਣ ਦੀ ਨੀਤੀ ਬਣ ਗਈ ਹੈ ਸਰਕਾਰ ਦੀ

*-ਸਤਵਿੰਦਰ ਸਿੰਘ ਫੂਲਪੁਰ**

ਆਦਰਸ਼ਕ ਰਾਜ ਲਈ ਰਾਜੇ ਦਾ ਧਰਮੀ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਜੇਕਰ ਰਾਜਾ ਧਰਮੀ ਹੋਵੇਗਾ ਤਾਂ ਹੀ ਉਸ ਵਿਚ ਸਤ, ਸੰਤੋਖ, ਦਇਆ, ਨਿਆਂ, ਉਪਕਾਰ ਆਦਿ ਸਦਗੁਣਾਂ ਦੀ ਭਾਵਨਾ ਹੋਵੇਗੀ ਅਤੇ ਜੇਕਰ ਉਹ ਇਤਿਹਾਸ ਤੋਂ ਵੀ ਜਾਣੂ ਹੋਵੇਗਾ ਤਾਂ ਭੂਤ ਕਾਲ ਵਿਚ ਵਾਪਰ ਚੁੱਕੀਆਂ ਘਟਨਾਵਾਂ ਤੋਂ ਸੇਧ ਲੈ ਕੇ ਪਰਜਾ ਦੇ ਹਿੱਤ ਵਾਲੀ ਨੀਤੀ ਤਿਆਰ ਕਰ ਸਕੇਗਾ। ਅਧਰਮੀ ਅਤੇ ਇਤਿਹਾਸ ਤੋਂ ਅਣਜਾਣ ਰਾਜੇ ਦੀਆਂ ਨੀਤੀਆਂ ਪਰਜਾ ਅਤੇ ਦੇਸ਼ ਲਈ ਘਾਤਕ ਹੀ ਹੋਣਗੀਆਂ। ਇਤਿਹਾਸ ਅਸਲ ਵਿਚ ਇਸੇ ਲਈ ਹੀ ਪੜ੍ਹਾਇਆ ਜਾਂਦਾ ਹੈ ਤਾਂ ਕਿ ਬੀਤ ਚੁੱਕੇ ਦੀਆਂ ਘਟਨਾਵਾਂ ਤੋਂ ਸਬਕ ਲੈ ਭਵਿੱਖ ਨੂੰ ਸਵਾਰਿਆ ਜਾ ਸਕੇ। ਜਦੋਂ ਫਰਾਂਸ ਅਤੇ ਰੂਸ ਦੀ ਕ੍ਰਾਂਤੀ ਬਾਰੇ ਪੜ੍ਹਾਇਆ ਜਾ ਰਿਹਾ ਸੀ ਤਾਂ ਸ਼ਾਇਦ ਉਸ ਸਮੇਂ ਭਾਰਤੀ ਹੁਕਮਰਾਨ ਪਿੱਛੇ ਬੈਠੇ ਸੌਂ ਰਹੇ ਹੋਣਗੇ, ਕਿਉਂਕਿ ਇਨ੍ਹਾਂ ਨੇ ਇਤਿਹਾਸ ਤੋਂ ਕੋਈ ਸਬਕ ਨਹੀਂ ਲਿਆ। ਜਿਨ੍ਹਾਂ ਸ਼ਾਸਕੀ ਅਤੇ ਪ੍ਰਸ਼ਾਸਕੀ ਖਾਮੀਆਂ ਕਾਰਨ ਫਰਾਂਸ-ਵਾਸੀਆਂ ਨੂੰ ਅੰਦੋਲਨ ਕਰਨਾ ਪਿਆ ਸੀ ਉਸ ਤੋਂ ੨੩੧ ਸਾਲ ਬਾਅਦ ਅੱਜ ਹੂ-ਬ-ਹੂ ਹਾਲਾਤ ਭਾਰਤ ਦੇ ਬਣੇ ਹੋਏ ਹਨ। ਇਹ ਕਾਰਨ ਸਨ- ਨਿਰੰਕੁਸ਼ ਸਰਕਾਰ, ਸ਼ਾਹੀ ਦਰਬਾਰ ਦੀ ਫਜ਼ੂਲ ਖਰਚੀ, ਸੁਤੰਤਰਤਾ ਉੱਤੇ ਰੁਕਾਵਟਾਂ, ਅਯੋਗ ਕੇਂਦਰੀ ਸ਼ਾਸਨ ਪ੍ਰਬੰਧ, ਅਸੰਤੋਸ਼ਜਨਕ ਨਿਆਂ ਪ੍ਰਬੰਧ, ਦੋਸ਼ਪੂਰਣ ਕਰ ਪ੍ਰਣਾਲੀ, ਅਤਿ ਕੇਂਦਰੀਕਰਨ, ਖੇਤੀਬਾੜੀ ਦੀ ਦੁਰਦਸ਼ਾ, ਗ਼ਰੀਬੀ ਤੇ ਮਹਿੰਗਾਈ, ਧਾਰਮਿਕ ਅਸਹਿਣਸ਼ੀਲਤਾ, ਹੁਕਮਰਾਨਾਂ ਦਾ ਹਠੀ ਸੁਭਾਅ, ਮਿੱਤਰਾਂ ਪ੍ਰਤੀ ਉਦਾਸੀਨਤਾ, ਆਪਣੇ ਸਕੇ-ਸਬੰਧੀਆਂ ਲਈ ਵਿਸ਼ੇਸ਼ ਰਿਆਇਤਾਂ, ਸਧਾਰਨ ਜਨਤਾ ਦੀ ਆਰਥਿਕ ਮੰਦਹਾਲੀ ਆਦਿ। ਅੱਜ ਇਹੀ ਖਾਮੀਆਂ ਭਾਰਤੀ ਸ਼ਾਸਨ ਵਿਚ ਸਿਖ਼ਰ ਨੂੰ ਪਹੁੰਚ ਚੁੱਕੀਆਂ ਹਨ, ਜੋ ਕਿਸੇ ਵੱਡੀ ਕ੍ਰਾਂਤੀ ਦੀ ਮੰਗ ਕਰ ਰਹੀਆਂ ਹਨ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਸਾਡੀਆਂ ਸਰਕਾਰਾਂ ਨੇ ਇਤਿਹਾਸ ਤੋਂ ਕੀ ਸਬਕ ਲਿਆ? ਰੂਸ ਦੀ ਕ੍ਰਾਂਤੀ ਦਾ ਇਕ ਅਹਿਮ ਕਾਰਨ "ਰੂਸੀ ਸੱਭਿਅਤਾ ਸਭ ਉੱਤੇ ਥੋਪਣ ਦੇ ਯਤਨ" ਨੂੰ ਤਾਂ ਅੱਜ ਕੇਂਦਰੀ ਹਕੂਮਤ ਨੇ ਆਪਣੀ "ਇਕ ਰਾਸ਼ਟਰ ਵਾਲੀ" ਕੇਂਦਰੀ ਵਿਚਾਰਧਾਰਾ ਵਜੋਂ ਅਪਣਾਇਆ ਹੋਇਆ ਹੈ ਜੋ ਦੇਸ਼ ਦੀ ਏਕਤਾ, ਅਖੰਡਤਾ ਲਈ ਵੱਡਾ ਖ਼ਤਰਾ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਫ੍ਰਾਂਸ ਦੀ ਕ੍ਰਾਂਤੀ ਤੋਂ ਲੱਗਭਗ ੩੦੦ ਸਾਲ ਪਹਿਲਾਂ **ਰਾਜੇ ਚੁਲੀ ਨਿਆਵ ਕੀ** ਰਾਹੀਂ ਰਾਜੇ ਲਈ ਜੋ ਆਦਰਸ਼ ਸਮਝਾਇਆ ਸੀ, ਉਸ ਉੱਪਰ ਅਮਲ ਕਰਨ ਨਾਲ ਉਕਤ ਸਾਰੀਆਂ ਸ਼ਾਸਕੀ ਖਾਮੀਆਂ ਦਾ ਨਿਵਾਰਣ ਹੋ ਜਾਂਦਾ ਹੈ। ਜਿਸ ਦੀ ਉਦਾਹਰਨ ਅਸੀਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਨਿਆਂਕਾਰੀ ਰਾਜ-ਪ੍ਰਬੰਧ ਵਿੱਚੋਂ ਵੇਖਦੇ ਹਾਂ। ਪਰ ਭਾਰਤੀ ਹੁਕਮਰਾਨਾਂ ਨੇ ਨਾ ਤਾਂ ਗੁਰਬਾਣੀ

*ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ. +੯੧੯੯੧੪੪-੧੯੪੯੪*

ਤੋਂ ਸੇਧ ਲਈ ਹੈ ਅਤੇ ਨਾ ਹੀ ਇਤਿਹਾਸ ਤੋਂ ਕੁਝ ਸਿੱਖਿਆ ਹੈ।

ਭਾਰਤ ਸਰਕਾਰ ਦੁਆਰਾ ਲਿਆਂਦੇ ਗਏ ਤਿੰਨ ਕਿਸਾਨ-ਮਾਰੂ ਕਾਲੇ ਕਾਨੂੰਨਾਂ ਨਾਲ ਦੇਸ਼ ਅੰਦਰ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਵੱਜ ਚੁੱਕੀ ਹੈ। ਇਹ ਘੰਟੀ ਸੁਚੇਤ ਕਰ ਰਹੀ ਹੈ ਕਿ ਦੇਸ਼ ਬਹੁਤ ਤੇਜ਼ੀ ਨਾਲ ਆਰਥਿਕ ਗ਼ੁਲਾਮੀ ਵੱਲ ਵਧ ਰਿਹਾ ਹੈ। ਦੇਸ਼ ਦਾ ਸੰਘੀ ਢਾਂਚਾ ਖ਼ਤਰੇ ਵਿਚ ਹੈ, ਕਿਉਂਕਿ ਕੇਂਦਰ ਸਰਕਾਰ ਰਾਜਾਂ ਦੇ ਅਧਿਕਾਰ ਖੇਤਰ ਵਿਚ ਸ਼ਰ-ਏ-ਆਮ ਦਖ਼ਲ-ਅੰਦਾਜ਼ੀ ਕਰ ਰਹੀ ਹੈ। ਸੰਵਿਧਾਨ ਘਾੜਿਆਂ ਨੇ ਬੜੀ ਦੂਰ-ਅੰਦੇਸ਼ੀ ਨਾਲ ਨਿਆਂ-ਪਾਲਿਕਾ ਨੂੰ ਵਿਧਾਨ-ਪਾਲਿਕਾ ਨਾਲੋਂ ਸ਼ਕਤੀਸ਼ਾਲੀ ਰੱਖਿਆ ਸੀ ਤਾਂ ਕਿ ਵਿਧਾਨ-ਪਾਲਿਕਾ ਦੁਆਰਾ ਬਣਾਏ ਲੋਕ-ਮਾਰੂ ਕਾਨੂੰਨਾਂ ਨੂੰ ਨਿਆਂ-ਪਾਲਿਕਾ ਵਿਚ ਚੁਣੌਤੀ ਦਿੱਤੀ ਜਾ ਸਕੇ ਪਰ ਨਿਆਂ-ਪਾਲਿਕਾ ਦਾ ਕੇਂਦਰ ਸਰਕਾਰ ਦੇ ਦਬਾਅ ਹੇਠ ਆ ਫੈਸਲੇ ਕਰਨਾ ਭਾਰਤੀ ਸੰਵਿਧਾਨ ਦੀ ਤੌਹੀਨ ਅਤੇ ਲੋਕਤੰਤਰ ਲਈ ਖ਼ਤਰਾ ਹੈ। ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਲਿਆਂਦੇ ਕਿਸਾਨੀ ਸੰਬੰਧੀ ਤਿੰਨ ਕਾਲੇ ਕਾਨੂੰਨਾਂ ਨੂੰ ਲੈ ਕੇ ਸਰਕਾਰ ਦੇ ਅੜੀਅਲ ਰਵੱਈਏ ਨੇ ਭਾਰਤ ਦੀ ਮੌਜੂਦਾ ਚੋਣ ਪ੍ਰਕਿਰਿਆ ਉੱਪਰ ਵੀ ਸਵਾਲੀਆ ਨਿਸ਼ਾਨ ਖੜੇ ਕੀਤੇ ਹਨ। ਜਦੋਂ ਦੇਸ਼ ਦੀ ਅੱਸੀ-ਨੱਬੇ ਫੀਸਦੀ ਆਬਾਦੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਾ ਹੋਵੇ ਅਤੇ ਸਰਕਾਰ ਫਿਰ ਵੀ ਆਪਣਾ ਰਾਜ-ਹਠ ਨਾ ਛੱਡੇ ਤਾਂ ਸਮਝਣਾ ਪਵੇਗਾ ਕਿ ਸਰਕਾਰ ਨੂੰ ਲੋਕਾਂ ਦੀਆਂ ਵੋਟਾਂ ਨਾ ਪੈਣ ਦਾ ਕੋਈ ਡਰ ਨਹੀਂ, ਉਸ ਕੋਲ ਇਸ ਦਾ ਕੋਈ ਹੋਰ ਬਦਲ ਜ਼ਰੂਰ ਹੈ। ਇਸੇ ਕਾਰਨ ਦੇਸ਼ ਅੰਦਰ ਈ. ਵੀ. ਐਮ. ਦੀ ਵਿਰੋਧਤਾ ਵੀ ਲਗਾਤਾਰ ਵਧ ਰਹੀ ਹੈ।

ਕਿਸਾਨੀ ਅੰਦੋਲਨ ਦਾ ਮਸਲਾ ਕੇਵਲ ਕਿਸਾਨਾਂ ਤਕ ਮਹਿਦੂਦ ਨਹੀਂ ਇਹ ਹਰ ਉਸ ਭਾਰਤ-ਵਾਸੀ ਦਾ ਮਸਲਾ ਹੈ ਜੋ ਮਿਹਨਤ ਕਰ ਕੇ ਆਪਣੇ ਪਰਵਾਰ ਦਾ ਪੇਟ ਪਾਲਦਾ ਹੈ। ਇਹ ਕਿਸਾਨਾਂ ਦਾ ਨਿੱਜ-ਸਵਾਰਥੀ ਅੰਦੋਲਨ ਨਹੀਂ ਬਲਕਿ ਇਹ ਤਾਂ ਦੇਸ਼-ਵਾਸੀਆਂ ਲਈ ਪਰਉਪਕਾਰੀ ਅੰਦੋਲਨ ਹੈ। ਇਸੇ ਲਈ ਦੇਸ਼ ਦੇ ਹਰ ਵਰਗ ਵੱਲੋਂ ਇਸ ਅੰਦੋਲਨ ਨੂੰ ਹਮਾਇਤ ਮਿਲੀ ਹੈ। ਭਾਰਤੀ ਲੋਕ ਭਗਤ ਕਬੀਰ ਜੀ ਦੇ ਬਚਨ **"ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ"** ਵਾਲੀ ਸਿਖੌਤ ਨੂੰ ਸਮਝ ਚੁੱਕੇ ਹਨ। ਭਾਰਤ ਸਰਕਾਰ ਜਿਸ ਤਰ੍ਹਾਂ ਹਵਾਈ ਜਹਾਜ਼, ਰੇਲਾਂ, ਸੜਕਾਂ, ਸਿੱਖਿਆ ਪ੍ਰਬੰਧ ਅਤੇ ਦੇਸ਼ ਦੀ ਸੁਰੱਖਿਆ ਦਾ ਪ੍ਰਬੰਧ ਤਕ ਆਪਣੇ ਚਹੇਤੇ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਜਾ ਰਹੀ ਹੈ, ਇਸ ਦੇ ਮਾਰੂ ਪ੍ਰਭਾਵ ਤੋਂ ਕੋਈ ਵੀ ਵਰਗ ਅਛੂਤਾ ਨਹੀਂ ਬਚੇਗਾ। ਸਰਕਾਰ ਦਾ ਇਹ ਵਰਤਾਰਾ ਦੇਸ਼ ਅੰਦਰ ਆਰਥਿਕ ਮੰਦਹਾਲੀ ਅਤੇ ਬੇਰੁਜ਼ਗਾਰੀ ਪੈਦਾ ਕਰੇਗਾ। ਸਾਰਾ ਦੇਸ਼ ਹੀ ਵੱਡੇ ਕਾਰਪੋਰੇਟ ਘਰਾਣਿਆਂ ਦੇ ਹੱਥ ਵੇਚ ਦਿੱਤਾ ਗਿਆ ਤਾਂ ਆਉਣ ਵਾਲਾ ਸਮਾਂ ਦੇਸ਼-ਵਾਸੀਆਂ ਲਈ ਬਹੁਤ ਭਿਆਨਕ ਹੋਵੇਗਾ। ਸਰਕਾਰੀ ਨੌਕਰੀਆਂ ਖ਼ਤਮ ਹੋ ਜਾਣਗੀਆਂ। ਪ੍ਰਾਈਵੇਟ ਕੰਪਨੀਆਂ ਆਪਣੀ ਮਨਮਰਜ਼ੀ ਦੀ ਤਨਖਾਹ ਦੇਣਗੀਆਂ। ਜਦੋਂ ਜੀਅ ਕਰੇ ਨੌਕਰੀ ਵਿਚ ਰੱਖਣ ਤੇ ਕੱਢ ਦੇਣ, ਕੋਈ ਅਪੀਲ-ਦਲੀਲ ਨਹੀਂ ਸੁਣੇਗਾ। ਤਿੰਨ-ਤਿੰਨ ਲੱਖ ਦੇ ਕੱਪਾਂ ਵਿਚ ਚਾਹ ਪੀਣ ਵਾਲੇ ਕਾਰਪੋਰੇਟ ਘਰਾਣੇ ਤਾਂ ਹੋਰ ਅਮੀਰ ਹੋ ਜਾਣਗੇ ਪਰ ਦੇਸ਼-ਵਾਸੀਆਂ ਨੂੰ ਚਾਹ ਪੀਣ ਲਈ ਠੂਠਾ ਵੀ ਨਸੀਬ ਨਹੀਂ ਹੋਵੇਗਾ। ਮਹਿੰਗਾਈ ਕਾਰਨ ਲੋਕ ਰੋਟੀ ਖਾਣ ਤੋਂ ਵੀ ਆਤਰ

ਹੋ ਜਾਣਗੇ। ਇਸ ਲਈ ਹੁਣ ਸਾਰੇ ਭਾਰਤ-ਵਾਸੀਆਂ ਨੂੰ ਇੱਕ ਮੁੱਠ ਹੋ ਕੇ ਸੰਘਰਸ਼ ਦਾ ਅਤੇ ਦੇਸ਼ ਅੰਦਰ ਵੱਡੀ ਕ੍ਰਾਂਤੀ ਲਿਆਉਣ ਦਾ ਸਮਾਂ ਆ ਚੁੱਕਾ ਹੈ।

ਇਸ ਕਿਸਾਨੀ ਅੰਦੋਲਨ ਦਾ ਪੰਜਾਬ ਵਿੱਚੋਂ ਸ਼ੁਰੂ ਹੋਣਾ ਪ੍ਰੋ. ਪੂਰਨ ਸਿੰਘ ਦੇ ਬੋਲਾਂ "ਪੰਜਾਬ ਜਿਉਂਦਾ ਗੁਰਾਂ ਦੇ ਨਾਂ 'ਤੇ" ਨੂੰ ਸਾਖਿਆਤ ਕਰ ਗਿਆ ਹੈ। ਇਸ ਅੰਦੋਲਨ ਨੇ ਸਾਬਤ ਕਰ ਦਿੱਤਾ ਹੈ ਕਿ ਗੁਰੂ ਸਾਹਿਬਾਨ ਦੁਆਰਾ ਜਬਰ, ਜ਼ੁਲਮ, ਅਨਿਆਂ, ਧੱਕੇਸ਼ਾਹੀ ਵਿਰੁੱਧ ਹੱਕ, ਸੱਚ ਤੇ ਨਿਆਂ ਲਈ ਲੜਦਿਆਂ ਹਰ ਕੁਰਬਾਨੀ ਕਰਨ ਵਾਲੀ ਸਿਖਾਈ ਜੀਵਨ-ਜਾਚ ਨੂੰ ਗੁਰੂ ਦੇ ਸਿੱਖ ਭੁੱਲੇ ਨਹੀਂ। ਦਸੰਬਰ ਦਾ ਮਹੀਨਾ ਵੀ ਉਹੀ ਮਹੀਨਾ ਹੈ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਲਾਲਾਂ ਨੇ ਜਬਰ-ਜ਼ੁਲਮ ਵਿਰੁੱਧ ਮਾਤਾ ਗੁਜਰੀ ਜੀ ਅਤੇ ਬੇਅੰਤ ਸਿੰਘਾਂ ਸਮੇਤ ਸ਼ਹੀਦੀਆਂ ਪ੍ਰਾਪਤ ਕੀਤੀਆਂ ਸਨ। ਅੱਜ ਇਤਿਹਾਸ ਨੇ ਆਪਣੇ ਆਪ ਨੂੰ ਇੰਝ ਦੁਹਰਾਇਆ ਹੈ ਮਾਨੋ ਮੁਗ਼ਲੀਆ ਸਲਤਨਤ ਮੁਜ਼ਾਰੇਦਾਰੀ ਪ੍ਰਬੰਧ ਲਾਗੂ ਕਰ ਕੇ ਕਿਸਾਨਾਂ ਕੋਲੋਂ ਵਾਹੀ ਦੇ ਹੱਕ ਖੋਹ ਰਹੀ ਹੈ ਅਤੇ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਦੇ ਕਿਸਾਨਾਂ ਦੇ ਰੂਪ ਵਿਚ ਦੇਸ਼ ਭਰ ਦੇ ਕਿਸਾਨਾਂ ਦੀ ਅਗਵਾਈ ਕਰ ਕੇ ਕਿਸਾਨੀ ਹਿੱਤਾਂ ਦੀ ਰਾਖੀ ਕਰ ਰਹੇ ਹਨ। ਬਹੁਤ ਸਾਰੇ ਕਿਸਾਨ ਭਰਾ ਇਸ ਕਿਸਾਨੀ ਅੰਦੋਲਨ ਦੀ ਭੇਟ ਚੜ੍ਹ ਚੁੱਕੇ ਹਨ। ਕਕਰੀਲੀਆਂ ਰਾਤਾਂ ਅਤੇ ਹੱਡ-ਚੀਰਵੀਂ ਠੰਡ ਵਿਚ ਜਦੋਂ ਬੱਚੇ, ਬਜ਼ੁਰਗ, ਮਾਤਾਵਾਂ-ਭੈਣਾਂ ਆਪਣੇ ਹੱਕਾਂ ਲਈ ਦਿੱਲੀ ਦੀਆਂ ਸੜਕਾਂ ਉੱਪਰ ਉੱਤਰੇ ਹੋਏ ਹਨ ਤਾਂ ਇਸ ਮੌਕੇ ਦੇਸ਼-ਵਿਦੇਸ਼ ਦੀਆਂ ਸਮਾਜ-ਸੇਵੀ ਸੰਸਥਾਵਾਂ ਕਿਸਾਨਾਂ ਦੀ ਮਦਦ ਲਈ ਅੱਗੇ ਆਈਆਂ ਹਨ। ਬੀਬੀ ਜਗੀਰ ਕੌਰ, ਮਾਣਯੋਗ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਜਿੱਥੇ ਧਰਨੇ 'ਤੇ ਬੈਠੀ ਸੰਗਤ ਲਈ ਲੰਗਰ ਅਤੇ ਦਵਾਈਆਂ ਦੇ ਵਿਸ਼ੇਸ਼ ਪ੍ਰਬੰਧ ਕਰਵਾਏ ਹਨ, ਉੱਥੇ ਬੀਬੀਆਂ ਦੀ ਮੁਸ਼ਕਿਲ ਨੂੰ ਮਹਿਸੂਸ ਕਰਦਿਆਂ ਆਰਜੀ ਪਖਾਨਿਆਂ ਦਾ ਵਿਸ਼ੇਸ਼ ਪ੍ਰਬੰਧ ਕਰਵਾਇਆ ਹੈ।

ਇਸ ਕਿਸਾਨੀ ਅੰਦੋਲਨ ਨੇ ਪੰਜਾਬ ਨੂੰ ਨਸ਼ੇੜੀ ਦੱਸਣ ਵਾਲੇ ਵਿਕਾਊ ਮੀਡੀਆ ਅਤੇ ਫ਼ਿਲਮ ਨਗਰੀ ਦੇ ਮੂੰਹ ਉੱਪਰ ਕਰਾਰੀ ਚਪੇੜ ਮਾਰੀ ਹੈ। ਪੰਜਾਬੀਆਂ ਦੇ ਕਿਰਸਾਨੀ ਨਾਲ ਜੁੜੇ ਰਹਿਣ ਦੇ ਮੋਹ, ਅਣਖੀ ਸੁਭਾਅ ਆਪਣੇ ਹੱਕਾਂ ਲਈ ਜੂਝਣ ਦੇ ਜਜ਼ਬੇ ਅਤੇ ਇਨਸਾਫ਼ ਦੀ ਲੜਾਈ ਨੂੰ ਭਾਰਤੀ ਮੀਡੀਆ ਦੁਆਰਾ ਫਿਰਕੂ ਰੰਗਤ ਦੇ ਕੇ ਬਦਨਾਮ ਕਰਨਾ ਅਤਿ ਨਿੰਦਣਯੋਗ ਹੈ।

ਸਰਕਾਰ ਦੇ ਇਨ੍ਹਾਂ ਕਾਲੇ ਕਾਨੂੰਨਾਂ ਰਾਹੀਂ ਪਰਜਾ-ਮਾਰੂ ਨੀਤੀ ਨੂੰ ਵੇਖ ਕੇ ਗਿਆਨੀ ਸੋਹਣ ਸਿੰਘ ਸੀਤਲ ਦੀਆਂ ਲਿਖੀਆਂ ਸਤਰਾਂ ਯਾਦ ਆ ਜਾਦੀਆਂ ਹਨ :

**ਹਾਕਮ ਥਾਪੇ ਗਏ ਸੀ ਪਰਜਾ ਪਾਲਣ ਵਾਸਤੇ,**
**ਪਰਜਾ ਖਾਣ ਦੀ ਨੀਤੀ ਬਣ ਗਈ ਹੈ ਸਰਕਾਰ ਦੀ।**

ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਜਿਨ੍ਹਾਂ ਨੇ ਦੇਸ਼ ਦੀ ਪਰਜਾ ਅਤੇ ਲੋਕਤੰਤਰ ਦੇ ਰਖਵਾਲੇ ਬਣਨਾ ਸੀ ਉਹ ਚੰਦ ਕੁ ਕਾਰਪੋਰੇਟ ਘਰਾਣਿਆਂ ਦੀ ਖਾਤਰ ਦੇਸ਼ ਦੀ ਜਨਤਾ ਲਈ **ਰਤੁ ਪੀਣੇ ਰਾਜੇ** ਕਿਉਂ ਬਣ ਗਏ ਹਨ? ਇਹ ਸਾਰਾ ਦੇਸ਼ ਨਿੱਜੀ ਕੰਪਨੀਆਂ ਨੂੰ ਠੇਕੇ

ਉੱਪਰ ਦੇ ਕੇ ਆਖਿਰ ਦੇਸ਼ ਦੀ ਹੋਰ ਕਿਹੜੀ ਸੇਵਾ ਕਰਨੀ ਚਾਹੁੰਦੇ ਹਨ? ਜਿਸ ਵਾੜ ਨੇ ਦੇਸ਼ ਰੂਪੀ ਖੇਤ ਦੀ ਰਾਖੀ ਕਰਨੀ ਸੀ, ਉਹ ਹਕੂਮਤ ਰੂਪੀ ਵਾੜ ਦੇਸ਼ ਨੂੰ ਉਜਾੜਨ 'ਤੇ ਕਿਉਂ ਤੁਲੀ ਹੋਈ ਹੈ? ਇਹ ਦੇਸ਼ ਦੇ ਲੋਕਤੰਤਰ ਲਈ ਖ਼ਤਰਾ ਕਿਉਂ ਬਣ ਰਹੇ ਹਨ? ਇਨ੍ਹਾਂ ਨੂੰ ਸ਼ਾਂਤ ਅਤੇ ਖੁਸ਼ਹਾਲ ਵੱਸਦੇ ਲੋਕ ਪਸੰਦ ਕਿਉਂ ਨਹੀਂ ਹਨ। ਇਹ ਧਰਮ ਦੇ ਨਾਮ 'ਤੇ ਪਰਜਾ ਵਿਚ ਵੰਡੀਆਂ ਕਿਉਂ ਪਾਉਂਦੇ ਹਨ? ਇਹ ਦੇਸ਼ ਦੀ ਏਕਤਾ ਅਖੰਡਤਾ ਲਈ ਖ਼ਤਰਾ ਕਿਉਂ ਬਣ ਰਹੇ ਹਨ? ਕੀ ਦੇਸ਼ ਦਾ ਉਜਾੜਾ ਚਾਹੁਣ ਵਾਲਿਆਂ ਨੂੰ ਦੇਸ਼ ਨਾਲ ਕੋਈ ਹਿੱਤ ਨਹੀਂ? ਕੀ ਇਹ ਦੇਸ਼ ਦੇ ਮੂਲ ਵਾਸੀ ਨਹੀਂ? ਇਹ ਕਿੱਥੋਂ ਆਏ ਹਨ? ਇਹ ਕੌਣ ਹਨ? ਇਨ੍ਹਾਂ ਦਾ ਪਿਛੋਕੜ ਕੀ ਹੈ? ਅਜਿਹੇ ਬਹੁਤ ਸਾਰੇ ਸਵਾਲ ਪੈਦਾ ਕਰ ਰਿਹਾ ਹੈ ਸਰਕਾਰ ਦਾ ਇਹ ਪਰਜਾ-ਮਾਰੂ ਵਰਤਾਰਾ।

ਹਜ਼ਾਰਾਂ ਸਾਲ ਪਹਿਲਾਂ ਸਿੰਧੂ ਘਾਟੀ ਦੇ ਆਸ-ਪਾਸ ਸੱਭਿਅਕ ਦਰਾਵਿੜ ਜਾਤੀ ਖੁਸ਼ਹਾਲ ਜੀਵਨ ਜੀਅ ਰਹੀ ਸੀ। ਲੱਗਭਗ ੨੦੦੦ ਈਸਾ ਪੂਰਵ ਵਿਚ ਇਕ ਬਹੁਤ ਹੀ ਅਸੱਭਿਅਕ, ਝਗੜਾਲੂ, ਈਰਖਾਲੂ ਅਤੇ ਖੂੰਖ਼ਾਰ ਵਿਦੇਸ਼ੀ ਆਰੀਅਨ ਜਾਤੀ ਨੇ ਇਸ ਦੇਸ਼ ਵਿਚ ਦਸਤਕ ਦਿੱਤੀ। ਇਸ ਆਰੀਅਨ ਜਾਤੀ ਦੇ ਮੱਧ ਏਸ਼ੀਆ ਵਿੱਚੋਂ ਉੱਜੜ ਕੇ ਭਾਰਤ ਆਉਣ ਦੇ ਕਿਆਸੇ ਗਏ ਕਾਰਨਾਂ ਵਿੱਚੋਂ ਇਕ ਕਾਰਨ ਇਹ ਵੀ ਮੰਨਿਆ ਜਾ ਸਕਦਾ ਹੈ ਕਿ ਇਨ੍ਹਾਂ ਦੀਆਂ ਅਣਮਨੁੱਖੀ ਕਾਰਵਾਈਆਂ ਕਾਰਨ ਇਨ੍ਹਾਂ ਨੂੰ ਮੱਧ ਏਸ਼ੀਆ ਵਿੱਚੋਂ ਜ਼ਰੂਰ ਕੱਢਿਆ ਗਿਆ ਹੋਵੇਗਾ, ਕਿਉਂਕਿ ਇਹ ਜਾਤੀ ਸ਼ਾਂਤੀ ਅਤੇ ਖੁਸ਼ਹਾਲੀ ਦੀ ਦੁਸ਼ਮਣ ਸੀ। ਇਸ ਨੂੰ ਸ਼ਾਂਤ ਅਤੇ ਖੁਸ਼ਹਾਲ ਵੱਸਦੇ ਲੋਕ ਪਸੰਦ ਨਹੀਂ ਸਨ। ਇਨ੍ਹਾਂ ਨੇ ਸ਼ਾਂਤੀ ਪਸੰਦ ਖੁਸ਼ਹਾਲ ਜੀਵਨ ਜੀਅ ਰਹੇ ਦਰਾਵਿੜਾਂ ਉੱਪਰ ਅੰਤਾਂ ਦੇ ਅੱਤਿਆਚਾਰ ਕੀਤੇ। ਭਾਰਤ ਦੇ ਇਤਿਹਾਸ ਵਿਚ ਇਹ ਵੀ ਵੇਖਣ ਨੂੰ ਮਿਲਦਾ ਹੈ ਕਿ ਲੰਮੇ ਸਮੇਂ ਤੋਂ ਦੇਸ਼ ਅੰਦਰ ਇਕ ਵਿਸ਼ੇਸ਼ ਜਾਤੀ ਦੁਆਰਾ ਲੋਕਾਂ ਨੂੰ ਜਾਤ-ਪਾਤ ਵਿਚ ਵੰਡ ਕੇ ਫੈਲਾਈ ਗਈ ਨਫ਼ਰਤ ਅਤੇ ਵਿਤਕਰੇਬਾਜ਼ੀ ਨੇ ਦੇਸ਼-ਸਮਾਜ ਨੂੰ ਕਮਜ਼ੋਰ ਕੀਤਾ, ਜਿਸ ਕਾਰਨ ਹਜ਼ਾਰਾਂ ਸਾਲ ਦੇਸ਼ ਵਿਦੇਸ਼ੀਆਂ ਦਾ ਗ਼ੁਲਾਮ ਰਿਹਾ। ਹੈਰਾਨੀ ਇਸ ਗੱਲ ਦੀ ਕਿ ਚਾਹੇ ਮੁਗ਼ਲਾਂ ਤੋਂ ਅਜ਼ਾਦੀ ਲਈ ਸੰਘਰਸ਼ ਲੜਿਆ ਗਿਆ, ਚਾਹੇ ਅੰਗਰੇਜ਼ਾਂ ਤੋਂ ਅਜ਼ਾਦੀ ਲਈ, ਪਰ ਇਸ ਪਰਜਾਤੀ ਨੇ ਤਾਂ ਕਦੇ ਆਪਣੀ ਉਂਗਲ-ਚੀਚੀ ਤਕ ਨਹੀਂ ਵਢਾਈ। ਇਹ ਸਾਰੀ ਵਾਰਤਾ ਬਹੁਤ ਸਾਰੇ ਸਵਾਲਾਂ ਦੇ ਜਵਾਬ ਦੇ ਦੇਵੇਗੀ। ਅੱਜ ਸ਼ਾਂਤੀ ਨਾਲ ਖੁਸ਼ਹਾਲ ਜੀਵਨ ਜੀਅ ਰਹੇ ਪੰਜਾਬੀਆਂ ਦਾ ਉਜਾੜਾ ਚਾਹੁਣ ਵਾਲੀਆਂ ਧਿਰਾਂ ਦਾ ਪਿਛੋਕੜ ਭਾਰਤ ਦੇ ਪ੍ਰਾਚੀਨ ਇਤਿਹਾਸ ਵਿੱਚੋਂ ਤਲਾਸ਼ਿਆ ਜਾ ਸਕਦਾ ਹੈ।

ਪੰਜਾਬ ਵਿਚ ਸ਼ੁਰੂ ਹੋਈ ਇਹ ਕ੍ਰਾਂਤੀ ਦੀ ਲਹਿਰ ਅਜੇ ਤਾਂ ਕਿਰਸਾਨੀ ਤਕ ਹੀ ਸੀਮਿਤ ਹੈ ਪਰ ਆਉਣ ਵਾਲੇ ਸਮੇਂ ਵਿਚ ਦੇਸ਼ ਨੂੰ ਬਚਾਉਣ ਲਈ ਲੋਕਤੰਤਰ ਦੀ ਰਾਖੀ ਦੀ ਲੜਾਈ, ਧਰਮ ਨਿਰਪੱਖਤਾ ਦੀ ਲੜਾਈ, ਸੰਘੀ ਢਾਂਚੇ ਨੂੰ ਬਰਕਰਾਰ ਰੱਖਣ ਅਤੇ ਰਾਜਾਂ ਦੇ ਅਧਿਕਾਰਾਂ ਦੀ ਲੜਾਈ ਅਤੇ ਸਭ ਤੋਂ ਅਹਿਮ ਈ. ਵੀ. ਐਮ. ਪ੍ਰਣਾਲੀ ਵਿਰੁੱਧ ਲੜਾਈ ਲੜਨੀ ਅਜੇ ਬਾਕੀ ਹੈ। ■

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ

*-ਸ. ਰਣਜੀਤ ਸਿੰਘ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਸ ਸਮੇਂ ਹੋਇਆ ਜਦੋਂ ਸਮੁੱਚੇ ਭਾਰਤ ਵਿਚ ਇਸਲਾਮੀ ਰਾਜ ਐਨ ਸਿਖ਼ਰ 'ਤੇ ਸੀ। ਜੀਓ ਅਤੇ ਜੀਉਣ ਦਿਓ ਦੇ ਆਦਰਸ਼ ਤੋਂ ਡਿੱਗ ਕੇ ਧੱਕੇਸ਼ਾਹੀ ਅਤੇ ਜ਼ੁਲਮ ਨਾਲ ਰਾਜ ਚੱਲ ਰਿਹਾ ਸੀ। ਸ਼ਾਹੀ ਕਰਮਚਾਰੀਆਂ ਵੱਲੋਂ ਪਹਿਲਾਂ ਵੀ ਬਥੇਰੀਆਂ ਮਨ-ਆਈਆਂ ਅਤੇ ਬੇਨਿਆਈਆਂ ਪਰਜਾ ਨਾਲ ਕੀਤੀਆਂ ਜਾ ਰਹੀਆਂ ਸਨ, ਪਰ ਹੁਣ ਸਿੱਧਾ ਬਾਦਸ਼ਾਹ ਵੱਲੋਂ ਤਲਵਾਰ ਦੇ ਜ਼ੋਰ ਨਾਲ ਇਸਲਾਮ ਫ਼ੈਲਾਉਣ ਅਤੇ ਹਿੰਦੂਆਂ ਦਾ ਖੁਰਾ ਖੋਜ ਮਿਟਾਉਣ ਦਾ ਬੀੜਾ ਚੁੱਕਿਆ ਹੋਇਆ ਸੀ। ਕੇਵਲ ਹਿੰਦੂਆਂ ਦਾ ਹੀ ਨਹੀਂ, ਸਗੋਂ ਸ਼ੀਆ ਮੁਸਲਮਾਨ ਵੀ ਜਿਹੜੇ ਔਰੰਗਜ਼ੇਬ ਦੇ ਮਜ਼ਹਬ ਸੁੰਨੀ ਇਸਲਾਮ ਦੇ ਵਿਰੋਧੀ ਸਨ, ਹਿੰਦੂਆਂ ਵਾਂਗ ਕਤਲ ਕੀਤੇ ਜਾਂਦੇ ਸਨ। ਹਿੰਦੂ ਮਾਪਿਆਂ ਪਾਸੋਂ ਉਨ੍ਹਾਂ ਦੀਆਂ ਕੁਆਰੀਆਂ ਲੜਕੀਆਂ, ਭਰਾਵਾਂ ਪਾਸੋਂ ਉਨ੍ਹਾਂ ਦੀਆਂ ਜਵਾਨ ਭੈਣਾਂ ਤੇ ਮਰਦਾਂ ਪਾਸੋਂ ਉਨ੍ਹਾਂ ਦੀਆਂ ਪਤੀਬ੍ਰਤ ਪਤਨੀਆਂ ਧੱਕੇਸ਼ਾਹੀ ਨਾਲ ਖੋਹੀਆਂ ਜਾਂਦੀਆਂ ਸਨ। ਇਨ੍ਹਾਂ ਅੱਤਿਆਚਾਰਾਂ ਕਾਰਨ ਹਿੰਦੂ ਸਮਾਜ ਜੋ ਪਹਿਲਾਂ ਹੀ ਗ਼ੁਲਾਮੀ ਕਾਰਨ ਕਾਇਰ ਹੋ ਚੁੱਕਾ ਸੀ, ਹੋਰ ਡਰਾਕਲ ਬਣ ਗਿਆ। ਹੁਣ ਕਿਸੇ ਛੋਟੇ-ਮੋਟੇ ਯੋਧੇ ਦਾ ਕੰਮ ਨਹੀਂ ਸੀ ਕਿ ਅਜਿਹੇ ਕੱਟੜ ਅਤੇ ਭਿਆਨਕ ਰਾਜ ਦੇ ਵਿਰੁੱਧ ਕੁਝ ਬੋਲ ਸਕੇ।

ਦੂਜੇ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲ ਵੇਖੋ। ਉਮਰ ਕੇਵਲ ਨੌਂ-ਦਸ ਸਾਲ ਦੀ, ਨਾ ਕੋਈ ਨਾਲ ਸਲਾਹਕਾਰ, ਨਾ ਕੋਈ ਸੰਬੰਧੀ ਮਦਦਗਾਰ, ਨਾ ਕੋਈ ਫੌਜ ਜਾਂ ਲਸ਼ਕਰ, ਨਾ ਉਸ ਸਮੇਂ ਕੋਈ ਕਿਲ੍ਹਾ ਜਾਂ ਰਿਆਸਤ। ਟਾਕਰੇ ਲਈ ਇੱਕ ਪਾਸੇ ਦੇਸ਼ ਦੀ ਵੱਡੀ ਤਾਕਤ ਦਾ ਮਾਲਕ ਔਰੰਗਜ਼ੇਬ ਅਤੇ ਦੂਜੇ ਪਾਸੇ ਅਕਿਰਤਘਣ ਪਹਾੜੀ ਰਾਜੇ ਗੋਂਦਾਂ ਗੁੰਦ ਰਹੇ ਸਨ। ਤੀਜੇ ਪਾਸੇ ਘਰ ਦੇ ਭੇਤੀ ਬਾਬਾ ਧੀਰ ਮੱਲ ਤੇ ਰਾਮ ਰਾਏ ਦੁਸ਼ਮਣਾਂ ਨੂੰ ਕਨਸੋਆਂ ਦੇ ਰਹੇ ਸਨ ਅਤੇ ਚੌਥੇ ਨਿਘਰੇ ਹੋਏ ਤੇ ਡਰਾਕਲ ਲੋਕ ਸਗੋਂ ਰਾਹ ਵਿਚ ਰੋੜਾ ਬਣ ਰਹੇ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਗੱਲ ਸਮਝ ਲਈ ਸੀ ਕਿ ਇਨ੍ਹਾਂ ਡਰਾਕਲ ਤੇ ਕਾਇਰ ਲੋਕਾਂ ਵਿੱਚੋਂ ਹੀ ਯੋਧੇ ਤੇ ਸੂਰਬੀਰ ਪੈਦਾ ਹੋਣੇ ਹਨ। ਬਹਾਦਰ ਸੂਰਮੇ ਕਿਤੇ ਬਾਹਰੋਂ ਪੈਦਾ ਨਹੀਂ ਹੋਣੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਗਿੱਦੜਾਂ ਨੂੰ ਹੀ ਸ਼ੇਰ ਬਣਾਇਆ। ਉਹ ਲੋਕ ਜੋ ਬਿਲਕੁਲ ਨਕਾਰੇ ਹੋ ਚੁੱਕੇ ਸਨ, ਉਨ੍ਹਾਂ ਵਿਚ ਅੰਮ੍ਰਿਤ ਦੀ ਸ਼ਕਤੀ ਭਰ ਕੇ ਵੱਡੇ-ਵੱਡੇ ਜਰਨੈਲਾਂ ਦੇ ਮੁਕਾਬਲੇ 'ਤੇ ਖੜ੍ਹੇ ਕਰ ਦਿੱਤੇ। ਚਮਕੌਰ ਦੀ

*#੧੦੫, ਮਾਇਆ ਨਗਰ, ਸਿਵਲ ਲਾਈਨਜ਼, ਲੁਧਿਆਣਾ। ਮੋ: +੯੧੯੯੧੫੫-੧੫੪੩੬

ਨਿੱਕੀ ਜਿਹੀ ਹਵੇਲੀ ਵਿਚ ਸਿਰਫ ੪੦ ਸਿੰਘਾਂ ਨੇ ਵੱਡੀ ਗਿਣਤੀ ਦੀ ਫੌਜ ਦਾ ਮੁਕਾਬਲਾ ਕੀਤਾ।

ਇਸੇ ਲਈ ਪ੍ਰਸਿੱਧ ਇਤਿਹਾਸਕਾਰ ਕਨਿੰਘਮ ਲਿਖਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਸਮਝਣ ਲਈ ਸਾਨੂੰ ਇੱਕ ਤੇਜ਼ ਰਫ਼ਤਾਰ ਸੋਚ ਰੂਪੀ ਘੋੜੇ 'ਤੇ ਸਵਾਰ ਹੋਣਾ ਪਵੇਗਾ। ੪੨ ਸਾਲ ਤੋਂ ਵੀ ਘੱਟ ਉਮਰ ਵਿਚ ਜੋ ਬਖ਼ਸ਼ਿਸ਼ਾਂ ਕਰਤਵ ਤੇ ਜੀਵਨ ਕਾਰਨਾਮੇ ਗੁਰੂ ਸਾਹਿਬ ਨੇ ਕੀਤੇ, ਉਨ੍ਹਾਂ ਦਾ ਜਾਇਜ਼ਾ ਲੈਣਾ ਵੀ ਕਠਿਨ ਹੈ। ਏਨੀ ਛੋਟੀ ਉਮਰ ਵਿਚ ਏਨੇ ਮਹਾਨ ਕਾਰਨਾਮੇ ਕਰ ਜਾਣਾ ਇੱਕ ਕਰਾਮਾਤ ਤੋਂ ਘੱਟ ਨਹੀਂ। ਆਪ ਜੀ ਦਾ ਸਾਰਾ ਜੀਵਨ ਇਕ ਜੱਦੋ-ਜਹਿਦ ਦਾ ਜੀਵਨ ਸੀ। ਗੁਰੂ ਸਾਹਿਬ ਦੇ ਅਨਿਨ ਸੇਵਕ ਭਾਈ ਨੰਦ ਲਾਲ (ਸਿੰਘ) ਜੀ ਆਪਣੀ ਰਚਨਾ 'ਗੰਜਨਾਮਾ' ਵਿਚ ਗੁਰੂ ਸਾਹਿਬ ਦੀ ਸ਼ਖ਼ਸੀਅਤ ਬਾਰੇ ਲਿਖਦੇ ਹਨ ਕਿ ਗੁਰੂ ਸਾਹਿਬ ਦੀ ਸ਼ਖ਼ਸੀਅਤ ਸੱਚ ਨੂੰ ਰੋਸ਼ਨ ਕਰਨ ਵਾਲੀਆਂ ਨੌਂ ਮਸ਼ਾਲਾਂ ਦਾ ਨਜ਼ਾਰਾ ਦਰਸਾਉਣ ਵਾਲੀ ਅਤੇ ਝੂਠ ਤੇ ਕੁਸੱਤ ਦੀ ਰਾਤ ਦੇ ਹਨੇਰੇ ਨੂੰ ਨਾਸ਼ ਕਰਨ ਵਾਲੀ ਹੈ। ਗੁਰੂ ਸਾਹਿਬ ਦੀ ਸਿੱਖਿਆ ਤੇ ਆਗਿਆ ਦਾ ਨਗਾਰਾ ਨੌਂ ਜਹਾਨਾਂ ਵਿਚ ਵੱਜ ਰਿਹਾ ਹੈ। ਉਨ੍ਹਾਂ ਦੇ ਬੋਲ ਐਸੇ ਮਿੱਠੇ ਸਨ ਕਿ ਮੁਰਦਿਆਂ ਵਿਚ ਵੀ ਜਾਨ ਪਾ ਦਿੰਦੇ ਸਨ। ਉਹ ਬੇਹੋਸ਼ੀ ਵਾਲੀ ਨਹੀਂ, ਹੋਸ਼ਾਂ ਵਾਲੀ ਮਸਤੀ ਦਿੰਦੇ ਸਨ। ਗੁਰੂ ਪਾਤਸ਼ਾਹ ਦੇ ਪ੍ਰਸਿੱਧ ਦਰਬਾਰੀ ਕਵੀ ਹੰਸ ਰਾਮ ਜੀ ਨੇ ਆਪ ਨੂੰ 'ਪਰਮਉਦਾਰ ਪਰ-ਪੀਰ ਕੋ ਹਰਨਹਾਰ' ਕਰਕੇ ਲਿਖਿਆ ਹੈ। ਉਸ ਦਾ ਕਹਿਣਾ ਹੈ ਕਿ ਜਿਹੜੇ ਲੋਕ ਰਾਜਿਆਂ ਦੇ ਦਰਬਾਰ ਵਿਚ ਜਾਣ ਲਈ ਮਹੀਨਿਆਂ ਬੱਧੀ ਤਰਸਦੇ ਰਹਿੰਦੇ ਸਨ, ਉਹੀ ਲੋਕ ਗੁਰੂ-ਦਰਬਾਰ ਵਿਚ ਦਰਬਾਨ ਬਣੇ ਵੇਖੇ ਜਾ ਸਕਦੇ ਸਨ।

ਲਾਹੌਰ ਦਾ ਰਹਿਣ ਵਾਲਾ ਕਵੀ ਅੰਮ੍ਰਿਤ ਰਾਏ ਜੋ ਆਪ ਜੀ ਦਾ ਸਮਕਾਲੀ ਹੋਇਆ ਹੈ। ਆਪ ਜੀ ਦੀ ਸ਼ਖ਼ਸੀਅਤ ਦਾ ਵਰਣਨ ਕਰਦੇ ਹੋਏ ਲਿਖਦਾ ਹੈ ਕਿ ਸਾਰੇ ਦੇ ਸਾਰੇ ਨੌਂ ਰਸ ਆਪ ਦੀ ਸ਼ਖ਼ਸੀਅਤ ਵਿੱਚੋਂ ਡੁੱਲ੍ਹ-ਡੁੱਲ੍ਹ ਪੈਂਦੇ ਸਨ। ਆਪ ਜੀ ਦੀ ਬਹਾਦਰੀ ਦਾ ਵਰਣਨ ਕਰਦੇ ਹੋਏ ਜਦੋਂ ਉਹ ਬੀਰ ਰਸ ਦੀ ਚਰਚਾ ਕਰਦਾ ਹੈ ਤਾਂ ਲਿਖਦਾ ਹੈ ਕਿ, "ਕਾਇਰਾਂ ਨੂੰ ਸ਼ੇਰ ਬਣਾ ਕੇ ਜੰਗ ਵਿਚ ਲੜਾ ਦੇਣਾ, ਹਲਵਾਈਆਂ ਤੇ ਉਦਾਸੀਆਂ ਕੋਲੋਂ ਸਮੇਂ ਦੇ ਵੱਡੇ-ਵੱਡੇ ਜਰਨੈਲ ਮਰਵਾ ਦੇਣਾ, ਆਪ ਜੀ ਦਾ ਹੀ ਕੰਮ ਸੀ।" ਪ੍ਰਸਿੱਧ ਕਵੀ ਹੀਰ ਆਪ ਜੀ ਦੀ ਤੀਰ-ਅੰਦਾਜ਼ੀ ਦੀ ਸਿਫ਼ਤ ਕਰਦਿਆਂ ਹੋਇਆਂ ਲਿਖਦਾ ਹੈ ਕਿ ਜਦੋਂ ਆਪ ਜੀ ਦਾ ਤੀਰ ਚੱਲ ਜਾਂਦਾ ਸੀ ਤਾਂ ਸੰਜੋਆਂ ਨੂੰ ਵਿੰਨ੍ਹ ਕੇ ਤੇ ਘੋੜਿਆਂ ਨੂੰ ਚੀਰ ਕੇ ਕਈਆਂ ਦੀਆਂ ਜਾਨਾਂ ਇਸ ਤਰ੍ਹਾਂ ਲੈ ਲੈਂਦਾ ਸੀ ਜਿਵੇਂ ਕੜਾਹੀ ਵਿਚ ਵੜੇ ਤਲਣ ਵਾਲਾ ਹਲਵਾਈ ਸੀਖ ਨਾਲ ਇੱਕੋ ਵਾਰ ਕਿੰਨੇ ਹੀ ਵੜੇ ਬਾਹਰ ਕੱਢ ਲੈਂਦਾ ਹੈ।

ਗੁਰੂ-ਘਰ ਦੀ ਜੋ ਰੀਤ 'ਸੰਤਾਂ ਮਾਨੋ ਦੂਤਾਂ ਡਾਨੋ' ਵਾਲੀ ਸੀ, ਆਪ ਨੇ ਤੋੜ ਅਪਣਾਈ, ਗੁਣੀਂ ਪੁਰਸ਼ਾਂ ਵਾਸਤੇ ਆਪ ਉਦਾਰ ਚਿੱਤ ਸਨ, ਪਰ ਜੇ ਕਿਸੇ ਨੇ ਤਲਵਾਰ

ਖਿੱਚੀ ਤਾਂ ਉਸ ਨੂੰ ਤੋੜੇਦਾਰ ਹੋ ਕੇ ਮਿਲਦੇ ਸਨ। ਗੁਰੂ ਸਾਹਿਬ ਨੇ ਜਿੰਨੀਆਂ ਵੀ ਜੰਗਾਂ ਕੀਤੀਆਂ, ਉਹ ਸਭ ਜ਼ੁਲਮ ਦਾ ਨਾਸ਼ ਕਰਨ ਵਾਸਤੇ ਅਤੇ ਦੁਖੀਆਂ ਦੇ ਸੁਖ ਲਈ ਹੀ ਸਨ। ਉਹ ਆਪਣੇ ਸਵਾਰਥ ਲਈ ਨਹੀਂ ਸਨ ਲੜਦੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਰੁਹਾਨੀ ਰਹਿਬਰ, ਮਜ਼ਲੂਮਾਂ ਦੇ ਰੱਖਿਅਕ, ਵਿਦਵਾਨ, ਨੀਤੀਵਾਨ, ਜਰਨੈਲ, ਸੰਤ-ਸਿਪਾਹੀ, ਪਰਉਪਕਾਰੀ, ਉਦਾਰਚਿੱਤ, ਤੀਰ-ਅੰਦਾਜ਼, ਘੋੜ-ਸਵਾਰ, ਸਹਿਣਸ਼ੀਲਤਾ, ਨਿਰਮਾਣਤਾ, ਸੰਸਾਰਕ ਪੀੜਾਂ ਹਰਨ ਵਾਲੇ, ਨਿਰਵੈਰ, ਨਿਡਰ, ਬਾਣੀਕਾਰ ਆਦਿ ਅਨੇਕਾਂ ਹੀ ਗੁਣ ਇੱਕੋ ਸਮੇਂ ਵੇਖੇ ਜਾ ਸਕਦੇ ਹਨ। ਆਪ ਜੀ ਦਾ ਸਾਰਾ ਜੀਵਨ ਮਨੁੱਖਤਾ ਦੇ ਭਲੇ ਲਈ ਕੀਤੇ ਸੰਘਰਸ਼ ਦਾ ਜੀਵਨ ਸੀ। ਜਿਸ ਵੀ ਮਹਾਨ ਕੰਮ ਨੂੰ ਆਪ ਨੇ ਹੱਥ ਪਾਇਆ ਉਸ ਨੂੰ ਪੂਰਨ ਸਫ਼ਲਤਾ ਨਾਲ ਸਿਰੇ ਚਾੜ੍ਹਿਆ। ਜ਼ੁਲਮ ਦਾ ਟਾਕਰਾ ਕਰਨ ਲਈ ਜੋ ਵਿਉਂਤਾਂ ਗੁਰੂ ਜੀ ਨੇ ਬਣਾਈਆਂ ਉਹ ਆਪ ਦੀ ਅਲੌਕਿਕ ਸਮਝ ਦਾ ਸਬੂਤ ਹਨ। ਆਪ ਨੇ ਲੋਕਾਂ ਨੂੰ ਐਸੀ ਚੜ੍ਹਦੀ ਕਲਾ ਬਖ਼ਸ਼ੀ ਕਿ ਮੌਤ ਤੋਂ ਡਰਨ ਵਾਲੇ ਲੋਕਾਂ ਵਿਚ ਮਰਨ ਦਾ ਚਾਅ ਭਰਿਆ ਗਿਆ। ਆਪ ਦੇ ਉਪਦੇਸ਼ਾਂ ਦਾ ਐਸਾ ਅਸਰ ਹੋਇਆ ਕਿ ਲਤਾੜੇ ਹੋਏ ਲੋਕ ਸੰਸਾਰ ਦੇ ਪ੍ਰਸਿੱਧ ਯੋਧੇ ਬਣੇ।

ਮੈਕਾਲਿਫ਼ ਲਿਖਦਾ ਹੈ ਕਿ ਗੁਰੂ ਸਾਹਿਬਾਨ ਤੋਂ ਪਹਿਲਾਂ ਸੰਸਾਰ ਦੇ ਕਿਸੇ ਵੀ ਜਰਨੈਲ ਨੂੰ ਉਨ੍ਹਾਂ ਲੋਕਾਂ ਨੂੰ ਜਥੇਬੰਦ ਕਰਨ ਦਾ ਖਿਆਲ ਤਕ ਨਹੀਂ ਸੀ ਆਇਆ ਜਿਨ੍ਹਾਂ ਨੂੰ ਦੁਰੇ ਦੁਰੇ ਕਹਿ ਕੇ ਦੁਰਕਾਰਿਆ ਜਾ ਰਿਹਾ ਸੀ। ਲਾਲਾ ਦੌਲਤ ਰਾਏ ਆਰੀਆ ਨੇ ਆਪਣੀ ਪੁਸਤਕ 'ਸਵਾਨ-ਏ-ਉਮਰੀ ਗੁਰੂ ਗੋਬਿੰਦ ਸਿੰਘ' ਵਿਚ ਲਿਖਿਆ ਹੈ ਕਿ ਜਿਨ੍ਹਾਂ ਸ਼ੂਦਰਾਂ ਦੀ ਕੋਈ ਵਾਤ ਨਹੀਂ ਸੀ ਪੁੱਛਦਾ ਅਤੇ ਜਿਨ੍ਹਾਂ ਨੂੰ ਦੁਰਕਾਰਦਿਆਂ ਤੇ ਫਿਟਕਾਰਦਿਆਂ ਵਾਰ ਨਹੀਂ ਸੀ ਆਉਂਦੀ, ਉਨ੍ਹਾਂ ਨੂੰ ਸੰਸਾਰ ਦੇ ਯੋਧਿਆਂ ਦੇ ਟਾਕਰੇ ਤੇ ਖੜ੍ਹਾ ਕਰਨਾ ਨਿਰੋਲ ਤੇ ਇੱਕ ਮਾਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਕੰਮ ਸੀ। ਜੋ ਲੋਕ ਪੀਸ ਕੇ ਮਿੱਟੀ ਵਿਚ ਰਲਾਏ ਜਾ ਰਹੇ ਸਨ ਤੇ ਜਿਨ੍ਹਾਂ ਨੂੰ ਹੀਣਿਆਂ ਵਾਂਗ ਰਹਿਣ 'ਤੇ ਮਜਬੂਰ ਕੀਤਾ ਜਾ ਰਿਹਾ ਸੀ, ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜਾ ਕਰ ਦਿੱਤਾ, ਛਾਤੀ ਨਾਲ ਲਾਇਆ। ਸ. ਰਤਨ ਸਿੰਘ (ਭੰਗੂ) ਇਸ ਬਾਬਤ ਲਿਖਦਾ ਹੈ :

*ਜਿਨ ਕੀ ਜਾਤ ਔਰ ਕੁਲ ਮਾਹੀਂ, ਸਰਦਾਰੀ ਨਹਿ ਭਈ ਕਿਦਾਹੀਂ।*
*ਇਨਹੀ ਕੋ ਸਰਦਾਰ ਬਣਾਊਂ, ਤਬੇ ਗੋਬਿੰਦ ਸਿੰਘ ਨਾਮ ਕਹਾਊਂ।*
*ਇਨ ਗਰੀਬ ਸਿਖਨ ਕੋ ਦੇਊਂ ਪਾਤਸ਼ਾਹੀ, ਯਾਦ ਕਰੇ ਹਮਰੀ ਗੁਰਿਆਈ।*

ਜਦੋਂ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੰਤ-ਸਿਪਾਹੀ ਦੇ ਰੂਪ ਵਿਚ ਵੇਖਦੇ ਹਾਂ ਤਾਂ ਹੈਰਾਨ ਹੁੰਦੇ ਹਾਂ ਕਿ ਰੂਹਾਨੀਅਤ ਨਾਲ ਭਰਪੂਰ ਗੁਰੂ ਜੀ ਜਦੋਂ ਤਲਵਾਰ ਦੀ ਮੁੱਠ ਨੂੰ ਹੱਥ ਪਾ ਲੈਂਦੇ ਹਨ ਤਾਂ ਜੁਲਮ ਨੂੰ ਜੜ੍ਹੋਂ ਉਖਾੜ ਕੇ ਰੱਖ ਦਿੰਦੇ ਹਨ। ਫਿਰ ਸੰਤ

ਸਿਪਾਹੀ ਵੀ ਐਸੇ ਹਨ ਜੋ *ਨਿਰਭਉ ਜਪੈ ਸਗਲ ਭਉ ਮਿਟੈ* ਦੇ ਗੁਰਮਤਿ ਸਿਧਾਂਤ ਉੱਤੇ ਪੂਰਨਾ ਪਾ ਕੇ ਵਿਖਾਉਣ ਵਾਲੇ ਹਨ।

ਜਦੋਂ ਔਰੰਗਜ਼ੇਬ ਨੇ ਕਈ ਤਰ੍ਹਾਂ ਦੇ ਹੁਕਮ ਜਾਰੀ ਕੀਤੇ ਕਿ ਕੋਈ ਰਾਗ ਨਹੀਂ ਗਾ ਸਕਦਾ, ਕੋਈ ਘੋੜ-ਸਵਾਰੀ ਨਹੀਂ ਕਰ ਸਕਦਾ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਔਰੰਗਜ਼ੇਬ ਚਾਹੁੰਦਾ ਹੈ ਕਿ ਲੋਕਾਂ ਵਿਚ ਅਧੀਨਗੀ ਭਰੀ ਜਾਵੇ, ਲੋਕੀਂ ਸਿਰ ਨਿਵਾ ਕੇ ਤੁਰਨ, ਪਰ ਮੈਂ ਅਜਿਹੇ ਸਰਦਾਰ ਪੈਦਾ ਕਰਾਂਗਾ ਜੋ ਸਦਾ ਹੀ ਆਪਣਾ ਸਿਰ ਉੱਚਾ ਚੁੱਕ ਕੇ ਤੁਰਨਗੇ। ਔਰੰਗਜ਼ੇਬ ਚਾਹੁੰਦਾ ਹੈ ਕਿ ਲੋਕ ਧਰਤੀ 'ਤੇ ਕੀੜਿਆਂ ਵਾਂਗ ਰਹਿਣ, ਪਰ ਮੈਂ ਉਨ੍ਹਾਂ ਨੂੰ ਸ਼ਾਹ-ਸਵਾਰ ਬਣਾਵਾਂਗਾ। ਔਰੰਗਜ਼ੇਬ ਚਾਹੁੰਦਾ ਹੈ ਕਿ ਮੰਦਰਾਂ ਵਿਚ ਸੰਖ ਵੱਜਣੇ ਬੰਦ ਹੋ ਜਾਣ, ਪਰ ਮੈਂ ਨਗਾਰੇ ਵਜਾਵਾਂਗਾ। ਇਹ ਸਭ ਕੁਝ ਇਸ ਲਈ ਸੀ ਕਿਉਂਕਿ ਬਚਪਨ ਵਿਚ ਗੁੜ੍ਹਤੀ ਹੀ ਕੁਝ ਐਸੀ ਮਿਲੀ ਸੀ।

ਗੁਰੂ ਸਾਹਿਬ ਵੱਲੋਂ 'ਰਣਜੀਤ ਨਗਾਰਾ' ਵਜਾਉਣਾ ਵਕਤ ਦੀ ਹਕੂਮਤ ਨਾਲ ਸਿੱਧੀ ਟੱਕਰ ਲੈਣਾ ਸੀ। ਜਦੋਂ ਵੀ ਗੁਰੂ ਸਾਹਿਬ ਸ਼ਿਕਾਰ 'ਤੇ ਜਾਂਦੇ ਜਾਂ ਵਾਪਸ ਆਉਂਦੇ ਤਾਂ ਨਗਾਰਾ ਵੱਜਦਾ ਹੁੰਦਾ ਸੀ। ਜਦੋਂ ਇਸ ਨਗਾਰੇ ਬਾਰੇ ਔਰੰਗਜ਼ੇਬ ਨੂੰ ਪਤਾ ਲੱਗਾ ਤਾਂ ਉਹ ਬਹੁਤ ਦੁਖੀ ਹੋਇਆ। ਉਹ ਔਰੰਗਜ਼ੇਬ ਜੋ ਆਪਣੇ ਪੁੱਤਰ ਦੇ ਨਗਾਰਾ ਵਜਾਉਣ 'ਤੇ ਦੁਖੀ ਹੋਇਆ ਸੀ, ਗੁਰੂ ਸਾਹਿਬ ਦੇ ਨਗਾਰਾ ਵਜਾਉਣ 'ਤੇ ਚੁੱਪ ਕਿਵੇਂ ਰਹਿ ਸਕਦਾ ਸੀ। ਜਦੋਂ ਖ਼ੁਫ਼ੀਆ ਤੰਤਰ ਨੇ ਔਰੰਗਜ਼ੇਬ ਨੂੰ ਕਾਬਲ ਤੋਂ ਲਿਖਿਆ ਕਿ ਸ਼ਾਹਿਜ਼ਾਦਾ ਮੁਅਜ਼ਮ ਨੇ ਨਵਾਬੀ ਸੰਭਾਲਣ ਵੇਲੇ ਚਾਰ ਨਗਾਰੇ ਵਜਾਏ ਸਨ ਤਾਂ ਉਸ ਨੇ ਆਪਣੇ ਪੁੱਤਰ ਨੂੰ ਹਦਾਇਤ ਕੀਤੀ ਸੀ ਕਿ ਤੈਨੂੰ ਦਰਬਾਰ ਵਿਚ ਦਾਖ਼ਲ ਹੋਣ ਸਮੇਂ ਕੇਵਲ ਚਾਰ ਢੋਲ ਹੀ ਵਜਾਉਣੇ ਚਾਹੀਦੇ ਸਨ। ਜਿਸ ਵੇਲੇ ਅੱਲ੍ਹਾ-ਤਾਲਾ ਤੈਨੂੰ ਤਖ਼ਤ ਨਸੀਬ ਕਰੇਗਾ ਤਾਂ ਰੱਜ ਕੇ ਨਗਾਰੇ ਵਜਾ ਲਵੀਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੱਕ ਅਜਿਹੇ ਰੂਹਾਨੀ ਰਹਿਬਰ ਸਨ ਜਿਨ੍ਹਾਂ ਨੇ ਖਾਲਸੇ ਦੀ ਨਾ ਕੇਵਲ ਨੁਹਾਰ ਹੀ ਬਦਲੀ ਸੀ, ਸਗੋਂ ਵਿਚਾਰ ਵੀ ਬਦਲ ਕੇ ਮਾਨਸਿਕ ਕ੍ਰਾਂਤੀ ਲਿਆਂਦੀ। ਖਾਲਸੇ ਨੂੰ ਇੱਕੋ ਸਰੂਪ, ਇੱਕੋ ਨਾਮ ਤੇ ਇੱਕੋ ਨਾਹਰਾ- "ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ॥" ਬਖ਼ਸ਼ੀ ਅਤੇ ਮੁਕਤੀ ਲਈ ਇੱਕੋ ਹੀ ਪੰਥ ਦੱਸਿਆ। ਜਾਤ-ਪਾਤ, ਊਚ-ਨੀਚ ਦੇ ਸਾਰੇ ਬੰਧਨ ਤੋੜ ਕੇ ਸਾਰਿਆਂ ਨੂੰ ਇੱਕੋ ਜਿਹੇ ਕਕਾਰ ਬਖ਼ਸ਼ ਕੇ ਇੱਕੋ ਹੀ ਨਿਸ਼ਾਨ ਥੱਲੇ ਇਕੱਤਰ ਕੀਤਾ। ਇਸ ਖਾਲਸੇ ਵਿਚ ਨਾ ਟੁੱਟਣ ਵਾਲੀ ਏਕਤਾ ਪੈਦਾ ਕੀਤੀ ਅਤੇ ਸਮੁੱਚੇ ਖਾਲਸਾ-ਪੰਥ ਨੂੰ ਇਕ ਲੜੀ ਵਿਚ ਪਰੋ ਦਿੱਤਾ। ਗੁਰੂ ਸਾਹਿਬ ਨੇ ਖਾਲਸਾ ਸਾਜ ਕੇ ਸਿੱਖਾਂ ਨੂੰ ਨਵੇਕਲੀ ਜੀਵਨ-ਜਾਚ ਸਿਖਾਈ ਜਿਸ ਦੀ ਨੀਂਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ ਅਤੇ ਵਿਵਹਾਰਕ ਜੀਵਨ-ਜਾਚ ਰਾਹੀਂ ਰੱਖੀ ਸੀ।

ਭਾਈ ਗੁਰਦਾਸ ਜੀ (ਦੂਜਾ) ਨੇ ਆਪਣੀ ਲਿਖੀ ਵਾਰ ਵਿਚ ਸ੍ਰੀ ਗੁਰੂ ਗੋਬਿੰਦ

ਸਿੰਘ ਜੀ ਨੂੰ 'ਪੁਰਖ ਭਗਵੰਤ' ਕਰ ਕੇ ਲਿਖਿਆ ਹੈ – ਜਿਸ ਦੇ ਅਰਥ ਹੀ ਇਹ ਹਨ ਕਿ ਆਪ ਕਿਸੇ ਇੱਕ ਪ੍ਰਾਂਤ ਜਾਂ ਦੇਸ਼ ਦੇ ਹੀ ਆਗੂ ਨਹੀਂ ਸਨ, ਸਗੋਂ ਉਹ ਸਾਰੇ ਵਿਸ਼ਵ ਨੂੰ ਅਗਵਾਈ ਦੇਣ ਵਾਲੇ ਸਨ। ਆਪ ਜੀ ਦੀਆਂ ਮਹਾਨ ਲਿਖਤਾਂ ਵਿਚ ਨਾ ਕਿਤੇ ਜਾਤੀਵਾਦ ਹੈ ਤੇ ਨਾ ਹੀ ਕਿਤੇ ਰਾਸ਼ਟਰਵਾਦ ਦੀ ਝਲਕ ਪੈਂਦੀ ਹੈ। ਜਦੋਂ ਅਸੀਂ 'ਜਾਪੁ ਸਾਹਿਬ' ਵਿਚ ਇਹ ਪੜ੍ਹਦੇ ਹਾਂ :

*ਕਿ ਸਰਬੱਤ ਭਾਨੈ॥ ਕਿ ਸਰਬੱਤ੍ਰ ਮਾਨੈ॥*
*ਕਿ ਸਰਬੱਤ੍ਰ ਇੰਦ੍ਰੈ॥ ਕਿ ਸਰਬੱਤ੍ਰ ਚੰਦ੍ਰੈ॥*

ਤਾਂ ਸਾਨੂੰ ਆਪ ਜੀ ਦੀ ਵਿਸ਼ਾਲ ਦ੍ਰਿਸ਼ਟੀ ਦੀ ਸੋਝੀ ਹੁੰਦੀ ਹੈ ਅਤੇ ਖਾਸ ਕਰਕੇ ਜਦੋਂ 'ਅਕਾਲ ਉਸਤਤ' ਵਿੱਚੋਂ ਉਹ ਸਵੱਯੇ ਪੜ੍ਹਦੇ ਹਾਂ ਜਿਨ੍ਹਾਂ ਵਿਚ ਦਸਮੇਸ਼ ਪਿਤਾ ਪੂਰਬ ਤੋਂ ਪੱਛਮ, ਉੱਤਰ ਤੋਂ ਦੱਖਣ ਸਭ ਪ੍ਰਾਂਤਾਂ ਤੇ ਦੇਸ਼ਾਂ ਦਾ ਜ਼ਿਕਰ ਕਰ ਕੇ ਸਾਰਿਆਂ ਉੱਪਰ ਵਾਹਿਗੁਰੂ ਦਾ ਸਾਇਆ ਅਨੁਭਵ ਕਰਦੇ ਹਨ ਤਾਂ ਉਨ੍ਹਾਂ ਦੀ ਵਿਸ਼ਾਲ ਦ੍ਰਿਸ਼ਟੀ ਪੰਜਾਬ ਤੋਂ ਅੱਗੇ ਲੰਘ ਕੇ ਦਿੱਲੀ, ਰਾਜਪੂਤਾਨਾ, ਮਹਾਂਰਾਸ਼ਟਰ, ਦੱਖਣ, ਬੰਗਲੌਰ, ਉੜੀਸਾ, ਬੰਗਾਲ, ਅਸਾਮ, ਭੂਟਾਨ, ਸਿੱਕਮ, ਨੇਪਾਲ ਤੇ ਫਿਰ ਹਿਮਾਲਾ ਵੱਲੋਂ ਲੰਘਦੀ ਹੋਈ ਚੀਨ, ਤਿੱਬਤ, ਈਰਾਨ, ਤੁਰਕੀ, ਫ਼ਰਾਂਸੀਸੀ, ਫਰੰਗੀ ਅਤੇ ਸਭ ਟਾਪੂਆਂ ਨੂੰ ਟੱਪ ਕੇ ਵਿਸ਼ਵ ਵਿਚ ਇੱਕ ਦਾ ਹੀ ਰਾਜ ਦੇਖਦੀ ਹੈ। ਆਪ ਇੱਕ ਸਵੱਯੇ ਵਿਚ ਫੁਰਮਾਉਂਦੇ ਹਨ:

*ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ*
*ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੈ ਚਲਤ ਹੈਂ॥*
*ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ*
*ਬੀਰ ਬੰਗ ਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ॥*
*ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਜਾਵੇ*
*ਤਿੱਬਤੀ ਧਿਆਇ ਦੋਖ ਦੇਹ ਕੋ ਦਲਤ ਹੈਂ॥*
*ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ*
*ਸਰਬ ਧਨ ਧਾਮ ਫਲ ਫੂਲ ਸੋਂ ਫਲਤ ਹੈਂ॥* *(ਅਕਾਲ ਉਸਤਤ)*

ਆਪ ਐਸੇ 'ਪੁਰਖ ਭਗਵੰਤ' ਸਨ ਜਿਨ੍ਹਾਂ ਦਾ ਹੋਰ ਕੋਈ ਸਾਨੀ ਨਹੀਂ ਸੀ। ਬੁੱਲੇ ਸ਼ਾਹ ਨੇ ਠੀਕ ਹੀ ਕਿਹਾ ਸੀ ਕਿ ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾ ਹੁੰਦੇ ਤਾਂ ਸਭ ਧਰਮਾਂ ਦਾ ਨਾਸ਼ ਹੋ ਜਾਣਾ ਸੀ। ਡਾਕਟਰ ਜ਼ਾਕਿਰ ਹੁਸੈਨ ਨੇ ਠੀਕ ਹੀ ਲਿਖਿਆ ਹੈ— ਜਦ ਤਕ ਮਨੁੱਖ ਦੇ ਅੰਦਰ ਭੈਅ ਤੇ ਬਾਹਰੀ ਦਹਿਸ਼ਤ ਹੈ ਅਤੇ ਉਹ ਮਜ਼ਹਬੀ ਤੁਅੱਸਬ, ਸਮਾਜੀ ਵਖਰੇਵੇਂ ਅਤੇ ਫੋਕੀਆਂ ਰਸਮਾਂ-ਰੀਤਾਂ ਵਿਚ ਫਸਿਆ ਹੋਇਆ ਹੈ, ਸੰਸਾਰ ਗੁਰੂ ਨਾਨਕ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲ ਟਿਕਟਿਕੀ ਲਗਾ ਕੇ ਦੇਖਦਾ ਹੀ ਰਹੇਗਾ। ■

# ਗੁਰੂ-ਪੰਥ ਦੇ ਅਨਮੋਲ ਰਤਨ : ਗਿਆਨੀ ਬਿਸ਼ਨ ਸਿੰਘ ਜੀ

*-ਬੀਬੀ ਮਨਦੀਪ ਕੌਰ**

ਗੁਰਬਾਣੀ ਵਿਆਖਿਆਕਾਰੀ ਦਾ ਇਤਿਹਾਸ ਗੁਰਬਾਣੀ ਦੇ ਆਗਮਨ ਜਿੰਨਾ ਹੀ ਪੁਰਾਣਾ ਹੈ, ਜਿਸ ਦਾ ਸਿਧਾਂਤਕ ਤੌਰ 'ਤੇ ਅਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚਲੀ ਪ੍ਰਥਮ ਰਚਨਾ 'ਜਪੁ' ਬਾਣੀ ਤੋਂ ਹੋਇਆ ਹੈ, ਜਿਸ ਦੇ ਅਰੰਭ ਵਿਚ 'ਮੂਲ ਮੰਤਰ' ਹੈ। ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਕਿਉਂਕਿ "*ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ*" ਹੈ, ਇਸ ਲਈ ਗੁਰਬਾਣੀ ਦਾ ਹਰ ਇਕ ਸ਼ਬਦ ਸਿਧਾਂਤਕ ਸਾਂਝ ਕਾਰਨ ਆਪਸ ਵਿਚ ਇਕ-ਮਿਕ ਵੀ ਹੈ ਅਤੇ ਸਹਿਜੇ ਹੀ ਇਕ ਦੂਜੇ ਦੀ ਵਿਆਖਿਆ ਕਰਦਾ ਵੀ ਨਜ਼ਰ ਆਉਂਦਾ ਹੈ। ਇਸੇ ਕਰਕੇ ਗੁਰਬਾਣੀ ਨੂੰ ਗੁਰਬਾਣੀ ਦੇ ਹਵਾਲੇ ਨਾਲ ਸਮਝਣ ਦੀ ਪ੍ਰਕਿਰਿਆ ਨੂੰ ਡਾ. ਤਾਰਨ ਸਿੰਘ ਨੇ ਸਹਿਜ-ਪ੍ਰਣਾਲੀ ਦਾ ਨਾਮ ਦਿੱਤਾ ਹੈ ਅਤੇ ਹੋਰ ਪ੍ਰਣਾਲੀਆਂ ਦੇ ਮੁਕਾਬਲੇ ਸ੍ਰੇਸ਼ਠ ਪ੍ਰਣਾਲੀ ਮੰਨਿਆ ਹੈ।

ਡਾ. ਤਾਰਨ ਸਿੰਘ ਗੁਰਬਾਣੀ ਦੀ ਵਿਆਖਿਆ, ਟੀਕਿਆਂ ਅਤੇ ਪਰਮਾਰਥ ਦੀ ਲੋੜ ਸੰਬੰਧੀ ਲਿਖਦੇ ਹਨ ਕਿ, "ਵਿਆਖਿਆਕਾਰੀ ਉਹ ਸਿਰਜਨਾਤਮਕ ਕਲਾ ਹੈ ਜੋ ਕਿਸੇ ਅਨੁਭਵੀ ਸਾਹਿਤਕ ਕਿਰਤ ਦੇ ਵਿਚਾਰਾਂ, ਭਾਵਾਂ, ਭਾਵਨਾਵਾਂ ਨੂੰ ਸਪੱਸ਼ਟ ਕਰਨ ਦਾ ਯਤਨ ਕਰਦੀ ਹੈ। ਧਰਮ ਗ੍ਰੰਥਾਂ ਦੇ ਵਿਸ਼ੇਸ਼ ਕਰਕੇ ਅਤੇ ਹੋਰ ਸਾਹਿਤਕ ਗ੍ਰੰਥਾਂ ਦੇ ਆਮ ਕਰਕੇ ਜੋ ਟੀਕੇ, ਭਾਸ਼, ਪਰਮਾਰਥ, ਆਦਿ ਮਿਲਦੇ ਹਨ, ਉਹ ਇਸੇ ਵਰਗ ਦੀਆਂ ਰਚਨਾਵਾਂ ਕਹੇ ਜਾ ਸਕਦੇ ਹਨ।"[੧]

ਸਿੱਖ ਪੰਥ ਵਿਚ ਭਾਈ ਗੁਰਦਾਸ ਜੀ ਨੂੰ ਗੁਰਬਾਣੀ ਦੇ ਪਹਿਲੇ ਵਿਆਖਿਆਕਾਰ ਹੋਣ ਦਾ ਮਾਣ ਪ੍ਰਾਪਤ ਹੈ, ਜਿਸ ਕਰਕੇ ਉਨ੍ਹਾਂ ਨੂੰ ਸਿੱਖ ਧਰਮ ਵਿਚ 'ਗੁਰਬਾਣੀ ਦੀ ਕੁੰਜੀ' ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਸ਼ਹੀਦ ਭਾਈ ਮਨੀ ਸਿੰਘ ਮਹਾਨ ਵਿਆਖਿਆਕਾਰ ਹੋਏ ਹਨ। ਡਾ. ਤਾਰਨ ਸਿੰਘ ਜੀ ਨੇ ਗੁਰਬਾਣੀ ਵਿਆਖਿਆਕਾਰੀ ਦੀ ਅੱਠ ਭਾਗਾਂ ਅਨੁਸਾਰ ਵੰਡ ਕੀਤੀ ਹੈ ਜਿਵੇਂ- ਸਹਜ ਪ੍ਰਣਾਲੀ, ਭਾਈ ਪ੍ਰਣਾਲੀ, ਪਰਮਾਰਥ ਪ੍ਰਣਾਲੀ, ਉਦਾਸੀ ਪ੍ਰਣਾਲੀ, ਨਿਰਮਲਾ ਪ੍ਰਣਾਲੀ, ਸੰਪ੍ਰਦਾਈ ਪ੍ਰਣਾਲੀ ਅਤੇ ਸਿੰਘ ਸਭਾਈ ਪ੍ਰਣਾਲੀ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚਲੀਆਂ ਬਾਣੀਆਂ ਦੇ ਅਨੇਕਾਂ ਟੀਕੇ ਹੋਏ ਹਨ। ਪੰਜਾਬੀ ਸਾਹਿਤ ਵਿਚ ਜ਼ਿਆਦਾਤਰ ਟੀਕੇ ਗੁਰਬਾਣੀ ਦੀ ਵਿਆਖਿਆ ਨਾਲ ਸੰਬੰਧਿਤ ਮਿਲਦੇ ਹਨ। ਇਕ ਸਰਵੇ ਅਨੁਸਾਰ 'ਜਪੁਜੀ' ਸਾਹਿਬ ਦੇ ਟੀਕਿਆਂ ਦੀ ਗਿਣਤੀ ਸੌ ਤੋਂ ਵੱਧ ਹੈ ਅਤੇ 'ਆਸਾ ਦੀ ਵਾਰ' ਦੀ ਚਾਲੀ ਤੋਂ ਵੱਧ ਹੈ। ਇਸ ਤਰ੍ਹਾਂ

**ਪੀਐਚ. ਡੀ. ਖੋਜਾਰਥਣ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨*

ਅਸੀਂ ਕਹਿ ਸਕਦੇ ਹਾਂ ਕਿ ੮੦-੮੫% ਪ੍ਰਤੀਸ਼ਤ ਟੀਕੇ ਗੁਰਬਾਣੀ ਦੀ ਵਿਆਖਿਆ ਨਾਲ ਸੰਬੰਧਿਤ ਹਨ। ਜਿਨ੍ਹਾਂ ਵਿਦਵਾਨਾਂ ਨੇ ਆਪਣੀ ਮਿਹਨਤ ਅਤੇ ਅਕਾਲ ਪੁਰਖ ਦੀ ਮਿਹਰ ਸਦਕਾ ਸੰਪੂਰਨ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਸੰਪੂਰਨ ਟੀਕੇ ਕੀਤੇ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

੧. **ਫਰੀਦਕੋਟੀ ਟੀਕਾ,** (ਚਾਰ ਜਿਲਦਾਂ), ਗਿਆਨੀ ਬਦਨ ਸਿੰਘ ੧੮੭੭-੮੩ ਈ.

੨. **ਸ੍ਰੀ ਗੁਰੂ ਗ੍ਰੰਥ ਸਾਹਿਬ ਟੀਕਾ,** (ਅੱਠ ਜਿਲਦਾਂ), ਗਿਆਨੀ ਬਿਸ਼ਨ ਸਿੰਘ, ੧੯੨੯-੩੮ ਈ.

੩. **ਸੰਪ੍ਰਦਾਈ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ,** (ਦਸ ਜਿਲਦਾਂ) ਪੰਡਿਤ ਨਰੈਣ ਸਿੰਘ ਮੁਜੰਗਾਂ ਵਾਲੇ, ੧੯੩੨-੩੭ ਈ.

੪. **ਸ੍ਰੀ ਗੁਰਮਤਿ ਭਾਉ ਪ੍ਰਕਾਸ਼ਨੀ ਟੀਕਾ,** ਸ੍ਰੀ ਗੁਰੂ ਗ੍ਰੰਥ ਸਾਹਿਬ, (ਛੇ ਜਿਲਦਾਂ), ਅਕਾਲੀ ਨਿਹਾਲ ਸਿੰਘ ਸੂਰੀ, ੧੯੩੬ ਈ.

੫. **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,** (ਦਸ ਜਿਲਦਾਂ), ਪ੍ਰੋ. ਸਾਹਿਬ ਸਿੰਘ, ੧੯੫੭-੬੪ ਈ.

੬. **ਸੰਪ੍ਰਦਾਈ ਟੀਕਾ, ਸ੍ਰੀ ਅਮੀਰ ਭੰਡਾਰ** (ਦਸ ਜਿਲਦਾਂ), ਸੰਤ ਕ੍ਰਿਪਾਲ ਸਿੰਘ, ੧੯੫੭-੬੪ ਈ.

੭. **ਸਿਧਾਂਤਕ ਸਟੀਕ, ਸ੍ਰੀ ਗੁਰੂ ਗ੍ਰੰਥ ਸਾਹਿਬ,** (ਅੱਠ ਜਿਲਦਾਂ), ਗਿਆਨੀ ਮਨੀ ਸਿੰਘ, ੧੯੮੦ ਈ.

੮. **ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਦਰਸ਼ਨ ਨਿਰਣੈ ਸਟੀਕ,** (ਚੌਦਾਂ ਜਿਲਦਾਂ), ਗਿਆਨੀ ਹਰਬੰਸ ਸਿੰਘ, ੧੯੯੦-੯੨ ਈ.

੯. **ਭਾਵ ਪ੍ਰਬੋਧਨੀ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ,** (ਅੱਠ ਜਿਲਦਾਂ), ਡਾ. ਰਤਨ ਸਿੰਘ ਜੱਗੀ, ੨੦੧੩ ਈ.

੧੦. **ਗੁਰਬਾਣੀ ਅਰਥ ਭੰਡਾਰ,** (ਬਾਰਾਂ ਜਿਲਦਾਂ), ਸੰਤ ਹਰੀ ਸਿੰਘ ਰੰਧਾਵਾ ੨੦੧੬ ਈ.

ਗੁਰਬਾਣੀ ਵਿਆਖਿਆਕਾਰੀ ਦੇ ਕਾਰਜਾਂ ਸੰਬੰਧੀ ਅਨੇਕਾਂ ਵਿਦਵਾਨ ਅਤੇ ਸ਼ਖ਼ਸੀਅਤਾਂ ਹੋਈਆਂ ਹਨ, ਜਿਨ੍ਹਾਂ ਨੇ ਗੁਰਬਾਣੀ ਅਧਿਐਨ ਦੇ ਖੇਤਰ ਵਿਚ ਆਪਣਾ ਵਿਲੱਖਣ ਯੋਗਦਾਨ ਪਾਇਆ ਅਤੇ ਆਪਣੀ ਸਾਲਾਂ-ਬੱਧੀ ਮਿਹਨਤ ਅਤੇ ਸੋਝੀ ਨਾਲ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਟੀਕੇ ਕੀਤੇ। ਇਨ੍ਹਾਂ ਮਹਾਨ ਵਿਦਵਾਨਾਂ ਵਿਚ ਗਿਆਨੀ ਬਿਸ਼ਨ ਸਿੰਘ ਦੁਆਰਾ ਕੀਤੀ ਗੁਰਬਾਣੀ ਵਿਆਖਿਆਕਾਰੀ ਕਰਕੇ ਉਨ੍ਹਾਂ ਦਾ ਨਾਮ ਬੜੇ ਸਤਿਕਾਰ ਸਹਿਤ ਲਿਆ ਜਾਂਦਾ ਹੈ। ਅਤੀਤ ਵਿਚ ਸੰਪ੍ਰਦਾਈ ਪ੍ਰਣਾਲੀ ਅਧੀਨ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਧੂਰੀ ਵਿਆਖਿਆ ਨੂੰ ਅੱਗੇ ਲਿਜਾਂਦਿਆਂ ਉਨ੍ਹਾਂ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਸੰਪੂਰਨ ਟੀਕਾ ਕੀਤਾ।

ਗਿਆਨੀ ਬਿਸ਼ਨ ਸਿੰਘ ਸਿੱਖ ਪੰਥ ਦੇ ਅਨਮੋਲ ਸੰਪ੍ਰਦਾਈ ਵਿਦਵਾਨ ਹੋਏ ਹਨ। ਉਨ੍ਹਾਂ ਦਾ ਜਨਮ ੨੪ ਅਗਸਤ, ੧੮੭੫ ਈ. ਵਿਚ ਪਿੰਡ ਲੱਖੂਵਾਲ, ਤਹਿਸੀਲ ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਸ. ਬੁਲਾਕਾ ਸਿੰਘ ਦੇ ਘਰ ਬੀਬੀ ਭਾਗ ਕੌਰ ਜੀ ਦੀ ਕੁੱਖੋਂ ਹੋਇਆ। ਗਿਆਨੀ ਜੀ ਨੇ ਸੰਪੂਰਨ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਟੀਕਾ (ਅੱਠ ਜਿਲਦਾਂ) ਵਿਚ ਅਤੇ 'ਸ੍ਰੀ ਦਸਮ ਗ੍ਰੰਥ' ਦਾ ਟੀਕਾ (ਛੇ ਜਿਲਦਾਂ) ਵਿਚ ਕੀਤਾ। ਆਪ ਜੀ 'ਸ੍ਰੀ ਦਸਮ ਗ੍ਰੰਥ' ਦੇ ਪਹਿਲੇ ਵਿਆਖਿਆਕਾਰ ਹੋਏ ਹਨ। 'ਸ੍ਰੀ ਦਸਮ ਗ੍ਰੰਥ' ਦਾ ਟੀਕਾ ਲਿਖਣ ਦਾ ਅਰੰਭ ਗਿਆਨੀ ਜੀ ਦੁਆਰਾ ਹੋਇਆ ਹੈ। ਇਸ ਦੀ ਛਪਾਈ ੧੯੩੨ ਈ. ਵਿਚ ਸ. ਧਰਮ ਸਿੰਘ ਜੀ ਦੀ ਮਾਇਕ ਸਹਾਇਤਾ ਨਾਲ ਸ਼ੁਰੂ ਹੋਈ ਪਰ ਉਨ੍ਹਾਂ ਦੀ ਮ੍ਰਿਤੂ ਕਾਰਨ ਛਪਾਈ ਦਾ ਕੰਮ ਕੁਝ ਸਮੇਂ ਲਈ ਰੁਕ ਗਿਆ, ਜਿਸ ਕਾਰਨ ਅਖੀਰਲੀ ਪੋਥੀ ਜੂਨ ੧੯੪੦ ਈ. ਵਿਚ ਛਪੀ।[੨] ਗਿਆਨੀ ਜੀ ਨੇ ਇਸ ਤੋਂ ਇਲਾਵਾ 'ਭਗਤ ਬਾਣੀ ਸਟੀਕ' (੨ ਭਾਗ), 'ਕਬਿੱਤ ਸਵੱਯੇ ਸਟੀਕ ਭਾਈ ਗੁਰਦਾਸ ਜੀ', 'ਵਾਰਾਂ ਸਟੀਕ ਭਾਈ ਗੁਰਦਾਸ ਜੀ', 'ਬਾਈਵਾਰਾਂ ਸਟੀਕ' ਅਤੇ ਇਕ ਦਰਜਨ ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ। ਆਪ ਜੀ ਨੇ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਵਿਖੇ ੧੯੦੯ ਈ. ਤੋਂ ੧੯੪੦ ਈ. ਤਕ ਗ੍ਰੰਥੀ ਦੀ ਸੇਵਾ ਨਿਭਾਈ। ਇਸ ਦੇ ਨਾਲ-ਨਾਲ ਹੀ ਆਪ ਜੀ ਨੇ ਖਾਲਸਾ ਕਾਲਜੀਏਟ ਸਕੂਲ, ਸ੍ਰੀ ਅੰਮ੍ਰਿਤਸਰ ਵਿਖੇ ਪਹਿਲੀ ਤੋਂ ਪੰਜਵੀਂ ਜਮਾਤ ਤਕ ਪੰਜਾਬੀ ਪੜ੍ਹਾਉਣ ਦੀ ਸੇਵੀ ਵੀ ਨਿਭਾਈ। ਇਨ੍ਹਾਂ ਸੇਵਾਵਾਂ ਦੇ ਦੌਰਾਨ ਹੀ ਆਪ ਜੀ ਨੂੰ ਵਿਆਖਿਆਕਾਰੀ ਦੇ ਕਾਰਜ ਦੀ ਚੇਟਕ ਲੱਗੀ ਅਤੇ ਆਪ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਪਹਿਲੀ ਪੋਥੀ ੧੯੧੭ ਈ. ਅਤੇ ਅਖੀਰਲੀ ਪੋਥੀ ੧੯੪੫ ਈ. ਵਿਚ ਛਪਵਾਈ। ਇਸ ਕਾਰਜ ਲਈ ਆਪ ਜੀ ਨੇ 'ਸੰਪ੍ਰਦਾਈ', 'ਸਿੰਘ-ਸਭਾਈ', 'ਫਰੀਦਕੋਟੀ ਟੀਕੇ' ਅਤੇ ਨਿਰਮਲੇ ਵਿਦਵਾਨਾਂ ਦੀ ਭਰਪੂਰ ਸਹਾਇਤਾ ਲਈ। ਗਿਆਨੀ ਜੀ ਨੇ ਇਸ ਕਾਰਜ ਨੂੰ ਕਠਿਨ ਭਾਗਾਂ ਤੋਂ ਅਰੰਭ ਕੀਤਾ ਭਾਵ ਕਿ ਅਠਵੀਂ ਪੋਥੀ ਪਹਿਲਾਂ ਛਪਵਾਈ ਜਿਸ ਵਿਚ ਰਾਗ ਕਾਨੜੇ ਤੋਂ ਅੱਗੇ ਅਤੇ ਭਗਤ ਸਾਹਿਬਾਨ ਦੇ ਸਲੋਕ, ਭੱਟ ਸਾਹਿਬਾਨ ਦੇ ਸਵਯੇ ਆਦਿ ਹਨ। ਗਿਆਨੀ ਜੀ ਦੀ ਵਿੱਦਿਅਕ ਯੋਗਤਾ ਜ਼ਿਆਦਾ ਨਹੀਂ ਸੀ ਪਰ ਉਨ੍ਹਾਂ ਨੇ ਮਹਾਨ ਵਿਦਵਾਨਾਂ ਅਮਰਦਾਸ ਜੀ, ਸੰਤ ਬਖਸ਼ੀਸ਼ ਸਿੰਘ, ਡਾ. ਚਰਨ ਸਿੰਘ (ਭਾਈ ਵੀਰ ਸਿੰਘ ਜੀ ਦੇ ਪਿਤਾ ਜੀ), ਸੰਤ ਸਰੂਪ ਦਾਸ, ਸੰਤ ਸਿੰਘ ਜੀ ਗਿਆਨੀ ਕਪੂਰਥਲੀਆ ਦੇ ਬੁੰਗੇ, ਨਿਰਮਲੇ, ਉਦਾਸੀ ਅਤੇ ਨਾਮਧਾਰੀਆਂ ਤੋਂ ਵਿੱਦਿਆ ਪ੍ਰਾਪਤ ਕੀਤੀ। ਇਸੇ ਤਰ੍ਹਾਂ ਆਪ ਜੀ ਅੰਦਰ ਮੌਜੂਦ ਖੂਬੀਆਂ, ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਖੇ ਸਿੱਖ ਧਰਮ, ਇਤਿਹਾਸ, ਗੁਰਮਤਿ ਦੇ ਮਹਾਨ ਵਿਦਵਾਨ ਅਤੇ ਪ੍ਰੋਫ਼ੈਸਰਾਂ— ਪ੍ਰੋਫ਼ੈਸਰ ਤੇਜਾ ਸਿੰਘ, ਪ੍ਰੋਫ਼ੈਸਰ ਰਾਮ ਸਿੰਘ ਗਿਆਨੀ, ਬਾਵਾ ਹਰਕ੍ਰਿਸ਼ਨ ਸਿੰਘ ਅਤੇ

ਭਾਈ ਜੋਧ ਸਿੰਘ ਜੀ ਦੀ ਸੰਗਤ ਨਾਲ ਉਭਰ ਕੇ ਸਾਹਮਣੇ ਆਈਆਂ ਅਤੇ ਆਪ ਜੀ ਨੇ ਸਿੱਖ ਪੰਥ ਲਈ ਇੰਨਾ ਸਾਰਾ ਮਹਾਨ ਕਾਰਜ ਇਕੱਠਾ ਕੀਤਾ ਜੋ ਕਿ ਸ਼ਾਇਦ ਹੀ ਹੋਰ ਟੀਕਾਕਾਰ ਕਰ ਸਕੇ ਹੋਣ ਪਰ ਅੱਜਕਲ੍ਹ ਦੇ ਵਿਦਵਾਨਾਂ ਲਈ ਇਹ ਭੁੱਲਿਆ-ਵਿਸਰਿਆ ਟੀਕਾ ਲਗਦਾ ਹੈ। ਪਰ ਜੇਕਰ ਇਸ ਨੂੰ ਅਸੀਂ ਗਹੁ ਨਾਲ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਗਿਆਨੀ ਜੀ ਨੇ ਟੀਕੇ ਦੀ ਭਾਸ਼ਾ/ਸ਼ੈਲੀ ਅਤਿ ਸਰਲ ਰੱਖੀ ਤਾਂ ਕਿ ਇਹ ਪੜ੍ਹੇ-ਲਿਖੇ ਵਿਦਵਾਨਾਂ ਤੋਂ ਇਲਾਵਾ ਆਮ ਪਾਠਕਾਂ ਦੀ ਸਮਝ ਵਿਚ ਆਵੇ ਤੇ ਉਨ੍ਹਾਂ ਦੀ ਗੁਰਬਾਣੀ ਪ੍ਰਤੀ ਪੈਦਾ ਹੋਈ ਜਗਿਆਸਾ ਨੂੰ ਸੰਤੁਸ਼ਟੀ ਦੇਵੇ। ਗਿਆਨੀ ਬਿਸ਼ਨ ਸਿੰਘ ਜੀ ਦੀ ਜੇਕਰ ਟੀਕਾ- ਸ਼ੈਲੀ ਦੀ ਗੱਲ ਕਰੀਏ ਤਾਂ ਆਪ ਜੀ ਇੱਕ ਤੁਕ ਦਾ ਇੱਕੋ ਅਰਥ ਕਰਨਾ, ਵਿਆਕਰਣਕ ਨਿਯਮਾਂ ਦਾ ਸਤਿਕਾਰ ਕਰਦਿਆਂ ਅਰਥ ਨਿਸ਼ਚਿਤ ਕਰਨਾ, ਅਰਥ ਨੂੰ ਗੁਰਮਤਿ ਦੇ ਬੁਨਿਆਦੀ ਸਿਧਾਂਤ ਦੇ ਅਨੁਸਾਰੀ ਰੱਖਣਾ, ਟੀਕੇ ਨੂੰ ਸਰਲ ਤੇ ਸਪੱਸ਼ਟ ਰੱਖਣਾ, ਵਾਧੂ ਉਥਾਨਕਾਵਾਂ, ਕਥਾ-ਕਹਾਣੀਆਂ ਤੋਂ ਸੰਕੋਚ ਕਰਨਾ। ਜੇ ਕਿਤੇ ਬਹੁਤ ਜ਼ਰੂਰੀ ਲੱਗਿਆ ਤਾਂ ਉਥਾਨਕਾ ਭਰੋਸੇਯੋਗ ਤੇ ਲੋੜ ਮੁਤਾਬਕ ਦਿੱਤੀ ਗਈ। ਗਿਆਨੀ ਜੀ ਸਿੱਧਾ ਸਪੱਸ਼ਟ ਅਤੇ ਸਰਲ ਟੀਕਾ ਦਿੰਦੇ ਹਨ, ਪਦ-ਅਰਥ ਵੱਖਰੇ ਦੱਸਦੇ ਹਨ ਅਤੇ ਸੰਖੇਪ ਭਾਵਰਥ ਵੀ ਦਰਸਾਉਂਦੇ ਹਨ।[੩] ਗਿਆਨੀ ਜੀ ਨੇ ਟੀਕੇ ਅੰਦਰ ਦੋ ਤਰ੍ਹਾਂ ਦੇ ਤਤਕਰੇ ਦਿੱਤੇ ਹਨ ਜਿਸ ਨਾਲ ਗੁਰਬਾਣੀ ਨੂੰ ਸਹਿਜੇ ਅਤੇ ਸੁਚੱਜੇ ਢੰਗ ਨਾਲ ਵਿਚਾਰਿਆ ਜਾ ਸਕਦਾ ਹੈ। ਪਹਿਲਾ ਤਤਕਰਾ ਅੱਖਰ-ਕ੍ਰਮ ਦੇ ਅਨੁਸਾਰ ਸੰਪੂਰਨ ਸ਼ਬਦਾਂ ਦਾ ਹੈ ਅਤੇ ਦੂਜਾ ਤਤਕਰਾ ਸਮੂਹ ਸਿਧਾਂਤਾਂ ਨੂੰ ਸ਼ਬਦਾਂ ਅਨੁਸਾਰ ਵੰਡਿਆ ਗਿਆ ਹੈ। ਜਿਸ ਦੇ ਅਨੁਸਾਰ ਕਿਸੇ ਵੀ ਵਿਸ਼ੇ ਸਿਧਾਂਤ ਦੇ ਸ਼ਬਦਾਂ ਦੀ ਜਾਣਕਾਰੀ ਪ੍ਰਾਪਤ ਕਰਨੀ ਹੋਵੇ ਤਾਂ ਉਹ ਇਸ ਤਤਕਰੇ ਦੀ ਸਹਾਇਤਾ ਨਾਲ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ। ਗਿਆਨੀ ਜੀ ਨੇ ਆਪਣੀਆਂ ਇਹ ਰਚਨਾਵਾਂ ਨਿੱਜੀ ਤੌਰ 'ਤੇ ਜਾ ਕੇ ਵੱਖ-ਵੱਖ ਸ਼ਹਿਰਾਂ ਦੇ ਰਾਜੇ ਮਹਾਰਾਜਿਆਂ ਨੂੰ ਭੇਟਾ ਕੀਤੀਆਂ ਅਤੇ ਉਨ੍ਹਾਂ ਵੱਲੋਂ ਕਾਫ਼ੀ ਸਨਮਾਨ ਵੀ ਪ੍ਰਾਪਤ ਕੀਤੇ। ਆਪ ਜੀ ਦੀਆਂ ਰਚਨਾਵਾਂ ਨੂੰ ਵਿਸ਼ੇਸ਼ ਤੌਰ 'ਤੇ ਵਿਦੇਸ਼ਾਂ ਵਿਚ ਵੀ ਸਿੰਘਾਪੁਰ ਅਤੇ ਮਲੇਸ਼ੀਆ ਦੇ ਗੁਰਦੁਆਰਾ ਸਾਹਿਬਾਨ ਵੱਲੋਂ ਮੰਗਵਾਇਆ ਗਿਆ। ਗਿਆਨੀ ਜੀ ਨੇ ਗੁਰਬਾਣੀ ਦੀ ਵਿਆਖਿਆ ਨੂੰ ਸਮਝਣ ਲਈ ਵਿਚਾਰਾਂ ਵਿਚ ਏਕਤਾ ਹੋਣੀ ਇਕ ਅਤਿ ਜ਼ਰੂਰੀ ਨੁਕਤਾ ਸਮਝਿਆ ਹੈ ਤਾਂ ਕਿ ਗੁਰਬਾਣੀ ਅੰਦਰ ਇੱਕ ਤੁਕ ਦੇ ਨਾਲ-ਨਾਲ ਸਮੁੱਚੇ ਸ਼ਬਦ ਭਾਵ ਕਿ ਅਗਲੇ ਅਤੇ ਪਿਛਲੇ ਸ਼ਬਦਾਂ ਦੇ ਭਾਵ-ਅਰਥ ਵੀ ਨਾਲ-ਨਾਲ ਹੀ ਦਰਸਾਏ ਜਾਣ ਤਾਂ ਕਿ ਵਿਚਾਰਾਂ ਦੀ ਏਕਤਾ ਬਣੀ ਰਹੇ। ਗਿਆਨੀ ਜੀ ਨੇ ਗੁਰਬਾਣੀ ਵਿਆਖਿਆਕਾਰੀ ਦਾ ਸਮੁੱਚਾ ਕਾਰਜ ਨਿਯਮਾਂ ਅਤੇ ਨੇਮ ਵਿਚ ਰਹਿ ਕੇ ਕੀਤਾ ਜਿਸ ਤੋਂ ਉਨ੍ਹਾਂ ਦੀ ਗੁਰਬਾਣੀ ਪ੍ਰਤੀ ਗੰਭੀਰ ਅਤੇ ਡੂੰਘੀ ਸੋਚ ਦਾ ਆਭਾਸ ਹੁੰਦਾ ਹੈ। ਇਸੇ ਤਰ੍ਹਾਂ ਗਿਆਨੀ ਜੀ ਦਾ

ਗੁਰਬਾਣੀ ਦੀ ਵਿਆਖਿਆ ਵਿਚ ਖ਼ਾਸ ਸਥਾਨ ਰਿਹਾ ਹੈ।

ਗਿਆਨੀ ਜੀ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਤੋਂ ਸੇਵਾ-ਮੁਕਤ ਹੋ ਕੇ ਵਾਪਸ ਆਪਣੇ ਪਿੰਡ ਲੱਖੂਵਾਲ ਵਿਚ ਆ ਗਏ। ਇੱਥੇ ਆਪ ਜੀ ਨੇ ਆਪਣੇ ਟੀਕਿਆਂ ਦੀ ਸੋਧ-ਸੁਧਾਈ ਦਾ ਕੰਮ ਸ਼ੁਰੂ ਕੀਤਾ ਅਤੇ ਨਾਲ-ਨਾਲ ਗਰੀਬ ਬੱਚਿਆਂ ਦੇ ਸਕੂਲ ਦਾ ਪ੍ਰਬੰਧ ਕੀਤਾ। ਇਨ੍ਹਾਂ ਬੱਚਿਆਂ ਨੂੰ ਪੜ੍ਹਾ-ਲਿਖਾ ਰੋਜ਼ੀ-ਰੋਟੀ ਲਈ ਤਿਆਰ ਕੀਤਾ। ਗਿਆਨੀ ਬਿਸ਼ਨ ਸਿੰਘ ਆਪਣੇ ਪਿੰਡ ਲੱਖੂਵਾਲ ਵਿਖੇ ਤੰਦਰੁਸਤ ਜੀਵਨ ਬਿਤਾ ਕੇ ਅੰਤ ੨੯ ਮਈ, ੧੯੬੬ ਈ. ਵਿਚ ਅਕਾਲ ਚਲਾਣਾ ਕਰ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪ ਜੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ, ਸ੍ਰੀ ਅੰਮ੍ਰਿਤਸਰ ਵਿਚ ਲਗਾਈ ਗਈ ਹੈ।

**ਗਿਆਨੀ ਬਿਸ਼ਨ ਸਿੰਘ ਜੀ ਦੀਆਂ ਰਚਨਾਵਾਂ ਬਾਰੇ ਪ੍ਰਸੰਸਾ:-**

'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਵੱਲੋਂ ਕਬਿੱਤ ਸਵੱਯੇ ਸਟੀਕ ਦੀ ਪ੍ਰਸੰਸਾ ਕਰਦਿਆਂ ਲਿਖਿਆ ਗਿਆ ਕਿ, "ਮੇਰੇ ਪਰਮ ਪਿਆਰੇ ਚਿਰੰਜੀਵੀ ਗਿਆਨੀ ਬਿਸ਼ਨ ਸਿੰਘ ਜੀ ਆਪ ਜੀ ਦਾ ਰਚਿਆ ਭਾਈ ਗੁਰਦਾਸ ਜੀ ਦੇ ਕਬਿੱਤਾਂ ਸਵੱਯਾਂ ਦਾ ਟੀਕਾ ਪਹੁੰਚਿਆ ਜਿਸ ਪਰ ਅਨੇਕ ਬਾਰ ਧੰਨਵਾਦ ਹੈ ਆਪ ਨੇ ਆਪਣੀ ਰਚਨਾ ਪਹਿਲਾਂ ਕਈ ਵਾਰ ਭੇਜੀ ਹੈ ਉਸ ਨੂੰ ਅਰ ਇਸ ਟੀਕੇ ਨੂੰ ਵੇਖ ਕੇ ਮੇਰਾ ਚਿੱਤ ਅਤਿ ਪ੍ਰਸੰਨ ਹੋਆ ਹੈ। ਪਰਮ ਪਿਤਾ ਅੱਗੇ ਬੇਨਤੀ ਹੈ ਕਿ ਉਹ ਆਪ ਨੂੰ ਚਿਰ ਤੋੜੀ ਅਨੰਦ ਸਹਿਤ ਪੰਥ ਸੇਵਾ ਵਿਚ ਲਾਈ ਰੱਖੇ, ਆਪ ਜਿਹੇ ਗਿਆਨੀ ਅਰ ਗ੍ਰੰਥੀ ਸਾਡੀ ਕੌਮ ਵਿਚ ਵਾਹਿਗੁਰੂ ਦੀ ਕਿਰਪਾ ਨਾਲ ਬਹੁਤ ਹੋ ਜਾਣ ਤਾਂ ਸ਼ੀਘਰ ਹੀ ਸਾਡੀ ਪੂਰਨ ਉਨਤੀ ਹੋ ਸਕਦੀ ਹੈ।"[੪]

ਅਖਬਾਰ 'ਪੰਥ ਸੇਵਕ' ਲਾਹੌਰ (੩੧ ਅਕਤੂਬਰ, ੧੯੧੭ ਈ.) ਵਿਚ ਲਿਖਿਆ, "ਭਾਈ ਬਿਸ਼ਨ ਸਿੰਘ ਜੀ ਗਿਆਨੀ ਅਧਯਾਪਕ ਖਾਲਸਾ ਕਾਲਜ ਅੰਮ੍ਰਿਤਸਰ ਜੀ ਦੀ ਵਿਦਵਤਾ ਤੇ ਪੰਥਕ ਪ੍ਰੇਮ ਸਾਡੀ ਕੌਮ ਵਿਚ ਕਾਫ਼ੀ ਪ੍ਰਸਿੱਧ ਹੈ ਇਨ੍ਹਾਂ ਬਹੁਤ ਸਾਰੀਆਂ ਪੁਸਤਕਾਂ ਸਿੱਖ ਇਤਿਹਾਸ ਤੇ ਗੁਰਬਾਣੀ ਸੰਬੰਧੀ ਰਚੀਆਂ ਹਨ ਜੋ ਬਹੁਤ ਹੀ ਲਾਭਦਾਇਕ ਹਨ ਆਪਦੀ ਨਵੀਂ ਰਚਨਾ ਸਾਡੇ ਪਾਸ ਹੁਣ ਹੀ ਪਹੁੰਚੀ ਹੈ ਜੋ ਇਨ੍ਹਾਂ ਦੀ ਅਥੱਕ ਮਿਹਨਤ ਦਾ ਸਿੱਟਾ ਹੈ ਇਹ ਰਚਨਾ ਬਾਈ ਵਾਰਾਂ ਦਾ ਟੀਕਾ ਹੈ, ਇਸ ਵਿਚ ਨਿਹੈਤ ਸੁਖੈਲੀ ਇਬਰਤ ਵਿਚ ਮੂਲ ਦੀ ਹਰ ਇਕ ਤੁਕ ਦੇ ਨਾਲ-ਨਾਲ ਉਸ ਦਾ ਟੀਕਾ ਦਿੱਤਾ ਗਿਆ ਹੈ ਜਿਸ ਨੂੰ ਹਰ ਕੋਈ ਸਮਝ ਸਕਦਾ ਹੈ, ਹੋਰ ਵਾਧਾ ਇਹ ਹੈ ਕਿ ਸਾਥ-ਸਾਥ ਉਥਾਨਕਾ ਤੇ ਭਾਵਾਰਥ ਭੀ ਦਿੱਤੇ ਗਏ ਹਨ। ਸਭ ਤੋਂ ਜ਼ਰੂਰੀ ਤੇ ਲਾਭਦਾਇਕ ਗੱਲਾਂ ਇਸ ਦਾ ਇੰਡੈਕਸ ਹੈ ਤੇ ੯੩੦ ਵੱਡੇ ਸਫ਼ੇ ਦੀ ਭਾਰੀ ਪੁਸਤਕ ਹੈ।"[੫]

**ਡਾ. ਮੱਖਣ ਸਿੰਘ ਜੀ (ਬਰਮਾ) :** "ਹਰ ਇਕ ਸ਼ਬਦ ਦਾ ਅਰਥ ਬਹੁਤ ਹੀ ਸੁਖੱਲੀ

ਪੰਜਾਬੀ ਜ਼ੁਬਾਨ ਵਿਚ ਹੈ। ਅਕਾਲ ਪੁਰਖ ਦਾ ਸ਼ੁਕਰ ਹੈ ਜੋ ਅੱਜ ਤਕ ਆਪ ਜੈਸੇ ਸਿਤਾਰੇ ਸਿੱਖ ਕੌਮ ਵਿਚ ਹਨ ਜਿਨ੍ਹਾਂ 'ਤੇ ਸਾਰੀ ਸਿੱਖ ਕੌਮ ਨਾਜ਼ ਕਰ ਸਕਦੀ ਹੈ। ਆਪ ਜੀ ਦਾ ਨਾਮ ਇਸ ਪਵਿੱਤਰ ਕੰਮ ਤੋਂ ਹੀ ਸਿੱਖ ਕੌਮ ਦੀ ਤਵਾਰੀਖ ਵਿਚ ਹਮੇਸ਼ਾ ਚਮਕਦਾ ਰਹੇਗਾ।"

ਉਪਰੋਕਤ ਚਰਚਾ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਗਿਆਨੀ ਬਿਸ਼ਨ ਸਿੰਘ ਜੀ ਦਾ ਗੁਰਬਾਣੀ ਵਿਆਖਿਆਕਾਰੀ ਵਿਚ ਵਿਸ਼ੇਸ਼ ਯੋਗਦਾਨ ਰਿਹਾ ਜਿਨ੍ਹਾਂ ਨੇ ਆਪਣੀ ਅੱਧੀ ਤੋਂ ਵੱਧ ਉਮਰ ਗੁਰਮਤਿ ਵਿਚਾਰਾਂ, ਗੁਰਬਾਣੀ ਵਿਆਖਿਆਕਾਰੀ ਅਤੇ ਸਿੱਖ ਪੰਥ ਲਈ ਵਡਮੁੱਲੀਆਂ ਰਚਨਾਵਾਂ ਪੇਸ਼ ਕਰਨ ਵਿਚ ਲਗਾ ਦਿੱਤੀ। ਗਿਆਨੀ ਜੀ ਦੀਆਂ ਰਚਨਾਵਾਂ ਵਿਚ ਟੀਕਾ, ਭਾਸ਼ਾ, ਵਿਆਕਰਣਕ, ਨਿਯਮ, ਵਿਆਖਿਆ ਅਤੇ ਕਾਵਿਮਈ ਸ਼ੈਲੀ ਆਦਿ ਵਰਗੀਆਂ ਸਭ ਵੰਨਗੀਆਂ ਉਪਲਬਧ ਹਨ। ਜਿਸ ਸਦਕਾ ਗਿਆਨੀ ਬਿਸ਼ਨ ਸਿੰਘ ਦੀਆਂ ਸਭ ਰਚਨਾਵਾਂ ਸਿੱਖ ਅਕਾਦਮਿਕਤਾ ਦੇ ਖੇਤਰ ਵਿਚ ਹਮੇਸ਼ਾ ਮਾਰਗ-ਦਰਸ਼ਕ, ਅਗਾਂਹਵਧੂ ਸੋਚ ਅਤੇ ਪ੍ਰੇਰਨਾਤਮਿਕ ਸ੍ਰੋਤ ਬਣੀਆਂ ਰਹਿਣਗੀਆਂ।

**ਹਵਾਲੇ :**


੧. ਡਾ. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ ੧

੨. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਪੰਨਾ ੯੪੦

੩. ਡਾ. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ ੨੬੬

੪. ਗਿਆਨੀ ਬਿਸ਼ਨ ਸਿੰਘ, *ਕਬਿੱਤ ਸਵੱਯੇ ਸਟੀਕ, ਭਾਈ ਗੁਰਦਾਸ ਜੀ*, ਪੰਨਾ ੨

੫. *ਉਹੀ*, ਪੰਨਾ ੧ ■


## ਗੁਰਦੁਆਰਾ ਚੁਬਾਰਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਭਾਈ ਸੁਖਬੀਰ ਸਿੰਘ ਮਾਨੋਚਾਹਲ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਚੁਬਾਰਾ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ, ਜ਼ਿਲ੍ਹਾ ਤਰਨ ਤਾਰਨ ਸਾਹਿਬ ਵਿਖੇ ੦੧ ਅਕਤੂਬਰ, ੨੦੨੦ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ਕੁੱਲ ੨੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਫਲਾਇੰਗ ਅਫ਼ਸਰ ਅਮਰ ਸ਼ਹੀਦ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਪਰਮਵੀਰ ਚੱਕਰ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਵੱਖ-ਵੱਖ ਕਾਰਨਾਂ ਕਰਕੇ ਸੰਸਾਰ ਵਿਚ ਸਮੇਂ-ਸਮੇਂ ਭਿਆਨਕ ਯੁੱਧ ਹੁੰਦੇ ਰਹੇ ਹਨ। ਮਹਾਂਭਾਰਤ ਦੇ 'ਕੌਰਵਾਂ-ਪਾਂਡਵਾਂ' ਦੇ ਕੁਰੂਕਸ਼ੇਤਰ ਦੀ ਧਰਤੀ ਉੱਤੇ ਹੋਏ ਚਚੇਰੇ ਭਰਾਵਾਂ ਦਰਮਿਆਨ ਯੁੱਧ, ਯੂਨਾਨੀ ਯੁੱਧ (GREECE-WAR) ਜਿਸ ਨੂੰ ਦੋਰਾਇ-ਯੁੱਧ (WAR OF TROY) ਵੀ ਕਿਹਾ ਜਾਂਦਾ ਹੈ, ਜਿਸ ਦੀ ਕਹਾਣੀ ਇਤਿਹਾਸ ਦੇ ਪੰਨਿਆਂ ਤੋਂ ਇਲਾਵਾ ਅੰਗਰੇਜ਼ੀ ਭਾਸ਼ਾ ਦੇ ਪ੍ਰਸਿੱਧ ਲਿਖਾਰੀ ਲਾਰਡ ਅਲਫਰੈਡ ਟੈਨੀਸਨ (LORD-ALFRED TENNYSON) ਵੱਲੋਂ ਯੂਲਿਸਿਜ਼ (ULLYSESE) ਦੇ ਸਿਰਲੇਖ ਹੇਠ ਵਿਸਥਾਰ ਨਾਲ ਲਿਖਿਆ ਗਿਆ ਹੈ ਪਰੰਤੂ ਮੌਜੂਦਾ ਸੰਸਾਰ ਨੇ ਦੋ ਵੱਡੇ ਸੰਸਾਰ ਮਹਾਂਯੁੱਧ (ਪਹਿਲਾ ਮਹਾਂਯੁੱਧ ੧੯੧੪-੧੯੧੯ ਈ. ਅਤੇ ਦੂਜਾ ਸੰਸਾਰ ਯੁੱਧ ੧੯੩੯-੪੫ ਈ.) ਵੇਖੇ ਹਨ। ਇਸੇ ਤਰ੍ਹਾਂ ਹੀ ਇਕ ਦੇਸ਼ ਦੀ ਦੂਜੇ ਦੇਸ਼ ਨਾਲ ਲੜਾਈ ਅਤੇ ਇਸ ਤਰ੍ਹਾਂ ਕਈ ਲੜਾਈਆਂ ਲੜੀਆਂ ਗਈਆਂ ਅਤੇ ਇਹ ਵਰਤਾਰਾ ਅੱਜ ਵੀ ਜਾਰੀ ਹੈ। ਇਨ੍ਹਾਂ ਮਹਾਂਯੁੱਧਾਂ, ਯੁੱਧਾਂ ਅਤੇ ਲੜਾਈਆਂ (WORLD WAR, WAR AND BATTLES) ਵਿਚ ਅੰਤ ਖਤਰਨਾਕ ਮਾਰੂ ਹਥਿਆਰਾਂ— ਐਟਮ ਬੰਬਾਂ, ਹਾਈਡਰੋਜਨ ਬੰਬਾਂ, ਮਾਰਟਰ ਤੋਪਾਂ, ਕਈ ਕਿਸਮ ਦੇ ਹਵਾਈ ਅਤੇ ਸਮੁੰਦਰੀ ਜਹਾਜ਼ਾਂ ਨੂੰ ਬੇਦਰਦੀ ਅਤੇ ਬੇਰਹਿਮੀ ਨਾਲ ਵਰਤਿਆ ਗਿਆ। ਇਹ ਲੜਾਈਆਂ ਵਿੱਚੋਂ ਇਕ ਜ਼ਮੀਨੀ ਲੜਾਈ ਜੋ ਤੋਪਾਂ, ਮਾਰਟਰ ਗੰਨਾਂ, ਹੱਥ ਗਰਨੇਡਾਂ, ਲਾਈਟ ਮਸ਼ੀਨ-ਗੰਨਾਂ, ਬੰਦੂਕਾਂ ਆਦਿ ਨਾਲ ਲੜੀ ਜਾਂਦੀ ਹੈ। ਦੂਜੀ ਸਮੁੰਦਰ ਦੇ ਡੂੰਘੇ ਖਾਰੇ ਪਾਣੀਆਂ ਵਿਚ ਸਮੁੰਦਰੀ ਜਹਾਜ਼ਾਂ ਦੇ ਵੱਖ-ਵੱਖ ਯੁੱਧ-ਪੋਤਾਂ, ਪਣਡੁੱਬੀਆਂ ਆਦਿ ਨਾਲ ਲੜੀ ਜਾਂਦੀ ਹੈ ਅਤੇ ਤੀਸਰੀ ਹਵਾ ਵਿਚ ਹੀ ਹਵਾਈ ਜਹਾਜ਼ਾਂ ਰਾਹੀਂ ਲੜੀ ਜਾਂਦੀ ਹੈ। ਜ਼ਮੀਨੀ ਲੜਾਈ ਲੜ ਰਹੀਆਂ ਫੌਜਾਂ ਦੇ ਪੈਰਾਂ ਹੇਠ ਠੋਸ ਧਰਤੀ ਹੁੰਦੀ ਹੈ ਅਤੇ ਸਮੁੰਦਰੀ ਲੜਾਈ ਵਿਚ ਕਾਰਜਸ਼ੀਲ ਜਹਾਜ਼ਾਂ ਹੇਠ ਸਮੁੰਦਰ ਦਾ ਪਾਣੀ ਹੁੰਦਾ ਹੈ ਪਰੰਤੂ ਹਵਾਈ ਲੜਾਈ ਵਿਚ ਹਵਾਈ ਜਹਾਜ਼ਾਂ ਹੇਠ ਕੋਈ ਓਟ-ਆਸਰਾ ਨਹੀਂ ਹੁੰਦਾ, ਇਸ ਲਈ ਲੜਾਈ, *ਵਿਣੁ ਥੰਮ੍ਾ ਗਗਨੁ ਰਹਾਇ ਸਬਦੁ ਨੀਸਾਣਿਆ* ਤਥਾ *ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ* ਅਨੁਸਾਰ ਹਵਾ (ਅੰਬਰ-ਗਗਨ) ਵਿਚ ਹੀ ਲੜਿਆ ਜਾਂਦਾ ਹੈ। ਇਸ ਲਈ ਦੋਹਾਂ ਢੰਗਾਂ ਨਾਲੋਂ ਇਹ ਜ਼ਿਆਦਾ ਖ਼ਤਰਨਾਕ ਅਤੇ ਜਾਨ ਦੇ ਖੌਅ ਵਾਲਾ ਹੁੰਦਾ ਹੈ ਜਾਂ ਇਹ ਕਹਿ ਲਓ ਕਿ

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੯੧੫੮-੦੫੧੦੦*

ਇਨ੍ਹਾਂ ਜਾਂਬਾਂਜ਼ ਲੜਾਕੂ ਯੋਧਿਆਂ ਅਤੇ ਜਹਾਜ਼ਾਂ 'ਤੇ ਅਕਾਲ ਪੁਰਖ ਦਾ ਹੀ ਓਟ-ਆਸਰਾ ਹੁੰਦਾ ਹੈ। ਹਵਾਈ ਲੜਾਈ ਵਿਚ ਆਪਣੇ ਕਮਾਲ ਦੇ ਜੌਹਰ ਵਿਖਾਉਣ ਵਾਲੇ ਆਪਣੇ ਲੜਾਕੂ ਜਹਾਜ਼ ਨੂੰ ਇਕ ਖਿਡੌਣੇ ਦੀ ਤਰ੍ਹਾਂ ਘੁੰਮਾਉਣ ਵਾਲੇ ਅਨੇਕਾਂ ਹੀ ਸੂਰਬੀਰ ਯੋਧੇ ਹੋਏ ਹਨ ਜਿਨ੍ਹਾਂ ਨੇ ਆਪਣੇ ਅਦੁੱਤੀ ਕਾਰਨਾਮਿਆਂ ਨਾਲ ਜੰਗਾਂ-ਯੁੱਧਾਂ ਦੇ ਇਤਿਹਾਸ ਵਿਚ ਬੜੇ ਹੀ ਸੁਨਹਿਰੀ ਪੰਨੇ ਜੋੜ ਕੇ ਇਸ ਨੂੰ ਬਹੁਤ ਅਮੀਰ ਬਣਾਇਆ। ਇਸ ਲੇਖ ਵਿਚ ੧੯੭੧ ਈ. ਵਿਚ ਹੋਏ ਪਾਕਿ-ਭਾਰਤ ਯੁੱਧ ਦੇ ਮਹਾਨ ਨਾਇਕ ਫਲਾਇੰਗ ਅਫ਼ਸਰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਬਾਰੇ ਸੰਖੇਪ ਅਤੇ ਸਰਲ ਪੰਜਾਬੀ ਵਿਚ ਵਿਚਾਰ ਕਰ ਰਹੇ ਹਾਂ ਤਾਂ ਜੋ ਆਮ ਸਧਾਰਨ ਪੰਜਾਬੀਆਂ ਤਥਾ ਦੇਸ਼-ਵਾਸੀਆਂ ਨੂੰ ਉਸ ਮਹਾਨ-ਨਿਵੇਕਲੇ ਸੂਰਬੀਰ ਯੋਧੇ ਮੌਤ ਦੇ ਫਰਿਸ਼ਤੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਣ ਦੀ ਜੁਰਅਤ ਕਰਨ ਵਾਲੇ ਅਮਰ ਸ਼ਹੀਦ ਫਲਾਇੰਗ ਅਫ਼ਸਰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ ਅਤੇ ਅਸੀਂ ਉਨ੍ਹਾਂ ਪ੍ਰਤੀ ਮਾਣ ਮਹਿਸੂਸ ਕਰ ਸਕੀਏ।

ਸੰਸਾਰ ਵਿਚ ਧਰਮ ਸੰਚਾਲਕਾਂ ਨੇ ਆਪਣੇ-ਆਪਣੇ ਪੈਰੋਕਾਰਾਂ ਨੂੰ ਜੀਵਨ-ਜੁਗਤ ਅਤੇ ਆਪਣੇ ਸਿਧਾਂਤ ਵੀ ਦਿੱਤੇ। ਪੰਜਾਬ ਦੀ ਪਵਿੱਤਰ ਧਰਤੀ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਮੁਕੰਮਲ ਇਨਕਲਾਬ ਦੀ ਨੀਂਹ ਰੱਖੀ ਉਸ ਲਈ ਇਕ ਸੰਪੂਰਨ ਕ੍ਰਾਂਤੀਕਾਰੀ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਫ਼ਿਲਾਸਫ਼ੀ (ਵਿਚਾਰਧਾਰਾ) ਵੀ ਬਖ਼ਸ਼ਿਸ਼ ਕੀਤੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਿਤਵੇ 'ਸਚਿਆਰ' ਮਨੁੱਖ ਨੂੰ ਦਸਮੇਸ਼ ਪਿਤਾ ਨੇ ਖ਼ਾਲਸੇ ਦੇ ਰੂਪ ਵਿਚ ਸਿਰਜ ਕੇ, ਸਵਾਰ ਕੇ, ਸ਼ਿੰਗਾਰ ਕੇ ਸੰਸਾਰ ਸਾਹਮਣੇ *ਖ਼ਾਲਸਾ ਅਕਾਲ ਪੁਰਖ ਕੀ ਫ਼ੌਜ। ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।* *(ਸਰਬ ਲੋਹ ਗ੍ਰੰਥ)* ਦੇ ਵਰਦਾਨ ਨਾਲ ਨਿਵਾਜਿਆ। ਜਿਸ ਨੂੰ ਭਗਤ ਕਬੀਰ ਜੀ ਦੇ ਕਥਨ ਅਨੁਸਾਰ, *ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ* ਤਥਾ *ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ* ਦੀ ਜੀਵਨ-ਜੁਗਤ ਦਾ ਧਾਰਨੀ ਬਣਾ ਦਿੱਤਾ। ਜਿਹੜਾ ਸਿੱਖ (ਖ਼ਾਲਸਾ) 'ਅਕਾਲ-ਪੁਰਖ' ਦੇ ਅਧੀਨ ਇਕ ਸੁਤੰਤਰ ਸ਼ਕਤੀ ਅਤੇ ਸ਼ਖ਼ਸੀਅਤ ਹੈ। ਇਸ ਦਾ ਇਹ ਜੈਕਾਰਾ "ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥" ਇਸੇ ਸਿਧਾਂਤ ਦਾ ਲਖਾਇਕ ਹੈ। ਭਾਵ ਖ਼ਾਲਸਾ ਵਾਹਿਗੁਰੂ ਜੀ ਦਾ ਹੀ ਹੈ ਅਤੇ ਇਸ ਕਰਕੇ ਇਹ ਅਜਿੱਤ ਹੈ। ਇਹ ਖ਼ਾਲਸਾ ਗੁਰਸਿੱਖ-ਸੂਰਤ, ਸਿਧਾਂਤ, ਸਦਾਚਾਰ ਅਤੇ ਜੀਵਨ-ਜੁਗਤ ਕਰਕੇ ਬਾਕੀ ਲੋਕਾਈ ਤੋਂ ਨਿਵੇਕਲਾ ਅਤੇ ਲੱਖਾਂ ਵਿਚ ਖੜ੍ਹਿਆ ਵੀ ਝੱਟ-ਪੱਟ ਪਛਾਣਿਆ ਜਾਂਦਾ ਹੈ। ਇਸ ਖ਼ਾਲਸੇ ਨੇ ਸੰਸਾਰ ਵਿਚ ਬਹੁਤ ਹੀ ਘੱਟ-ਗਿਣਤੀ ਵਿਚ ਹੁੰਦਾ ਹੋਇਆ ਵੀ ਹਰ ਖੇਤਰ ਵਿਚ ਅਦਭੁਤ ਕਾਰਨਾਮੇ ਕਰ ਕੇ ਆਪਣੀ ਵਿਲੱਖਣ ਸ਼ਖ਼ਸੀਅਤ ਕਾਇਮ ਕੀਤੀ।

ਆਮ ਤੌਰ 'ਤੇ ਮਨੁੱਖੀ ਮਨ ਹਮੇਸ਼ਾ ਹੀ ਡਾਵਾਂਡੋਲ *ਕਬਹੂ ਜੀਅੜਾ ਊਭਿ ਚੜਤੁ*

*ਹੈ ਕਬਹੂ ਜਾਇ ਪਇਆਲੇ* ਵਾਲੇ ਹੀ ਹੁੰਦੇ ਹਨ। ਇਹ ਲੋਕ ਕਰੋੜਾਂ ਦੀ ਗਿਣਤੀ ਵਿਚ ਸੰਸਾਰ ਵਿਚ ਪੈਦਾ ਹੁੰਦੇ ਅਤੇ ਮਰਦੇ ਹਨ ਜਿਨ੍ਹਾਂ ਦਾ ਨਾਂ ਤਾਂ ਕੋਈ ਇਤਿਹਾਸ ਵਿਚ ਜ਼ਿਕਰ ਹੁੰਦਾ ਹੈ ਨਾ ਹੀ ਉਨ੍ਹਾਂ ਨੂੰ ਪਿੱਛੋਂ ਕੋਈ ਯਾਦ ਹੀ ਕਰਦਾ ਹੈ। ਇਹ ਤਾਂ *ਆਇਆ ਗਇਆ ਮੁਇਆ ਨਾਉ॥ ਪਿਛੈ ਪਤਲਿ ਸਦਿਹੁ ਕਾਵ॥* ਹੀ ਹੋ ਨਿਬੜਦੇ ਹਨ ਪਰੰਤੂ ਕੁਝ ਵਿਰਲੀਆਂ ਸ਼ਖ਼ਸੀਅਤਾਂ *ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ* ਹੋਈਆਂ ਹਨ। ਜਿਨ੍ਹਾਂ ਅੰਦਰ ਅਦੁੱਤੀ ਦ੍ਰਿੜ੍ਹਤਾ, ਦਲੇਰੀ, ਬੁਲੰਦ ਹੌਂਸਲੇ, ਪਹਾੜਾਂ ਜਿੱਡੇ ਜੇਰੇ ਅਤੇ ਮੌਤ ਨੂੰ ਮਖੌਲਾਂ ਕਰਨ ਵਾਲੇ ਵੀ ਪੈਦਾ ਹੁੰਦੇ ਰਹੇ ਹਨ, ਜਿਨ੍ਹਾਂ ਨੂੰ ਜੀਵਨ ਦੌਰਾਨ ਅਤੇ ਜੀਵਨ ਤੋਂ ਬਾਅਦ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਫਲਾਇੰਗ ਅਫ਼ਸਰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਉਨ੍ਹਾਂ ਵਿਰਲਿਆਂ ਵਿੱਚੋਂ ਹੀ ਇਕ ਸਨ ਜਿਨ੍ਹਾਂ ਨੇ ਕੇਵਲ ੨੬ ਸਾਲ ਦੀ ਉਮਰ ਵਿਚ ਚਾਰ ਸਾਲ ਦੀ ਹਵਾਈ ਸੇਵਾ ਦੌਰਾਨ ਐਸਾ ਨਿਵੇਕਲਾ ਕਾਰਜ ਕੀਤਾ ਜਿਸ ਨਾਲ ਉਨ੍ਹਾਂ ਨੇ ਆਪਣਾ ਤੇ ਆਪਣੇ ਪਰਵਾਰ ਦਾ ਹੀ ਨਹੀਂ ਸਗੋਂ ਪੰਜਾਬ ਅਤੇ ਭਾਰਤੀ ਹਵਾਈ ਫੌਜ ਦਾ ਸਿਰ ਮਾਣ ਅਤੇ ਸ਼ਾਨ ਨਾਲ ਉੱਚਾ ਕੀਤਾ। ਉਨ੍ਹਾਂ ਦੀ ਭਰਪੂਰ ਸੂਰਬੀਰਤਾ ਵਾਲੇ ਜੀਵਨ ਬਾਰੇ ਤਾਂ ਦੁਨੀਆ ਦੀਆਂ ਫੌਜਾਂ ਵਿਚ ਵਿਚਾਰ ਚਰਚਾਵਾਂ ਹੁੰਦੀਆਂ ਹਨ ਤਾਂ ਜੋ ਉਹ ਦੇਸ਼ ਵੀ ਆਪਣੇ ਨੌਜਵਾਨ ਫੌਜੀ ਅਫ਼ਸਰਾਂ ਅਤੇ ਜਵਾਨਾਂ ਨੂੰ ਫਲਾਇੰਗ ਅਫ਼ਸਰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੀ ਸਿਰੜ, ਸਿਦਕ, ਦਿਲਾਵਰੀ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਅੰਦਰ ਉਹੋ ਜਿਹੇ ਹੀ ਸਦਗੁਣ ਪੈਦਾ ਕਰ ਸਕਣ। ਇਹ ਬੜੇ ਮਾਣ ਵਾਲੀ ਗੱਲ ਹੈ ਕਿ ਦੁਸ਼ਮਣ ਵੱਲੋਂ ਵੀ ਉਨ੍ਹਾਂ ਦੀ ਸ਼ਹੀਦੀ ਉਪਰੰਤ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੇ ਪਹਾੜ ਜਿੱਡੇ ਜੇਰੇ ਅਤੇ ਬੁਲੰਦ ਹੌਂਸਲੇ ਦੀ ਬਹੁਤ ਉਸਤਤ ਕੀਤੀ ਹੈ। ਆਪਣੇ ਤਾਂ ਹਮੇਸ਼ਾ ਹੀ ਤੁਹਾਡੀ ਸ਼ਲਾਘਾ ਕਰਦੇ ਹਨ ਪਰ ਜਦੋਂ ਤੁਹਾਡਾ ਕੱਟੜ ਦੁਸ਼ਮਣ ਤੁਹਾਡੀ ਸ਼ਕਤੀ, ਸਮਰੱਥਾ, ਗੁਣਾਂ ਅਤੇ ਦਿਲਾਵਰੀ ਦੀ ਸਿਫਤ ਕਰੇ, ਉਸ ਦਾ ਮਾਣ ਅਤੇ ਅਹਿਸਾਸ ਅਨੋਖਾ ਹੀ ਹੁੰਦਾ ਹੈ ਪਰੰਤੂ ਇਹ ਵਰਤਾਰਾ ਕੁਝ ਵਿਰਲਿਆਂ ਦੇ ਹਿੱਸੇ ਹੀ ਆਉਂਦਾ ਹੈ। ਪਾਕਿਸਤਾਨ ਦੇ ਜਿਸ ਫਲਾਇਟ ਲੈਫਟੀਨੈਂਟ ਨੇ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੇ ਜੈੱਟ ਜਹਾਜ਼ ਨੂੰ ਨਿਸ਼ਾਨਾ ਬਣਾਇਆ ਉਸੇ ਸਲੀਮ ਬੇਗ ਮਿਰਜ਼ਾ ਨੇ ਬਾਅਦ ਵਿਚ ਫਲਾਇੰਗ ਅਫ਼ਸਰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੀ ਨਿਪੁੰਨਤਾ, ਦ੍ਰਿੜ੍ਹਤਾ, ਦਲੇਰੀ ਅਤੇ ਬੁਲੰਦ ਹੌਂਸਲੇ ਦੀ ਇਕ ਪੂਰਾ ਲੇਖ ਲਿਖ ਕੇ ਭਰਪੂਰ ਸ਼ਲਾਘਾ ਕੀਤੀ। ਇਸੇ ਤਰ੍ਹਾਂ ਹੀ ਪਾਕਿਸਤਾਨ ਦੇ ਇਕ ਹੋਰ ਫਲਾਈਟ ਲੈਫਟੀਨੈਂਟ ਕੈਸ਼ਰ ਤੁਫ਼ੈਲ ਨੇ ਵੀ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੀ ਬਹੁਤ ਸ਼ਲਾਘਾ ਕੀਤੀ ਹੈ। ਅਸਲ ਵਿਚ ਖ਼ਾਲਸਾ ਦਸਮੇਸ਼ ਜੀ ਨੇ ਸਿਰਜਿਆ ਹੀ ਅਜਿਹੇ ਅਨੰਤ ਗੁਣਾਂ ਵਾਲਾ ਹੈ ਜਿਸ ਦੇ ਬਾਰੇ ਮਹਾਨ ਕਵੀ ਸਰਦਾਰ ਸੋਹਣ ਸਿੰਘ ਸੀਤਲ ਅਨੁਸਾਰ "ਇਕ ਮੁਠ ਛੋਲਿਆਂ ਦੀ ਖਾ

ਕੇ ਤੇਰੇ ਲੰਗਰਾਂ 'ਚੋਂ, ਘੂਰ ਘੂਰ ਮੌਤ ਨੂੰ ਡਰਾਵੇ ਤੇਰਾ ਖ਼ਾਲਸਾ। "

ਅੰਗਰੇਜ਼ਾਂ ਦੀ ਫੁੱਟ ਪਾਉ ਅਤੇ ਰਾਜ ਕਰੋ ਦੀ ਨੀਤੀ ਅਤੇ ਤਤਕਾਲੀ ਸਾਡੇ ਭਾਰਤੀ ਅਤੇ ਪਾਕਿਸਤਾਨੀ ਨੇਤਾਵਾਂ ਦੀ ਰਾਜ ਕਰਨ ਦੀ ਤੀਬਰ ਇੱਛਾ ਕਾਰਨ ਦੇਸ਼ ਦੀ ਵੰਡ ਕਰਨ ਦਾ ਫੈਸਲਾ ਹੋਇਆ ਅਤੇ ੩੦ ਜੂਨ, ੧੯੪੮ ਈ. ਨੂੰ ਇਹ ਵੰਡ ਹੋਣੀ ਸੀ ਅਤੇ ਪੂਰਾ ਸਮਾਂ ਮਿਲਣ ਨਾਲ ਦੋਹਾਂ ਪਾਸਿਓਂ ਜਨਤਾ ਦਾ ਬੜੇ ਅਰਾਮ ਅਤੇ ਸੁਰੱਖਿਅਤ ਤਰੀਕੇ ਨਾਲ ਬਿਨਾਂ ਕਿਸੇ ਜਾਨੀ ਨੁਕਸਾਨ ਦੇ ਅਦਾਨ-ਪ੍ਰਦਾਨ ਹੋ ਸਕਦਾ ਸੀ ਪਰੰਤੂ ਉਨ੍ਹਾਂ ਨੇਤਾਵਾਂ ਦੀ ਅਮੁੱਕ ਰਾਜਸੀ ਭੁੱਖ ਕਾਰਨ ਅਜ਼ਾਦੀ ਦੀ ਤਰੀਖ ਨੂੰ ਬਦਲ ਕੇ ੧੫ ਅਗਸਤ, ੧੯੪੭ ਈ. ਕਰ ਦਿੱਤਾ ਗਿਆ ਅਤੇ ਦੁਖਦਾਇਕ ਵੰਡ ਸਮੇਂ ਦੋਹਾਂ ਪਾਸਿਆਂ ਦਾ ਨਾ ਪੂਰਾ ਹੋਣ ਵਾਲਾ ਨੁਕਸਾਨ ਹੋਇਆ। ਘਰਾਂ ਦੇ ਘਰ, ਪਰਵਾਰਾਂ ਦੇ ਪਰਵਾਰ ਉੱਜੜ ਗਏ ਅਤੇ ਤਬਾਹ ਹੋ ਗਏ। ਇਸ ਵੰਡ ਦੇ ਜ਼ਖ਼ਮ ਹਾਲੀਂ ਵੀ ਹਰੇ ਹੀ ਹਨ ਅਤੇ ਦੋਹਾਂ ਦੇਸ਼ਾਂ ਵਿਚ ਨਾ ਮੁੱਕਣ ਵਾਲੀ ਕੁੜੱਤਣ ਅਤੇ ਦੁਸ਼ਮਣੀ ਕਾਇਮ ਹੋ ਗਈ। ਜਿਸ ਦੇ ਨਤੀਜੇ ਵਜੋਂ ਪਹਿਲੀ ਜੰਗ ਭਾਰਤ-ਪਾਕਿ ਵਿਚਕਾਰ ੧੯੪੭-੪੮ ਈ. ਵਿਚ ਹੀ ਹੋਈ। ਫਿਰ ੧੯੬੫ ਈ. ਵਿਚ ਦੋਹਾਂ ਦੇਸ਼ਾਂ ਵਿਚਕਾਰ ਖ਼ੂਨ ਡੋਲ੍ਹਵੀਂ (FULL SCALE WAR) ਲੜਾਈ ਹੋਈ ਅਤੇ ਫਿਰ ੧੯੭੧ ਈ. ਵਿਚ ਪੂਰੀ ਜੰਗ ਹੋਈ। ਜਿਸ ਦੇ ਨਤੀਜੇ ਵਜੋਂ ੧੯੭੧ ਈ. ਵਿਚ ਪਾਕਿਸਤਾਨ ਦੇ ਦੋ ਟੁੱਕੜੇ ਹੋ ਗਏ ਅਤੇ ਬੰਗਲਾਦੇਸ਼ ਹੋਂਦ ਵਿਚ ਆਇਆ।

ਫਲਾਇੰਗ ਅਫ਼ਸਰ ਨਿਰਮਲਜੀਤ ਸਿੰਘ (ਸੇਖੋਂ) ਦਾ ਜਨਮ ਮਾਸਟਰ ਵਾਰੰਟ ਅਫ਼ਸਰ (M.W.O.) ਤੇ ਆਨਰੇਰੀ ਫਲਾਈਟ ਲੈਫਟੀਨੈਂਟ ਸਰਦਾਰ ਤਰਲੋਕ ਸਿੰਘ (ਸੇਖੋਂ) ਅਤੇ ਮਾਤਾ ਹਰਬੰਸ ਕੌਰ ਦੀ ਪਵਿੱਤਰ ਕੁੱਖੋਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਈਸੇਵਾਲ ਵਿਖੇ ੧੭ ਜੁਲਾਈ, ੧੯੪੫ ਈ. ਵਿਚ ਹੋਇਆ। ਸਰਕਾਰੀ ਸਕੂਲ, ਮੋਹੀ ਵਿਖੇ ਸਕੂਲ ਵਿਚ ਪੜ੍ਹਾਈ ਕਰਦਿਆਂ ਐਨ. ਡੀ. ਏ. ਦੀ ਪ੍ਰੀਖਿਆ ਪਾਸ ਕਰ ਲਈ। ਉਪਰੰਤ (N.D.A.) ਨੈਸ਼ਨਲ ਡਿਫੈਂਸ ਅਕਾਦਮੀ, ਕਾਨ੍ਹਪੁਰ ਵਿਚ ਪੰਜ ਸਾਲ ਵਿਚ ਸਫਲਤਾ-ਪੂਰਵਕ ਸਿਖਲਾਈ (TRAINING) ਪ੍ਰਾਪਤ ਕੀਤੀ। ਅਕਾਦਮੀ ਵਿਚ ਉਸ ਨੇ ਇਕ ਵਧੀਆ ਖਿਡਾਰੀ, ਨਿਸ਼ਠਾਵਾਨ ਕੈਡਿਟ ਅਤੇ ਹਮੇਸ਼ਾਂ ਹੀ ਆਪਣੇ ਕਿੱਤੇ (ਹਵਾਈ ਨੌਕਰੀ) ਬਾਰੇ ਬੜੀ ਗੰਭੀਰਤਾ, ਸੁਚੇਤ ਮਨ ਬਰੀਕੀ ਅਤੇ ਤੀਬਰਤਾ ਨਾਲ ਸਿੱਖਿਆ ਪ੍ਰਾਪਤ ਕੀਤੀ। ਉਨ੍ਹਾਂ ਨੂੰ ਅਕਾਦਮੀ ਵੱਲੋਂ ਇਕ ਉੱਤਮ ਕੈਡਿਟ (BEST CADET) ਮੰਨਿਆ ਗਿਆ। ਉਪਰੰਤ ੨੨ ਸਾਲ ਦੀ ਉਮਰ ਵਿਚ ੪ ਜੂਨ, ੧੯੬੭ ਈ. ਵਿਚ ਆਪ ਨੂੰ ਭਾਰਤੀ ਹਵਾਈ ਫੌਜ ਵਿਚ ਨੈੱਟ ਪਾਈਲਟ ਅਫ਼ਸਰ ਦੇ ਤੌਰ 'ਤੇ ਕਮਿਸ਼ਨ ਮਿਲਿਆ। ਉਨ੍ਹਾਂ ਨੇ ਆਪਣੀ ਸ਼ਾਨਦਾਰ ਸੇਵਾ ਸ੍ਰੀ ਨਗਰ ਏਅਰ ਬੇਸ ਵਿਖੇ ਭਾਰਤੀ ਹਵਾਈ ਫੌਜ ਦੇ ੧੮ ਸੁਕੈਡਰਨ "ਦਾ ਫਲਾਇੰਗ ਬੁਲੈਟਸ" ਵਿਚ ਜਿੱਥੇ ਫੌਲੈਂਡ ਨੈੱਟ ਲੜਾਕੂ ਹਵਾਈ ਜਹਾਜ਼ ਉੱਤੇ ਸ਼ੁਰੂ ਕੀਤੀ (18

SQUADRON, = FLYING BULLETS OF IAF FOLLAND GNAT FIGHTER AIRCRAFT BASED AT SRINAGAR) ਉਨ੍ਹਾਂ ਦੇ ਸੀਨੀਅਰ ਫਲਾਈਟ ਲੈਫਟੀਨੈਂਟ ਸਰਦਾਰ ਬੀ.ਐਸ. ਘੁੰਮਣ ਸਨ।

ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਬਾਰੇ ਸੀਨੀਅਰ ਅਫ਼ਸਰ ਫਲਾਈਟ ਲੈਫਟੀਨੈਂਟ ਸਰਦਾਰ ਬੀ.ਐਸ. ਘੁੰਮਣ (ਬਾਅਦ ਵਿਚ ਏਅਰ ਕਮਾਂਡਰ) ਲਿਖਦੇ ਹਨ ਕਿ— "ਸਰਦਾਰ ਸੇਖੋਂ ਆਪਣੇ ਹਰ ਸਾਥੀ ਨੂੰ "ਭਾਅ ਜੀ" (BROTHER) ਕਹਿ ਕੇ ਬੁਲਾਉਂਦੇ ਸਨ। ਜਿਸ ਕਰਕੇ ਉਨ੍ਹਾਂ ਦਾ ਛੋਟਾ ਨਾਂ (NICK NAME) ਹੀ "ਭਾਅ ਜੀ" ਪੈ ਗਿਆ। ਨੌਜਵਾਨ ਸੇਖੋਂ ਬਹੁਤ ਹੀ ਸਾਦਾ ਪਰੰਤੂ ਪੁਰਜੋਸ਼ ਇਨਸਾਨ ਸੀ ਅਤੇ ਉਹ ਹਮੇਸ਼ਾ ਹੀ ਆਪਣੇ ਭਾਰੀ ਜਾਵਾ ਮੋਟਰਸਾਈਕਲ ਉੱਤੇ ਹੀ ਸਵਾਰ ਹੁੰਦੇ ਸਨ।"

ਟ੍ਰੇਨਿੰਗ ਸਫਲਤਾ ਸਹਿਤ ਪੂਰੀ ਕਰਨ ਉਪਰੰਤ ਉਹ ਫੌਜੀ ਹਾਈ ਕਮਾਨ ਦੇ ਹੁਕਮ ਅਨੁਸਾਰ ਬਾਕਾਇਦਾ ਤੌਰ ਉੱਤੇ ਸ੍ਰੀਨਗਰ ਦੇ ੧੮-ਸੁਕੈਡਰਨ ਦੇ ਏਅਰ ਬੇਸ ਉੱਤੇ ੧੯੬੭ ਈ. ਵਿਚ ਤਾਇਨਾਤ ਹੋਏ। ਉਨ੍ਹਾਂ ਦਿਨਾਂ ਵਿਚ ੧੯੬੫ ਈ. ਦੇ ਯੁੱਧ ਵਿਚ ਹੋਈ ਪਾਕਿਸਤਾਨ ਦੀ ਨਾਮੋਸ਼ੀ ਕਾਰਨ ਦੁਸ਼ਮਣ ਦੇਸ਼ ਹਮੇਸ਼ਾਂ ਹੀ ਬਦਲਾ ਲੈਣ ਦੀ ਭਾਵਨਾ ਨਾਲ ਫੌਜੀ ਛੇੜ-ਛਾੜ (HOSTALATIES) ਕਰਦਾ ਰਹਿੰਦਾ ਸੀ। ਨਤੀਜੇ ਵਜੋਂ ੧੯੭੧ ਈ. ਦੀ ਭਾਰਤ-ਪਾਕਿ ਪੂਰੀ ਜੰਗ (FULL SCALE WAR) ਸ਼ੁਰੂ ਹੋਈ ਭਾਵੇਂ ਇਹ ਜੰਗ ਪੂਰਬੀ ਫਰੰਟ ਉੱਤੇ ਲੜੀ ਜਾ ਰਹੀ ਸੀ ਪਰੰਤੂ ਪਾਕਿਸਤਾਨ ਨੇ ਭਾਰਤ ਦਾ ਧਿਆਨ ਅਤੇ ਸ਼ਕਤੀ ਵੰਡਣ ਦੀ ਨੀਯਤ ਨਾਲ ਪੱਛਮੀ ਫਰੰਟ ਉੱਤੇ ਵੀ ਹਮਲੇ ਸ਼ੁਰੂ ਕਰ ਦਿੱਤੇ ਜਿਸ ਦੌਰਾਨ ਸ੍ਰੀਨਗਰ ਨੂੰ ਖਾਸ ਨਿਸ਼ਾਨਾ ਬਣਾਇਆ ਗਿਆ ਅਤੇ ਭਾਰਤੀ ਫੌਜ ਵਿਚ ਪੂਰੀ ਤਿਆਰੀ (ਦੋ ਮਿੰਟ ਦੀ ਕਾਲ) ਉੱਤੇ ਸੀ। ੧੪ ਦਸੰਬਰ, ੧੯੭੧ ਈ. ਨੂੰ ਜਦੋਂ ਸੰਘਣੀ ਧੁੰਦ ਪਈ ਹੋਈ ਸੀ ਤਾਂ ਉਦੋਂ ਸਵੇਰੇ ਹੀ ਪਾਕਿਸਤਾਨ ਦੀ (P.A.F.) ਹਵਾਈ ਫੌਜ ਵੱਲੋਂ ਪਿਸ਼ਾਵਰ ਏਅਰ ਫੋਰਸ ਦੇ (P. A. F.) ਦੇ ੨੬-ਸੁਕੈਡਰਨ ਭਾਰਤ ਦੇ ਸ੍ਰੀਨਗਰ ਬੇਸ ਉੱਤੇ ਹਮਲਾ ਕਰ ਦਿੱਤਾ ਗਿਆ। ਇਹ ਹਮਲਾ ਛੇ ਸੈਬਰ ਜੈੱਟ (SABRE-JET FITHER AIRCRAFT) ਲੜਾਕੂ ਹਵਾਈ ਜਹਾਜ਼ਾਂ ਨਾਲ ਭਾਰਤ ਦੇ ਸ੍ਰੀਨਗਰ ਦੇ ੧੮-ਸੁਕੈਡਰਨ ਦੇ ਬੇਸ ਉੱਤੇ ਕੀਤਾ ਗਿਆ।

ਭਾਰਤੀ ਹਵਾਈ ਕੰਟਰੋਲ (CAMBAT AIR PATROL-C.A.P) ਨੂੰ ਕੇਵਲ ਉਦੋਂ ਹੀ ਪਤਾ ਲੱਗਿਆ ਜਦੋਂ ਪਾਕਿਸਤਾਨ ਦੇ ਸੈਬਰ ਜੈੱਟ ਗੂੰਜਾਰਦੇ ਹੋਏ ਭਾਰਤੀ ਸਰਹੱਦ ਅੰਦਰ ਦਾਖ਼ਲ ਹੋ ਕੇ ਸ੍ਰੀਨਗਰ ਬੇਸ ਉੱਤੇ ਅੰਧਾਧੁੰਦ ਬੰਬ ਵਰਖਾ ਕਰ ਦਿੱਤੀ ਜਿਸ ਨਾਲ ਚਾਰੇ ਪਾਸੇ ਗਰਦ-ਗੁਬਾਰ-ਹਨੇਰਾ ਫੈਲ ਗਿਆ। ਸ੍ਰੀਨਗਰ ਹਵਾਈ ਬੇਸ ਦੀ ਹਵਾਈ ਪੱਟੀ ਤਬਾਹ ਕਰ ਦਿੱਤੀ ਗਈ। ਉਦੋਂ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਅਤੇ ਉਸ ਦੇ ਦੂਜੇ ਸੀਨੀਅਰ ਅਫ਼ਸਰ ਫਲਾਈਟ ਲੈਫਟੀਨੈਂਟ ਸਰਦਾਰ ਬੀ.ਐਸ. ਘੁੰਮਣ, ਜੋ ਬਾਅਦ ਵਿਚ ਏਅਰ ਕਮਾਂਡਰ ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ, ਦੋ ਮਿੰਟ ਦੀ ਤਿਆਰੀ ਉੱਤੇ ਸਨ, ਨੂੰ

ਹਮਲਾਵਰ ਦੁਸ਼ਮਣ ਜਹਾਜ਼ਾਂ ਦਾ ਮੁਕਾਬਲਾ ਕਰਨ ਤਥਾ ਖਦੇੜਨ ਦਾ ਹੁਕਮ (SCRAMBLE) ਹੋਇਆ ਅਤੇ ਫਲਾਈਟ ਲੈਫਟੀਨੈਂਟ ਸਰਦਾਰ ਘੁੰਮਣ, ਜੋ ਉਸ ਸਮੇਂ ਭਾਰਤ ਹਵਾਈ ਟੁੱਕੜੀ ਦੀ ਅਗਵਾਈ ਕਰ ਰਹੇ ਸਨ, ਨੂੰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਨੇ ਉੱਚੀ ਅਵਾਜ਼ ਵਿਚ ਆਪਣੇ ਸੀਨੀਅਰ ਅਫ਼ਸਰ ਨੂੰ ਹੌਂਸਲਾ ਦੇਣ ਲਈ ਕਿਹਾ- "ਭਾਅ ਜੀ ਮੈਂ ਪਿੱਛੇ ਹੀ ਆ ਰਿਹਾ ਹਾਂ" ਪਰੰਤੂ ਗਰਦ-ਗੁਬਾਰ ਕਾਰਨ ਰਸਤਾ ਨਾ ਦਿਖਣ ਕਾਰਨ ਸਰਦਾਰ ਘੁੰਮਣ ਉੱਥੇ ਹੀ ਹੇਠਾਂ ਉਤਰ ਆਏ। ਹੁਣ ਸਾਰੀ ਲੜਾਈ ਦਾ ਬੋਝ ਫਲਾਇੰਗ ਅਫ਼ਸਰ ਸਰਦਾਰ ਨਿਰਮਲਜੀਤ ਸਿੰਘ ਸੇਖੋਂ ਉੱਤੇ ਆ ਗਿਆ। ਫਲਾਇੰਗ ਅਫ਼ਸਰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਲਈ ਤਾਂ ਇਹ ਮੌਕਾ ਭਗਤ ਕਬੀਰ ਜੀ ਦੇ ਕਥਨ- *ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥੧॥ ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥* ਹੀ ਸੀ। ਜੇ ਉਹ ਆਪਣੀ ਜਾਨ ਬਚਾਉਣੀ ਚਾਹੁੰਦੇ ਤਾਂ ਉਹ ਵੀ ਹੇਠਾਂ ਉਤਰ ਸਕਦੇ ਸਨ ਪਰੰਤੂ ਉਨ੍ਹਾਂ ਨੂੰ ਤਾਂ ਗੁੜ੍ਹਤੀ ਹੀ *ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥* ਦੀ ਮਿਲੀ ਹੋਈ ਸੀ ਅਤੇ ਉਨ੍ਹਾਂ ਦੇ ਸਾਹਮਣੇ ਚਮਕੌਰ ਦੀ ਗੜ੍ਹੀ ਦਾ ਇਤਿਹਾਸ, ਜਿੱਥੇ ਦਸਮੇਸ਼ ਜੀ ਦੀ ਅਗਵਾਈ ਹੇਠ ਕੇਵਲ ੪੦ ਭੁੱਖੇ-ਭਾਣੇ ਸਿੰਘਾਂ-ਸੂਰਮਿਆਂ ਨੇ ਅਣਗਿਣਤ ਪਠਾਨ-ਮੁਗ਼ਲ ਮੁਲਖਈਆਂ ਨਾਲ ਛਾਤੀਆਂ ਡਾਹ ਕੇ ਲੜਾਈ ਲੜਦਿਆਂ ਸ਼ਹੀਦੀ ਪਾਈ ਅਤੇ ਜਿਸ ਤਰ੍ਹਾਂ ਦਸਮੇਸ਼ ਪਿਤਾ ਦੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ ੧੭ ਸਾਲ ਅਤੇ ਬਾਬਾ ਜੁਝਾਰ ਸਿੰਘ ਜੀ ੧੪ ਸਾਲ ਨੇ ਆਪ ਸਵੈ-ਇੱਛਾ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਆਗਿਆ ਲੈ ਕੇ ਲੜਾਈ ਵਿਚ ਜੂਝੇ ਅਤੇ ਉਹ ਜੌਹਰ ਦਿਖਾਏ ਕਿ ਦੁਸ਼ਮਣ ਦੇਖ ਕੇ ਅਸ਼-ਅਸ਼ ਕਰ ਉੱਠਿਆ ਅਤੇ ਕਹਿਣ ਲੱਗੇ ਕਿ ਇਹ ਤਾਂ ਕੋਈ ਬਲਾਅ ਹੀ ਹੈ ਜਿਨ੍ਹਾਂ ਦੀਆਂ ਤਲਵਾਰਾਂ ਬਿਜਲੀ ਦੀ ਤਰ੍ਹਾਂ ਚਮਕਦੀਆਂ ਹੋਈਆਂ ਮਾਰੋ-ਮਾਰ ਕਰ ਰਹੀਆਂ ਹਨ। ਅੰਤ ਨੂੰ ਦੋਵੇਂ ਸਾਹਿਬਜ਼ਾਦੇ ਕੇਵਲ ਤੇ ਕੇਵਲ 'ਆਟੇ ਵਿਚ ਲੂਣ' ਦੀ ਤਰ੍ਹਾਂ ਗਿਣਤੀ ਦੇ ਭਾਰ ਕਾਰਨ ਆਪਣੇ ਸਤਿਕਾਰਯੋਗ ਪਿਤਾ ਜੀ ਦੀਆਂ ਅੱਖਾਂ ਸਾਹਮਣੇ ਸ਼ਹੀਦੀਆਂ ਪਾ ਗਏ ਅਤੇ ਜਿਸ ਦ੍ਰਿੜ੍ਹਤਾ, ਨਿਡਰਤਾ, ਦਿਲਾਵਰੀ ਅਤੇ ਸਹਿਜ ਨਾਲ ਛੋਟੇ ਸਾਹਿਬਜ਼ਾਦਿਆਂ ਨੇ ਪਠਾਨ ਜਾਲਮ ਸੂਬੇਦਾਰ-ਸਰਹੰਦ ਵਜੀਰ ਖਾਨ ਦੇ ਅਣਮਨੁੱਖੀ ਤਸੀਹੇ ਝਲਦਿਆਂ ਸ਼ਹੀਦੀ ਪਾਈ ਪਰ ਈਨ ਨਹੀਂ ਮੰਨੀ। ਇਹ ਸਾਰਾ ਇਤਿਹਾਸ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੇ ਜ਼ਿਹਨ ਵਿਚ ਸੀ। ਪ੍ਰਸਿੱਧ ਕਵੀ ਸ. ਪ੍ਰੀਤਮ ਸਿੰਘ ਕਾਸਦ ਨੇ ਖ਼ਾਲਸਾ ਪੰਥ ਦੇ ਆਪਾ ਵਾਰਨ ਵਾਲੇ ਸੁਭਾਅ ਬਾਰੇ ਠੀਕ ਹੀ ਲਿਖਿਆ ਹੈ:

*ਉਨ੍ਹਾਂ ਲੋਕਾਂ ਦੀ ਮੰਜ਼ਿਲ ਦਾ ਰਾਹ ਸਿੱਧਾ*
*ਵਲ ਜਿਨ੍ਹਾਂ ਨੂੰ ਆਇਆ ਸ਼ਹੀਦੀਆਂ ਦਾ।*
*ਉਹ ਹੈ ਕੌਮ ਪੂੰਜੀ ਦਾਰ ਜਿੰਦਗੀ ਦੀ*

*ਜਿਹਦੇ ਕੋਲ ਸਰਮਾਇਆ ਸ਼ਹੀਦੀਆਂ ਦਾ।*

ਫਲਾਇੰਗ ਅਫ਼ਸਰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਨੇ ਭਾਰਤੀ ਹਵਾਈ ਫੌਜ ਦੇ ਸਰਕਾਰੀ ਦਸਤਾਵੇਜ਼ਾਂ ਅਨੁਸਾਰ ਅੱਖ ਦੇ ਫੋਰੇ (I N. A. SPLIT OF A SECOND) ਵਿਚ ਪਾਕਿਸਤਾਨੀ ਸੈਬਰ ਜੈੱਟਾਂ ਉੱਤੇ ਪੂਰੇ ਜੋਸ਼ ਨਾਲ ਹਮਲਾ ਕਰ ਦਿੱਤਾ ਅਤੇ ਮਿੰਟਾਂ ਵਿਚ ਹੀ ਪਾਕਿਸਤਾਨ ਦੇ ਦੋ ਸੈਬਰ ਜੈੱਟਾਂ ਨੂੰ ਹੇਠਾਂ ਸੁੱਟ ਦਿੱਤਾ। C.A.P. ’ਤੇ ਤਾਇਨਾਤ ਫਲਾਇੰਗ ਅਫ਼ਸਰ ਬਾਅਦ ਵਿਚ ਸੇਵਾ-ਮੁਕਤ ਏਅਰ ਕਮਾਂਡਰ (Y) ਵਾਈ ਸਿੰਘ (NICK NAME) ਨੇ ਇਕ ਇੰਟਰਵਿਊ ਵਿਚ ਇਹ ਦੱਸਦਿਆਂ ਹੋਇਆਂ ਅੱਗੇ ਕਿਹਾ ਕਿ ਉਨ੍ਹਾਂ ਨੇ ੩੦ ਮੀਲੀਮੀਟਰ (੩੦ mm) ਫਾਈਰ ਧਮਾਕਾ ਸੁਣਿਆ ਅਤੇ ਅਸੀਂ ਸਮਝ ਗਏ ਕਿ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਨੇ ਇਕ ਸੈਬਰ ਜੈੱਟ ਫੁੰਡ ਲਿਆ, “ਜਿਹੜੇ ਮਾਰਨ ਆਏ ਸਨ, ਉਨ੍ਹਾਂ ਨੂੰ ਹੀ ਮਾਰ ਦਿੱਤਾ”(HUNTERS WERE HUNTED) ਉਦੋਂ ਹੀ ਇੱਕੋ ਨੈਟ ਫਾਈਟਰ ਹਵਾਈ ਜਹਾਜ਼ ਵੱਲੋਂ ਕੀਤੀ ਗਈ ਆਪਣੇ ਸੈਬਰ ਜੈੱਟਾਂ ਦੀ ਦੁਰਦਸ਼ਾ ਨੂੰ ਵੇਖਦਿਆਂ ਪਾਕਿਸਤਾਨ ਵੱਲੋਂ ਝੱਟ-ਪੱਟ ੬ ਸੈਬਰ ਜੈੱਟ ਜਹਾਜ਼ਾਂ ਦੀ ਫਲੀਟ ਨਾਲ ਭਰਪੂਰ ਹਮਲਾ ਕਰ ਦਿੱਤਾ ਗਿਆ। ਜਿਸ ਦੀ ਅਗਵਾਈ ਕਮਾਂਡਰ ਚੰਗਾਜ਼ੀ ਕਰ ਰਿਹਾ ਸੀ। ਹੁਣ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਨੇ ਸਾਰੇ ਦੁਸ਼ਮਣ ਜਹਾਜ਼ਾਂ ਨਾਲ ਪੂਰੀ ਦਲੇਰੀ, ਦ੍ਰਿੜ੍ਹਤਾ ਅਤੇ ਨਿਪੁੰਨਤਾ(THERE IS NOT TO REASON WHY. THERE IS BUT TO DO OR DIE) ਭਾਵ ਹੁਣ ਕਿੰਤੂ-ਪਰੰਤੂ ਨਹੀਂ ਸਗੋਂ ਕਰੋ ਜਾਂ ਮਰੋ ਹੀ ਨਿਸ਼ਾਨਾ ਸੀ, ਦੀ ਭਾਵਨਾ ਅਤੇ ਬਹਾਦਰੀ ਅਤੇ ਅਡੋਲਤਾ ਨਾਲ ਪੂਰਾ ਮੁਕਾਬਲਾ ਕੀਤਾ। ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਨੇ ਦੁਸ਼ਮਣ ਨੂੰ ਵੰਗਾਰਦਿਆਂ ਕਿਹਾ “ਛੋੜੂੰਗਾ ਨਹੀਂ” ਅਤੇ ਉਨ੍ਹਾਂ ਸਭ ਨੂੰ ਖਦੇੜ ਦਿੱਤਾ ਅਤੇ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਉਨ੍ਹਾਂ ਦਾ ਅਜੇ ਵੀ ਪਿੱਛਾ ਕਰ ਰਹੇ ਸਨ ਤਾਂ ਜੋ ਉਨ੍ਹਾਂ ਨੂੰ ਭਾਰਤੀ ਸਰਹੱਦ ਤੋਂ ਪਾਰ ਭਜਾ ਦਿੱਤਾ ਜਾਵੇ। ਹਵਾਈ ਗੋਲਾਬਾਰੀ ਇੰਨੀ ਭਾਰੀ ਹੋਈ ਕਿ ਪਾਕਿਸਤਾਨ ਦੇ ਇਕ ਸੈਬਰ ਜੈਟ ਦੇ ਫਲਾਈਟ ਲੈਫਟੀਨੈਂਟ ਨੂੰ ਇਹ ਪੁਕਾਰਦਿਆਂ ਸੁਣਿਆ ਗਿਆ ਕਿ (WINCHESTER) ਭਾਵ ਮੇਰੇ ਪਾਸ ਗੋਲਾ-ਬਾਰੂਦ ਮੁੱਕ ਗਿਆ ਹੈ। (WINCHESTER) ਪਾਕਿਸਤਾਨ ਦਾ ਹਵਾਈ ਯੁੱਧ ਕੋਡ (CODE) ਸੀ। ਭੱਜੇ ਜਾਂਦੇ ਸੈਬਰ ਜੈੱਟਾਂ ਵੱਲੋਂ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੇ ਨੈਟ ਫਾਈਟਰ ਉੱਤੇ ਬਾਦਸਤੂਰ ਹਮਲਾ ਵੀ ਜਾਰੀ ਰੱਖਿਆ ਅਤੇ ਇਕ ਪਾਕਿਸਤਾਨੀ ਸੇਵਾ-ਮੁਕਤ ਏਅਰ ਕਮਾਂਡਰ ਕੈਸਰ ਤੁਫੈਲ ਨੇ ਵੀ ਲਿਖਿਆ ਕਿ “ਭਾਅ ਜੀ” ਸੇਖੋਂ ਨੇ ਇਕੱਲੇ ਹੀ ਸੈਬਰ ਜੈੱਟਾਂ ਉੱਤੇ ਮਾਰੂ ਹਮਲਾ ਕਰ ਦਿੱਤਾ। ਕੈਸਰ ਤੁਫੈਲ ਨੇ ਵੀ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੀ ਬਹਾਦਰੀ ਸੂਰਬੀਰਤਾ ਅਤੇ ਯੁੱਧ ਕਲਾ ਵਿਚ ਨਿਪੁੰਨਤਾ ਦੀ ਭਰਪੂਰ ਸ਼ਲਾਘਾ ਕੀਤੀ ਹੈ। ਅਤਿਅੰਤ ਨਾਜ਼ੁਕ ਸਮੇਂ ਪਾਕਿਸਤਾਨ ਦੇ ਫਲਾਈਟ ਲੈਫਟੀਨੈਂਟ ਨੇ ਬੈਗ ਸਲੀਮ ਮਿਰਜ਼ਾ ਨੇ ਆਪਣੇ ਸੈਬਰ ਜੈੱਟ ਨੂੰ ਬਿਲਕੁਲ ਹੇਠਾਂ ਕਰ ਕੇ DIVE ਮਾਰ ਕੇ

ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੇ ਨੈਟ ਜਹਾਜ਼ ਦੇ ਪਿੱਛੇ ਲੈ ਆਂਦਾ ਅਤੇ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੇ ਜਹਾਜ਼ ਉੱਤੇ ਗੰਨ ਫਾਈਰ ਕੀਤਾ ਗਿਆ। ਜਿਸ ਨਾਲ ਉਨ੍ਹਾਂ ਦਾ ਜਹਾਜ਼ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਆਪ ਵੀ ਜ਼ਖ਼ਮੀ ਹੋ ਗਏ, ਇਸ ਤੋਂ ਪਹਿਲਾਂ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਵੱਲੋਂ ਆਪਣੇ ਸੀਨੀਅਰ ਅਫ਼ਸਰ ਫਲਾਈਟ ਲੈਫਟੀਨੈਂਟ ਸਰਦਾਰ ਘੁੰਮਣ ਨੂੰ ਸੁਨੇਹਾ ਭੇਜਿਆ, "ਮੇਰੇ ਅੱਗੇ ਇਕ ਦੁਸ਼ਮਣ ਜਹਾਜ਼ ਹੈ ਅਤੇ ਇਕ ਮੇਰੇ ਪਿੱਛੇ ਲੱਗ ਗਿਆ ਹੈ (I HAVE A GUY IN FRONT OF ME, BUT SOMEONE GETTING BEHIND ME ALSO) ਮੁੜ ਸੁਨੇਹਾ ਭੇਜਿਆ ਕਿ ਘੁੰਮਣ ਭਾਅ ਜੀ ਮੇਰਾ ਜਹਾਜ਼ ਜ਼ਖ਼ਮੀ ਹੋ ਗਿਆ ਹੈ - ਆਓ" (BROTHER GHUMAN - I AM HIT - COME) ਇੰਨੀ ਦੇਰ ਨੂੰ ਭਾਰਤੀ ਏਅਰ ਬੇਸ ਤੋਂ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਨੂੰ ਤੁਰੰਤ ਹੇਠਾਂ ਆਉਣ ਲਈ ਕਿਹਾ ਗਿਆ। ਉਨ੍ਹਾਂ ਨੇ ਅਜਿਹਾ ਕਰਨ ਲਈ ਆਖਰੀ ਹੰਭਲਾ ਮਾਰਿਆ ਪਰੰਤੂ ਉਹ ਅਤੇ ਉਨ੍ਹਾਂ ਦਾ ਜਹਾਜ਼ ਜ਼ਿਆਦਾ ਜ਼ਖ਼ਮੀ ਹੋ ਜਾਣ ਕਾਰਨ ਲੋਟਣੀਆਂ ਖਾਂਦੇ ਹੇਠਾਂ ਡਿੱਗ ਪਿਆ ਅਤੇ ਇਸ ਤਰ੍ਹਾਂ ਦੁਨੀਆ ਦੇ ਮਹਾਨ ਨੌਜਵਾਨ ਫਾਈਟਰ ਜਾਂਬਾਜ਼ ਹਵਾਬਾਜ਼ ਦੇਸ਼ ਦੀ ਆਨ ਲਈ ਸ਼ਹੀਦੀ ਪਾ ਗਿਆ। ਵੱਖ-ਵੱਖ ਸ੍ਰੋਤਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਕ ਸ੍ਰੋਤ ਦੱਸਦਾ ਹੈ ਕਿ ਭਾਰਤੀ ਜ਼ਮੀਨੀ ਅਤੇ ਹਵਾਈ ਫੌਜ ਦੀਆਂ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਦਾ ਮ੍ਰਿਤਕ ਸਰੀਰ ਨਹੀਂ ਮਿਲ ਪਾਇਆ, ਜਿਹੜਾ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੇ ਪਰਵਾਰ ਅਤੇ ਪਤਨੀ ਲਈ ਬਹੁਤ ਹੀ ਦੁਖਦਾਇਕ ਸੀ। ਜਦੋਂ ਕਿ ਦੂਸਰਾ ਸ੍ਰੋਤ ਦੱਸਦਾ ਹੈ ਕਿ ਉਨ੍ਹਾਂ ਦਾ ਮ੍ਰਿਤਕ ਸਰੀਰ ਮਿਲ ਗਿਆ ਸੀ ਅਤੇ ਉਸੇ ਦਿਨ ਭਾਰਤੀ ਹਵਾਈ ਬੇਸ ਉੱਤੇ ਅੰਤਮ ਸਸਕਾਰ ਕਰ ਦਿੱਤਾ ਗਿਆ ਸੀ। ਪਹਿਲੀ ਬਾਤ ਠੀਕ ਲਗਦੀ ਹੈ ਜਿਸ ਦੀ ਪੁਸ਼ਟੀ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੇ ਭਤੀਜੇ ਸਰਦਾਰ ਅਮਰਵੀਰ ਸਿੰਘ ਨੇ ਮੇਰੇ ਨਾਲ ਟੈਲੀਫ਼ੋਨ ਰਾਹੀਂ ਗੱਲ-ਬਾਤ ਕਰਦਿਆਂ ਵੀ ਕੀਤੀ ਸੀ। ਕਿਸੇ ਨੇ ਠੀਕ ਹੀ ਕਿਹਾ ਹੈ:-

*"ਮਿਟਾ ਦੇ ਆਪਨੀ ਹਸਤੀ ਕੋ ਅਗਰ ਕੁਛ ਮਰਤਬਾ ਚਾਹੇ।*
*ਕਿ ਦਾਨਾ ਖ਼ਾਕ ਮੇ ਮਿਲ ਕਰ ਗੁਲੇ ਗੁਲਜ਼ਾਰ ਹੋਤਾ ਹੈ। "*

ਮਗਰੋਂ ਜਾ ਕੇ ਪਾਕਿਸਤਾਨ ਦੇ ਉਸ ਫਲਾਈਟ ਲੈਫਟੀਨੈਂਟ ਬੈਗ ਸਲੀਮ ਮਿਰਜ਼ਾ (ਜੋ ਏਅਰ ਕਮਾਂਡਰ ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ) ਨੇ ਆਪਣੇ ਪੂਰੇ ਲੇਖ ਵਿਚ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦਾ ਦਿਲਾਵਰੀ, ਹਵਾਈ ਯੁੱਧ ਕਲਾ ਵਿਚ ਨਿਪੁੰਨਤਾ, ਦ੍ਰਿੜ੍ਹਤਾ ਅਤੇ ਸ਼ੇਰ ਵਰਗੇ ਹੌਂਸਲੇ ਦੀ ਭਰਪੂਰ ਸ਼ਲਾਘਾ ਕੀਤੀ। ਉਸ ਦੇ ਕਹਿਣ ਅਨੁਸਾਰ-"ਸ਼ਾਇਦ ਇਹ ਪਹਿਲਾ ਅਤੇ ਆਖਰੀ ਮੌਕਾ ਹੀ ਸੀ ਕਿ ਇੱਕੋ ਹੀ ਛੋਟੀ ਉਮਰ ਦੇ ਨਵੇਂ ਸਿੱਖ ਨੌਜਵਾਨ ਏਅਰ ਫਾਈਟਰ ਵੱਲੋਂ ਪਹਿਲਾਂ ਦੋ ਸੈਬਰ ਜੈੱਟਾਂ ਨੂੰ ਫੁੰਡ ਸੁੱਟਿਆ ਅਤੇ ਪਿੱਛੋਂ ਇਕੱਲੇ ਹੀ ਚਾਰ ਸੈਬਰ ਜੈੱਟਾਂ ਦਾ ਮੁਕਾਬਲਾ ਹੀ ਨਹੀਂ ਕੀਤਾ

ਸਗੋਂ ਖਦੇੜਨ ਵਿਚ ਕਾਮਯਾਬ ਹੋ ਗਿਆ ਸੀ।" ਉਹ ਇਹ ਵੀ ਲਿਖਦੇ ਹਨ ਕਿ ਭਾਰਤੀ ਫੌਜ ਵਿਚ ਅਜਿਹੀ ਬਹਾਦਰੀ ਅਕਸਰ ਸਿੱਖ ਹੀ ਵਿਖਾਉਂਦੇ ਹਨ। ਸੱਚਮੁਚ ਹੀ ਦੁਨੀਆ ਦੇ ਹਵਾਈ ਜੰਗਾਂ-ਯੁੱਧਾਂ ਵਿਚ ਸ਼ਾਇਦ ਹੀ ਹੋਰ ਕੋਈ ਅਜਿਹੀ ਲਾਸਾਨੀ ਮਿਸਾਲ ਮਿਲਦੀ ਹੋਵੇ। ਭਾਰਤ ਸਰਕਾਰ ਅਤੇ ਭਾਰਤੀ ਹਵਾਈ ਫੌਜ ਦੇ ਪ੍ਰਮੁੱਖ ਅਫ਼ਸਰਾਂ ਵੱਲੋਂ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੀ ਕਾਰਜਕੁਸ਼ਲਤਾ, ਹਵਾਈ ਯੁੱਧ ਕਲਾ ਵਿਚ ਨਿਪੁੰਨਤਾ, ਦ੍ਰਿੜ੍ਹਤਾ ਅਤੇ ਦਿਲਾਵਰੀ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਉਨ੍ਹਾਂ ਨੂੰ ਮਰਨ-ਉਪਰੰਤ ਭਾਰਤੀ ਫੌਜ ਦੇ ਸਰਬ-ਉੱਚ ਅਵਾਰਡ 'ਪਰਮਵੀਰ ਚੱਕਰ' (PARAM VIR CHAKRA) ਨਾਲ ਸਨਮਾਨਿਤ ਕੀਤਾ ਗਿਆ। ਉਹ ਮਹਾਨ ਸੂਰਬੀਰ ਪੰਜਾਬ ਦਾ ਨਿਵੇਕਲਾ ਮਹਾਨ ਸਪੂਤ ਹੋ ਨਿਬੜਿਆ ਜਿਸ ਨੂੰ ਇਸ ਪਰਮ-ਸ੍ਰੇਸ਼ਠ - ਸਰਬ ਸ੍ਰੇਸ਼ਠ ਅਵਾਰਡ ਨਾਲ ਸਨਮਾਨਿਆ ਗਿਆ। ਅਜੇ ਤੀਕ ਵੀ ਉਹ ਇਕੱਲਾ ਹੀ ਜਾਂਬਾਜ਼ ਹੀਰੋ ਹੈ, ਜਿਸ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਦਸਮੇਸ਼ ਪਿਤਾ ਜੀ ਦੇ ਸੱਚੇ ਸਪੂਤ ਹੋਣ ਦਾ ਸਬੂਤ ਦਿੱਤਾ ਅਤੇ ਸਰਬ ਸ੍ਰੇਸ਼ਠ-ਪਰਮ ਸ੍ਰੇਸ਼ਠ ਅਵਾਰਡ ਪ੍ਰਾਪਤ ਕੀਤਾ। ਇਹ ਅਵਾਰਡ ਨਾ ਹੀ ਪਹਿਲਾਂ ਅਤੇ ਨਾ ਹੀ ਹੁਣ ਤੀਕ ਹੋਰ ਕਿਸੇ ਨੂੰ ਨਹੀਂ ਮਿਲਿਆ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਭਾਰਤ ਦੀਆਂ ਫਿਰਕਾਪ੍ਰਸਤ ਸਰਕਾਰਾਂ ਦੇ ਮਨਸੂਬਿਆਂ ਵਿੱਚੋਂ ਇਸ ਮਾਰਸ਼ਲ ਕੌਮ ਸਿੱਖਾਂ ਪ੍ਰਤੀ ਨਫ਼ਰਤ ਦੀ ਭਾਵਨਾ ਅਕਸਰ ਹੀ ਵੇਖਣ ਨੂੰ ਮਿਲਦੀ ਰਹਿੰਦੀ ਹੈ। ਕੁਝ ਸਾਲ ਪਹਿਲਾਂ ਗਣਤੰਤਰ ਦਿਵਸ ਮੌਕੇ ਕੀਤੀ ਜਾਂਦੀ ਫ਼ੌਜੀ ਪਰੇਡ ਵਿਚ ਸਿੱਖ ਬਟਾਲੀਅਨ ਨੂੰ ਸ਼ਾਮਲ ਨਾ ਕਰਨਾ ਦੇਸ਼ ਦੇ ਮੱਥੇ ਉੱਪਰ ਨਾ ਮਿਟਣ ਵਾਲਾ ਕਲੰਕ ਹੈ।

ਇਹ ਸਾਰਾ ਵੇਰਵਾ ਭਾਰਤੀ ਅਤੇ ਪਾਕਿਸਤਾਨ ਦੇ ਨੈੱਟਵਰਕ ਅਤੇ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੇ ਭਤੀਜੇ ਸਰਦਾਰ ਅਮਰਵੀਰ ਸਿੰਘ ਕੋਲੋਂ ਪ੍ਰਾਪਤ ਕੀਤੀ ਜਾਣਕਾਰੀ ਮਗਰੋਂ ਇਹ ਸਵਾਲ ਜ਼ਿਹਨ ਵਿਚ ਜ਼ਰੂਰ ਘੁੰਮਦਾ ਅਤੇ ਰੜਕਦਾ ਹੈ ਕਿ ਜਦੋਂ ਯੁੱਧ ਚੱਲ ਰਿਹਾ ਹੈ ਤਾਂ ਉਸ ਸਮੇਂ ਭਾਰਤੀ ਰਾਡਾਰ(RADAR) ਸਿਸਟਮ ਨੂੰ ਉਦੋਂ ਹੀ ਕਿਉਂ ਪਤਾ ਲੱਗਾ ਜਦੋਂ ਦੁਸ਼ਮਣ ਦੇ ਜਹਾਜ਼ ਭਾਰਤੀ ਸਰਹੱਦ ਪਾਰ ਕਰ ਗਏ? ਉਸ ਮਗਰੋਂ ਜਦੋਂ ਫਲਾਈਟ ਲੈਫਟੀਨੈਂਟ ਸਰਦਾਰ ਬੀ.ਐਸ. ਘੁੰਮਣ ਦਾ ਜਹਾਜ਼ ਧੁੰਧੂਕਾਰ - ਗਰਬ-ਗੁਬਾਰ ਵਿਚ ਘਿਰ ਗਿਆ ਅਤੇ ਉਹ ਹੇਠਾਂ ਉਤਰ ਆਏ ਤਾਂ ਤੁਰੰਤ ਹੋਰ ਫਾਈਟਰ ਹਵਾਈ ਜਹਾਜ਼ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੀ ਸਹਾਇਤਾ ਲਈ ਕਿਉਂ ਨਹੀਂ ਪਹੁੰਚੇ? ਜਦੋਂ ਕਿ ਦੋ ਪਾਕਿਸਤਾਨੀ ਸੈਬਰ ਜੈੱਟਾਂ ਦੇ ਫੁੰਡੇ ਜਾਣ ਉੱਤੇ ਪਾਕਿਸਤਾਨ ਵੱਲੋਂ ਤੁਰੰਤ ਚਾਰ ਹੋਰ ਸੈਬਰ ਜੈੱਟ ਭੇਜ ਦਿੱਤੇ ਅਤੇ ਹੁਣ ਸਰਦਾਰ ਸੇਖੋਂ ਦੀ ਲੜਾਈ ੪ : ੧ ਵਾਲੀ ਸੀ ਤਾਂ ਭਾਰਤੀ ਹਵਾਈ ਫੌਜ ਵੱਲੋਂ ਉਨ੍ਹਾਂ ਦੀ ਸਹਾਇਤਾ ਲਈ ਹੋਰ ਜਹਾਜ਼ ਕਿਉਂ ਨਹੀਂ ਭੇਜੇ ਗਏ? ੪੯ ਸਾਲ ਬਾਅਦ ਵੀ ਇਹ ਸਵਾਲ ਜਵਾਬ ਮੰਗ ਰਹੇ ਹਨ। ਬਾਅਦ ਵਿਚ ਫਲਾਇੰਗ ਅਫ਼ਸਰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦਾ ਸਜਾਇਆ ਬੁੱਤ ਲੁਧਿਆਣਾ

ਸ਼ਹਿਰ ਵਿਖੇ ਉਸ ਸ਼ਾਨਾਂਮੱਤੇ ਇਤਿਹਾਸ ਨੂੰ ਸਾਡੇ ਸਾਹਮਣੇ ਪੇਸ਼ ਕਰ ਰਿਹਾ ਹੈ ਅਤੇ ਸਰਕਾਰ ਵੱਲੋਂ ਉਨ੍ਹਾਂ ਦੇ ਸਨਮਾਨ ਵਜੋਂ ਦਿੱਲੀ ਦੇ ਪਾਲਮ ਹਵਾਈ ਅੱਡੇ ਉੱਤੇ ਵੀ ਉਨ੍ਹਾਂ ਦਾ ਬੁੱਤ ਸਥਾਪਿਤ ਕੀਤਾ ਗਿਆ ਅਤੇ ਉਨ੍ਹਾਂ ਦੀ ਫਾਈਲ ਫ਼ੋਟੋ ਭਾਰਤੀ ਹਵਾਈ ਫੌਜ ਦੇ ਪਾਲਮ ਹਵਾਈ ਅੱਡੇ ਉੱਤੇ ਸਥਿਤ ਅਜਾਇਬ ਘਰ (Museum) ਵਿਚ ਲਗਾਈ ਗਈ। ੧੯੮੫ ਈ. ਵਿਚ ਭਾਰਤੀ ਮੈਰਾਇਨ ਟੈਂਕਰ (MARINE TANKER) ਦਾ ਨਾਮ ਵੀ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੇ ਨਾਮ ਉੱਤੇ ਰੱਖਿਆ ਗਿਆ। ਨਿਸਚੇ ਹੀ ਸ਼ਹੀਦ ਦੀ ਕਦੀ ਮੌਤ ਨਹੀਂ ਹੁੰਦੀ ਸਗੋਂ ਉਹ ਇਤਿਹਾਸ ਵਿਚ ਹਮੇਸ਼ਾਂ ਲਈ ਅਮਰ ਹੋ ਜਾਂਦੇ ਹਨ ਅਤੇ ਕੌਮ ਨੂੰ ਨਵੀਂ ਜ਼ਿੰਦਗੀ ਦੇ ਜਾਂਦੇ ਹਨ। ਇਹ ਠੀਕ ਹੀ ਕਿਹਾ ਗਿਆ ਹੈ:

*ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹਯਾਤ ਹੈ।*
*ਹਯਾਤ ਤੋ ਹਯਾਤ ਹੈ ਵੋਹ ਮੌਤ ਵੀ ਹਯਾਤ ਹੈ।*

ਉਨ੍ਹਾਂ ਦੀ ਯਾਦ ਵਿਚ ਹਮੇਸ਼ਾਂ ਹੀ ਵੱਡੇ-ਵੱਡੇ ਸਮਾਗਮ ਕਰਵਾਏ ਜਾਂਦੇ ਹਨ ਅਤੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕੀਤਾ ਜਾਂਦਾ ਹੈ, ਅਲ੍ਹਾਮਾ ਇਕਬਾਲ ਤਾਂ ਕਹਿੰਦਾ ਹੈ ਕਿ ਸ਼ਹੀਦ ਦੇ ਸ਼ਹੀਦੀ ਸਥਾਨ ਤੋਂ ਤਾਂ ਕਾਅਬਾ ਭਾਵ ਕੋਈ ਵੀ ਪਵਿੱਤਰ ਅਸਥਾਨ ਜ਼ਿਆਦਾ ਪਵਿੱਤਰ ਨਹੀਂ ਹੋ ਸਕਦਾ। ਉਹ ਲਿਖਦੇ ਹਨ:

*ਸਹੀਦੋਂ ਕੀ ਚਿਤਾਉਂ ਪੇ ਲਗੇਂਗੇ ਹਰ ਬਰਸ ਮੇਲੇ।*
*ਵਤਨ ਪੇ ਮਿਟਨੇ ਵਾਲੋਂ ਕਾ ਬਾਕੀ ਯਹੀ ਨਿਸ਼ਾਂ ਹੋਗਾ।*

ਤਥਾ

*ਸ਼ਹੀਦੋਂ ਕੀ ਕਤਲਗਾਹ ਸੇ ਕਿਆ ਬੇਹਤਰ ਹੈ ਕਾਅਬਾ,*
*ਸ਼ਹੀਦੋਂ ਕੀ ਖਾਕ ਪੇ ਤੋਂ ਖ਼ੁਦਾ ਹੀ ਕੁਰਬਾਨ ਹੋਤਾ ਹੈ।*

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੁੱਧ ਅਤੇ ਕ੍ਰਾਂਤੀਕਾਰੀ ਵਿਚਾਰਾਂ ਵਾਲੇ ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾ ਕੋਹਨਾ ਨੇ ਬੜੇ ਮਾਣ ਨਾਲ ਦੱਸਿਆ ਕਿ ਫਲਾਇੰਗ ਅਫ਼ਸਰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਦੀ ਇਕ ਤਸਵੀਰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਕੰਪਲੈਕਸ ਸਥਿਤ 'ਕੇਂਦਰੀ ਸਿੱਖ ਅਜਾਇਬ ਘਰ' ਵਿਚ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਾਈ ਗਈ ਹੈ ਤਾਂ ਜੋ ਸਿੱਖ ਅਜਾਇਬ ਘਰ ਵਿਚ ਆਉਣ ਵਾਲੀ ਸੰਗਤ ਨੂੰ ਉਨ੍ਹਾਂ ਦੀ ਤਸਵੀਰ ਵੇਖ ਕੇ ਉਨ੍ਹਾਂ ਵੱਲੋਂ ਸਿਰਜੇ ਲਾਸਾਨੀ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ।

ਉਕਤ ਵਿਚਾਰ ਚਰਚਾ ਵਿਚ ਅਸੀਂ ਵੇਖ ਲਿਆ ਹੈ ਕਿ ਫਲਾਇੰਗ ਅਫ਼ਸਰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਨੇ ਆਪਣੀ ਚਾਰ ਸਾਲ (੧੯੬੭-੧੯੭੧ ਈ.) ਦੀ ਬਹੁਤ ਹੀ ਥੋੜੀ ਜਿਹੀ ਭਾਰਤੀ ਹਵਾਈ ਫੌਜ ਦੀ ਸੇਵਾ ਅਤੇ ਕੇਵਲ ੨੬ ਸਾਲ ਦੀ ਛੋਟੀ ਜਿਹੀ ਉਮਰ ਦੌਰਾਨ ਉਹ ਲਾਮਿਸਾਲ ਇਤਿਹਾਸ ਸਿਰਜ ਦਿੱਤਾ ਜਿਸ ਦੀ ਭਰਪੂਰ

ਉਪਮਾ ਕੇਵਲ ਭਾਰਤੀਆਂ ਅਤੇ ਭਾਰਤੀ ਸਰਕਾਰ ਅਤੇ ਭਾਰਤੀ ਹਵਾਈ ਫੌਜ ਵੱਲੋਂ ਹੀ ਨਹੀਂ ਕੀਤੀ ਗਈ ਸਗੋਂ ਜਿਸ ਪਾਕਿਸਤਾਨੀ ਫਲਾਈਟ ਲੈਫਟੀਨੈਂਟ ਬੈਗ ਸਲੀਮ ਮਿਰਜ਼ਾ ਅਤੇ ਉਸ ਦੇ ਇਕ ਹੋਰ ਸਾਥੀ ਸੇਵਾ-ਮੁਕਤ ਏਅਰ ਕਮਾਂਡਰ ਕੈਸਰ ਤੁਫ਼ੈਲ ਵੱਲੋਂ ਜੰਗ ਤੋਂ ਬਾਅਦ ਭਰਪੂਰ ਸ਼ਲਾਘਾ ਕੀਤੀ ਅਤੇ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਨੂੰ ਸ੍ਰੇਸ਼ਠ ਹਵਾਬਾਜ਼, ਦਲੇਰ, ਨਿਡਰ ਅਤੇ ਮੌਤ ਨੂੰ ਡਰਾਉਣ ਵਾਲਾ ਯੋਧਾ ਹਵਾਬਾਜ਼ (DARE DEVIL) ਕਿਹਾ। ਉਨ੍ਹਾਂ ਦੀ ਯਾਦਗਾਰਾਂ ਵੀ ਬਣਾਈਆਂ ਗਈਆਂ ਅਤੇ ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਲੁਧਿਆਣਾ ਦੇ ਮੌਤ ਨੂੰ ਸ਼ਹਿਰ ਵਿਚ ਉਨ੍ਹਾਂ ਦਾ ਬੁੱਤ ਵੀ ਲਗਾਇਆ ਗਿਆ। ਅਣਗਿਣਤ ਲੋਕ ਹਰ ਰੋਜ਼ ਬੁੱਤ ਦੇ ਪਾਸੋਂ ਲੰਘਦੇ ਹਨ ਅਤੇ ਮੈਨੂੰ ਆਪ ਵੀ ਕਈ ਵਾਰ ਉੱਥੋਂ ਲੰਘਣ ਦਾ ਮੌਕਾ ਮਿਲਿਆ ਪਰੰਤੂ ਕਿਤਨੇ ਕੁ ਲੋਕ ਹਨ ਜਿਨ੍ਹਾਂ ਨੂੰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਵੱਲੋਂ ਜੰਗ-ਯੁੱਧ ਵਿਚ ਵਿਖਾਈ ਗਈ ਅਦੁੱਤੀ ਅਤੇ ਉੱਚਤਮ ਦਿਲਾਵਰੀ, ਲਾਮਿਸਾਲ ਹੌਂਸਲਾ, ਨਿਡਰਤਾ ਅਤੇ ਦੇਸ਼-ਭਗਤੀ ਦੀ ਭਾਵਨਾ ਬਾਰੇ ਪਤਾ ਹੋਵੇਗਾ। ਇਹ ਸਾਡੀ ਤ੍ਰਾਸਦੀ ਅਤੇ ਅਣਗਹਿਲੀ ਹੀ ਕਹੀ ਜਾ ਸਕਦੀ ਹੈ। ਸਕੂਲਾਂ-ਕਾਲਜਾਂ ਵਿਚ ਕਦੀ ਵੀ ਸਾਡੇ ਵੱਡੇ-ਵੱਡੇ ਸ੍ਰੇਸ਼ਠ ਅਤੇ ਬਹਾਦਰ ਫੌਜੀ ਅਫ਼ਸਰਾਂ ਬਾਰੇ ਚਰਚਾ ਵੀ ਨਹੀਂ ਕੀਤੀ ਜਾਂਦੀ ਸਗੋਂ ਉਨ੍ਹਾਂ ਲੋਕਾਂ ਦੀਆਂ ਜੀਵਨੀਆਂ ਪੜ੍ਹਾਈਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਕੋਈ ਯੋਗਦਾਨ ਹੀ ਨਹੀਂ ਸਗੋਂ ਕਈ ਉਨ੍ਹਾਂ ਲੋਕਾਂ ਬਾਰੇ ਵਧਾ-ਚੜ੍ਹਾ ਕੇ ਪੜ੍ਹਾਇਆ ਜਾ ਰਿਹਾ ਹੈ ਜਿਹੜੀ "ਅੱਧੀ ਤੇਰੀ ਆਂ ਮੁਲਾਹਜ਼ੇਦਾਰਾ ਅੱਧੀ ਹਾਂ ਗਰੀਬ ਜੱਟ ਦੀ" ਵਾਂਗ ਭਾਰਤੀ ਜੰਗ-ਏ-ਅਜ਼ਾਦੀ ਵਿਚ ਕਿਧਰੇ-ਕਿਧਰੇ ਦਰਸ਼ਨ-ਦੀਦਾਰੇ ਵੀ ਦਿੰਦੇ ਰਹੇ ਅਤੇ "ਪਹਾੜਾ ਸਿੰਘ ਸੀ ਯਾਰ ਫਿਰੰਗੀਆਂ ਦਾ ਸਿੰਘਾਂ ਨਾਲ ਸੀ ਉਸ ਦੀ ਗੈਰਸ਼ਾਲੀ" ਵਾਂਗ ਨਾਲੋਂ ਨਾਲ ਫਰੰਗੀ ਦੀ ਵਫਾਦਾਰੀ ਹੀ ਪਾਲਦੇ ਰਹੇ। ਸਾਨੂੰ ਨਿਰਦਈ ਬਾਦਸ਼ਾਹ ਅਕਬਰ ਬਾਰੇ ਉਸ ਨੂੰ ਮਹਾਨ ਦੱਸ ਕੇ ਅਤੇ ਜਿਹੜਾ ਰਾਜਸ਼ਕਤੀ ਦਾ ਭੁੱਖਾ ਯੂਨਾਨੀ ਬਾਦਸ਼ਾਹ ਦੁਨੀਆ ਨੂੰ ਜਿੱਤਦਾ ਹੋਇਆ ਮਣਾਂ-ਮੂੰਹੀਂ ਬੇਦੋਸ਼ਿਆਂ ਦਾ ਖ਼ੂਨ ਵਹਾਉਂਦਿਆਂ ਹੋਇਆਂ ਜੇਹਲਮ ਦਰਿਆ ਦੇ ਦਰ੍ਹਾ ਖੈਬਰ ਰਾਹੀਂ ਪੰਜਾਬ ਉੱਤੇ ਹਮਲਾਵਰ ਹੋਇਆ ਉਸ ਸਿਕੰਦਰ-ਏ-ਆਜ਼ਮ ਬਾਰੇ ਵੀ ਪੜ੍ਹਾਇਆ ਜਾਂਦਾ ਰਿਹਾ ਹੈ। ਅਫਸੋਸ! ਆਪਣੇ ਇਤਿਹਾਸ ਨਾਲੋਂ ਟੁੱਟੀਆਂ ਕੌਮਾਂ ਦਾ ਕਦੀ ਭਵਿੱਖ ਉੱਜਲ ਨਹੀਂ ਹੋ ਸਕਦਾ। ਇਸ ਲਈ ਸਾਨੂੰ ਸਰਕਾਰੀ ਅਤੇ ਗ਼ੈਰ-ਸਰਕਾਰੀ ਤਥਾ ਮਾਪਿਆਂ ਵੱਲੋਂ ਆਪਣੇ ਸ਼ਾਨਾਂਮੱਤੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰ ਕੇ ਆਪਣੇ ਬੱਚਿਆਂ ਨਾਲ ਵੀ ਇਹ ਜਾਣਕਾਰੀ ਸਾਂਝੀ ਕਰਨੀ ਚਾਹੀਦੀ ਹੈ ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਵੱਲੋਂ ਉਨ੍ਹਾਂ ਮਹਾਨ ਯੋਧਿਆਂ ਬਾਰੇ ਜਾਣਕਾਰੀ ਪ੍ਰਾਪਤ ਕਰ ਕੇ ਉਨ੍ਹਾਂ ਦੀ ਰੀਸ ਕਰਨ ਦਾ ਜਜ਼ਬਾ ਪੈਦਾ ਹੋ ਸਕੇ। ਸ਼ਾਇਦ ਹੋਰਨਾਂ ਕਾਰਨਾਂ ਦੇ ਨਾਲ ਨਾਲ! ਸਾਡੇ ਸਾਰਿਆਂ ਅਤੇ ਸਰਕਾਰ ਵੱਲੋਂ ਕੀਤੀ ਜਾ ਰਹੀ ਇਹ ਘੋਰ ਅਣਦੇਖੀ ਵੀ ਸਾਡੀ ਨੌਜਵਾਨ ਪੀੜ੍ਹੀ ਦੇ ਕੁਰਾਹੇ ਪੈ ਕੇ ਆਪਣੀਆਂ ਜਾਨਾਂ ਅਜਾਈਂ ਗਵਾਉਣ ਵਾਲੀ ਮੰਦਭਾਗੀ ਹਾਲਤ ਲਈ ਵੀ ਜ਼ਿੰਮੇਵਾਰ ਹੈ।

ਭਾਰਤੀ ਹਵਾਈ ਫੌਜ ਦੇ ਇਤਿਹਾਸ ਵਿਚ ਏਅਰ ਕਮਾਂਡਰ ਸਰਦਾਰ ਮੇਹਰ ਸਿੰਘ, ਪਹਿਲੇ ਮਾਰਸ਼ਲ ਆਫ਼ ਏਅਰ ਫੋਰਸ (ਪੰਜ ਤਾਰਾ ਮਾਰਸ਼ਲ ਜਰਨਲ-ਫੀਲਡ ਰੈਂਕ) ਮਾਰਸ਼ਲ ਅਰਜਨ ਸਿੰਘ ਨੇ ਵੀ ਆਪਣੇ-ਆਪਣੇ ਸਮੇਂ ਸਰਬ-ਸ੍ਰੇਸ਼ਠ ਸੇਵਾਵਾਂ ਨਿਭਾਉਂਦਿਆਂ ਅਤੇ ਦੁਸ਼ਮਣ ਦੇ ਦੰਦ ਖੱਟੇ ਕਰਦਿਆਂ ਇਕ ਲਾਮਿਸਾਲ ਇਤਿਹਾਸ ਸਿਰਜ ਦਿੱਤਾ ਪਰੰਤੂ ਫਲਾਇੰਗ ਅਫ਼ਸਰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਵੱਲੋਂ ਕੇਵਲ ੨੬ ਸਾਲ ਦੀ ਉਮਰ ਅਤੇ ਕੇਵਲ ੪ ਸਾਲ ਦੀ ਨੌਕਰੀ ਵਿਚ ਜੋ ਉੱਚਤਮ ਯੋਗਦਾਨ ਪਾਇਆ ਗਿਆ ਅਤੇ ਉਹ ਭਾਰਤੀ ਹਵਾਈ ਫੌਜ ਦੇ ਜਾਂਬਾਜ਼ ਅਫ਼ਸਰ ਬਣੇ। ਉਸ ਦਾ ਕੋਈ ਮੁਕਾਬਲਾ ਹੀ ਨਹੀਂ। ਜਿਨ੍ਹਾਂ ਨੂੰ ਦੇਸ ਦਾ ਸਰਬ-ਸ੍ਰੇਸ਼ਠ ਅਤੇ ਉੱਚਤਮ ਅਵਾਰਡ 'ਪਰਮਵੀਰ ਚੱਕਰ' (PARAM VIR CHAKRA) ਪ੍ਰਾਪਤ ਹੋਇਆ। ਸਾਡਾ ਸਦਾ ਹੀ ਉਸ ਮਹਾਨ ਸ਼ਹੀਦ ਨੂੰ ਸਿਜਦਾ ਅਤੇ ਸਤਿਕਾਰ ਰਹੇਗਾ ਅਤੇ ਸਾਨੂੰ ਉਨ੍ਹਾਂ ਉੱਤੇ ਹਮੇਸ਼ਾਂ ਹੀ ਮਾਣ ਅਤੇ ਗਰਬ ਮਹਿਸੂਸ ਹੁੰਦਾ ਰਹੇਗਾ। ਫਲਾਇੰਗ ਅਫ਼ਸਰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਨੂੰ ਮਰਨ ਉਪਰੰਤ ਮਿਲੇ 'ਪਰਮਵੀਰ ਚੱਕਰ' ਦੇ 'ਸਨਮਾਨ ਪੱਤਰ' ਦਾ ਪੰਜਾਬੀ ਅਨੁਵਾਦ ਵੀ ਪਾਠਕਾਂ ਦੇ ਗਿਆਤ ਹਿੱਤ ਨਾਲ ਸ਼ਾਮਲ ਕੀਤਾ ਗਿਆ ਹੈ। ਅੰਗਰੇਜ਼ੀ ਭਾਸ਼ਾ ਵਿਚ ਲਿਖੇ ਪਰਮਵੀਰ ਚੱਕਰ ਦੀ ਇਬਾਰਤ ਦਾ ਪੰਜਾਬੀ ਅਨੁਵਾਦ ਹੇਠ ਲਿਖੇ ਅਨੁਸਾਰ ਹੈ :-

**ਸਨਮਾਨ ਪੱਤਰ**

**ਫਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ**

**੧ ਸੁਕੈਡਰਨ ੧੦੮੭੭ F (P)**

*ਫਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਸ੍ਰੀਨਗਰ ਬੇਸ ਉੱਤੇ ਨੈਟ (GNAT) ਹਵਾਈ ਜਹਾਜ਼ਾਂ ਦੀ ਫਲੀਟ, ਜਿਸ ਦੀ ਡਿਊਟੀ ਪਾਕਿਸਤਾਨੀ ਹਵਾਈ ਹਮਲਿਆਂ ਤੋਂ ਸ੍ਰੀਨਗਰ ਨੂੰ ਬਚਾਉਣ ਦੀ ਸੀ, ਵਿਖੇ ਤਾਇਨਾਤ ਸੀ। ਦੋਹਾਂ ਮੁਲਕਾਂ ਦਰਮਿਆਨ ਹਮਲਿਆਂ ਦਾ ਦੌਰ ਸ਼ੁਰੂ ਹੋਣ ਤੋਂ ਹੀ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਪਾਕਿਸਤਾਨੀ ਹਵਾਈ ਧਾੜਾਂ ਵੱਲੋਂ ਕੀਤੇ ਜਾ ਰਹੇ ਲਗਾਤਾਰ ਹਮਲਿਆਂ ਦਾ ਬੜੀ ਬਹਾਦਰੀ ਅਤੇ ਦ੍ਰਿੜ੍ਹਤਾ ਅਤੇ ਨੈਟ ਹਵਾਈ ਜਹਾਜ਼ ਦੀ ਸ਼ੋਹਰਤ (REPUTATION) ਨੂੰ ਕਾਇਮ ਰੱਖਦਿਆਂ ਮੁਕਾਬਲਾ ਕੀਤਾ ਜਾਂਦਾ ਰਿਹਾ। ੧੪ ਦਸੰਬਰ, ੧੯੭੧ ਈ. ਨੂੰ ਦੁਸ਼ਮਣ ਦੇ ਸੈਬਰ ਜੈਟਾਂ ਦੀ ਤੇਜ਼ ਧਾੜ ਵੱਲੋਂ ਸ੍ਰੀਨਗਰ ਏਅਰ ਬੇਸ ਉੱਤੇ ਹਮਲਾ ਕਰ ਦਿੱਤਾ। ਉਸ ਸਮੇਂ ਫਲਾਇੰਗ ਅਫ਼ਸਰ ਸੇਖੋਂ 'ਤੁਰੰਤ ਡਿਊਟੀ' (SCRAMBLE) ਉੱਤੇ ਸਨ। ਇੱਕ ਦਮ ਘੱਟੋ-ਘੱਟ ੬ ਦੁਸ਼ਮਣ ਜਹਾਜ਼ਾਂ ਨੇ ਐਨ ਸਿਰ ਉੱਪਰ ਪਹੁੰਚ ਕੇ ਸਖਤ ਗੋਲਾਬਾਰੀ ਨਾਲ ਹਵਾਈ ਪੱਟੀ ਦੀ ਤਬਾਹੀ ਸ਼ੁਰੂ ਕਰ ਦਿੱਤੀ। ਯਕੀਨੀ ਮੌਤ ਦੇ ਗੰਭੀਰ ਖ਼ਤਰੇ ਦੇ ਸਨਮੁਖ ਜਹਾਜ਼ ਨੂੰ ਉਡਾਉਣਾ ਅਤੀ ਕਠਿਨ ਸੀ ਪਰੰਤੂ ਫਲਾਇੰਗ ਅਫ਼ਸਰ ਸੇਖੋਂ ਨੇ ਉਡਾਣ ਭਰ ਕੇ ਤੁਰੰਤ ਦੋ ਸੈਬਰ ਜੈੱਟਾਂ ਉੱਤੇ ਹਮਲਾ ਕਰ ਦਿੱਤਾ ਅਤੇ ਇਸ*

*ਲੜਾਈ ਵਿਚ ਦੋ ਸੈਬਰ ਜੈੱਟਾਂ ਨੂੰ ਨਿਸ਼ਾਨਾ ਬਣਾ ਕੇ ਤਬਾਹ ਕਰ ਦਿੱਤਾ। ਐਨ ਉਸੇ ਸਮੇਂ ਇਕ ਹੋਰ ਫਲੀਟ ਸੈਬਰ ਜੈੱਟ ਗੰਭੀਰ ਹਾਲਤ ਵਿਚ ਫਸੇ ਆਪਣੇ ਸਾਥੀਆਂ ਦੀ ਮਦਦ ਲਈ ਆ ਪਹੁੰਚਿਆ ਅਤੇ ਫਲਾਇੰਗ ਅਫ਼ਸਰ ਸੇਖੋਂ ਦਾ ਨੈਟ ਹੁਣ ਗਿਣਤੀ ਦੇ ਪੱਖੋਂ ਚਾਰਾਂ ਦੇ ਮੁਕਾਬਲੇ ਇਕ ਕਰਕੇ ਘੱਟ ਗਿਣਤੀ ਵਿਚ ਸੀ। ਭਾਵੇਂ ਉਹ ਇਕੱਲਾ ਹੀ ਸੀ, ਫਲਾਇੰਗ ਅਫ਼ਸਰ ਸੇਖੋਂ ਨੇ ਇਕ ਬਹੁਤ ਹੀ ਅਸਾਵੀਂ ਮੁਠਭੇੜ ਵਿਚ ਉਨ੍ਹਾਂ ਨੂੰ ਘੇਰ ਲਿਆ ਉਪਰੰਤ ਜੋ ਲੜਾਈ ਦਰੱਖ਼ਤ ਦੀ ਉਚਾਨ ਦੇ ਸਮਾਨ ਹੋਈ, ਦੌਰਾਨ ਉਹ ਬਿਲਕੁਲ ਅਡੋਲ ਸੀ। ਕਾਇਮ ਸੀ ਪਰੰਤੂ ਆਖਰਕਾਰ ਕੇਵਲ ਗਿਣਤੀ ਦੇ ਭਾਰ ਕਾਰਨ ਉਸ ਨੂੰ ਘੇਰ ਲਿਆ ਗਿਆ। ਉਸ ਦਾ ਹਵਾਈ ਜਹਾਜ਼ ਸੈਬਰ ਜੈੱਟਾਂ ਵਿੱਚੋਂ ਇਕ ਦੀ ਗੰਨ ਫਾਈਰ ਨਾਲ ਸੁੱਟ ਲਿਆ ਗਿਆ ਅਤੇ ਉਸ ਦੀ ਮੌਤ ਹੋ ਗਈ।*

*ਫਲਾਇੰਗ ਅਫ਼ਸਰ ਸੇਖੋਂ ਨੇ ਮੌਤ ਦੇ ਮੂੰਹ ਵਿਚ ਹੁੰਦਿਆਂ ਹੋਇਆਂ ਵੀ ਜਿਸ ਪਰਮ ਸ੍ਰੇਸ਼ਠ ਸੂਰਬੀਰਤਾ, ਉੱਚਤਮ ਬਹਾਦਰੀ ਹਵਾਬਾਜ਼ੀ ਦੀ ਅਦੁੱਤੀ ਕਲਾ ਨਾਲ ਲੜਾਈ ਲੜੀ ਉਸ ਨੇ ਹਵਾਈ ਫੌਜ ਦੀਆਂ ਸ਼ਾਨਦਾਰ ਰਿਵਾਇਤਾਂ ਨੂੰ ਨਵੀਆਂ ਬੁਲੰਦੀਆਂ ਉੱਤੇ ਪਹੁੰਚਾਇਆ।*

ਅਲ੍ਹਾਮਾ ਇਕਬਾਲ ਨੇ ਠੀਕ ਹੀ ਕਿਹਾ ਹੈ:

*ਯਹ ਜਾਨ ਤੋਂ ਆਨੀ ਜਾਨੀ ਹੈ*
*ਇਸ ਜਾਨ ਕੀ ਕੋਈ ਬਾਤ ਨਹੀਂ।*
*ਜਿਸ ਧੱਜ ਸੇ ਕੋਈ ਮਕਤਲ ਕੋ ਗਿਆ।*
*ਵੁਹ ਸ਼ਾਨ ਸਲਾਮਤ ਰਹਿਤੀ ਹੈ।*

ਨਿਸਚੇ ਹੀ ਫਲਾਇੰਗ ਅਫ਼ਸਰ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਸ਼ਹੀਦਾਂ ਦੀ ਮਾਲਾ ਦੇ ਇਕ ਸਦਾ ਚਮਕਦੇ ਰਹਿਣ ਵਾਲੇ ਮਣਕੇ 'ਹੀਰੇ' ਬਣ ਗਏ ਹਨ। ਤਥਾ "ਜਦ ਡੁਲ੍ਹਦਾ ਖੂਨ ਸ਼ਹੀਦਾਂ ਦਾ ਤਕਦੀਰ ਬਦਲਦੀ ਕੌਮਾਂ ਦੀ। ਸੱਚਮੁਚ ਹੀ ਸਰਦਾਰ ਨਿਰਮਲਜੀਤ ਸਿੰਘ ਸੇਖੋਂ ਨੇ ਆਪਣੇ ਦੇਸ਼ ਦੀ ਰਾਖੀ ਕਰਦਿਆਂ ਜੋ ਸ਼ਹੀਦੀ ਪਾਈ ਉਸ ਨੇ ੧੯੭੧ ਈ. ਦੇ ਯੁੱਧ ਦਾ ਨਕਸ਼ਾ ਹੀ ਬਦਲ ਦਿੱਤਾ ਸੀ ਅਤੇ ਭਾਰਤ ਦੇ ਇਤਿਹਾਸ ਵਿਚ ਸੁਨਹਿਰੀ ਪੰਨਾ ਜੋੜ ਦਿੱਤਾ ਹੈ।

ਅੰਤ ਵਿਚ ਮੈਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਿਧਵਾਂ ਬੇਟ ਦੇ ਵਾਸੀ ਸਰਦਾਰ ਪਰਮਜੀਤ ਸਿੰਘ (ਧਾਲੀਵਾਲ) ਦਾ ਧੰਨਵਾਦ ਕਰਦਾ ਹਾਂ। ਜਿਨ੍ਹਾਂ ਨੇ ਕਰੋਨਾ ਵਾਇਰਸ ਦੇ ਖ਼ਤਰੇ ਦੇ ਹੁੰਦੇ ਹੋਇਆਂ ਵੀ ਆਪ ਪਿੰਡ ਈਸੇਵਾਲ ਜਾ ਕੇ ਫਲਾਇੰਗ ਅਫ਼ਸਰ ਅਮਰ ਸ਼ਹੀਦ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਬਾਰੇ ਉਨ੍ਹਾਂ ਦੇ ਭਤੀਜੇ ਸਰਦਾਰ ਅਮਰਵੀਰ ਸਿੰਘ ਨਾਲ ਮੇਰੀ ਟੈਲੀਫ਼ੋਨ ਰਾਹੀਂ ਗੱਲਬਾਤ ਕਰਵਾ ਕੇ ਸਰਦਾਰ ਨਿਰਮਲਜੀਤ ਸਿੰਘ (ਸੇਖੋਂ) ਜੀ ਬਾਰੇ ਭਰਪੂਰ ਜਾਣਕਾਰੀ ਮੁਹੱਈਆ ਕਰਵਾਈ।

*ਅਕਾਲ ਪੁਰਖ ਸਦਾ ਅੰਗ ਸੰਗ!* ■

# ਸੁਖਮਨੀ ਸਾਹਿਬ

*-ਭਾਈ ਮੋਹਨ ਸਿੰਘ ਉਰਲਾਣਾ**

**ਸੁਖਮਨੀ:-** ਜਿਵੇਂ ਕਿ ਨਾਂ ਤੋਂ ਹੀ ਸਪੱਸ਼ਟ ਹੈ— ਸੁਖਾਂ ਦੀ ਮਨੀ, ਸਾਰੇ ਸੁਖ ਦੇਣ ਵਾਲੀ। ਭਾਵਾਤਮਿਕ ਅਰਥ ਇਉਂ ਵੀ ਲਿਆ ਜਾ ਸਕਦਾ ਹੈ— ਆਤਮਿਕ ਸੁਖ ਵਾਲਾ ਪ੍ਰਕਾਸ਼। ਮਾਲਾ ਦੇ ਮੇਰੂ ਮਣਕੇ ਦੀ ਨਿਆਈਂ ਸਿਰਮੌਰ ਬਾਣੀ।

**ਮਨੀ:-** ਮਨੀ ਅਤੇ ਮਣੀ ਤੋਂ ਭਾਵ ਇੱਕ ਹੀ ਹੈ, ਭਾਸ਼ਾ ਦੇ ਵਖਰੇਵੇਂ ਤੋਂ ਕਈ ਇਲਾਕਿਆਂ ਵਿਚ 'ਨੰਨੇ' ਦਾ ਅਤੇ ਕਈਆਂ ਵਿਚ 'ਣਾਣੇ' ਦਾ ਪ੍ਰਯੋਗ ਕੀਤਾ ਜਾਂਦਾ ਹੈ। ਮਨੀ ਤੋਂ ਭਾਵ ਜਵਾਹਰ, ਲਾਲ, ਮੋਤੀ, ਰਤਨ ਆਦਿ ਅਮੋਲਕ ਪੱਥਰ ਹੈ, ਮਣੀ ਤੋਂ ਹੇਠ ਲਿਖੇ ਅਨੁਸਾਰ ਇਹ ਭਾਵ ਲਏ ਗਏ ਹਨ ਜਿਵੇਂ ਕਿ ਚਿੰਤਾਮਣਿ, ਚੰਦ੍ਰਕਾਂਤਾਮਣਿ ਤੇ ਨਾਗਮਣਿ। ਮਣਿ ਤੇ ਮਣੀ ਦੇ ਇੱਕੋ ਹੀ ਅਰਥ ਹਨ।

(ੳ) ਚਿੰਤਾਮਣਿ ਤੋਂ ਭਾਵ ਲਿਆ ਜਾਂਦਾ ਹੈ ਕਿ ਜਿਸ ਕੋਲ ਇਹ ਮਣੀ ਹੋਵੇ ਉਹ ਜੋ ਵੀ ਮੰਗੇ ਉਸ ਨੂੰ ਪ੍ਰਾਪਤ ਹੁੰਦਾ ਹੈ:-

*ਚਿੰਤਾਮਣਿ ਕਰੁਣਾ ਮਏ॥੧॥ਰਹਾਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੨੧੨)*

(ਅ) ਚੰਦ੍ਰਕਾਂਤਾਮਣਿ ਬਾਰੇ ਕਿਹਾ ਜਾਂਦਾ ਹੈ ਕਿ ਇਹ ਇੱਕ ਅਜਿਹਾ ਰਤਨ ਹੈ ਜਿਸ ਉੱਤੇ ਚੰਦਰਮਾਂ ਦੀਆਂ ਕਿਰਣਾਂ ਪੈਣ ਨਾਲ ਇਸ ਵਿੱਚੋਂ ਅੰਮ੍ਰਿਤ ਸ੍ਰਵਦਾ ਹੈ।

(ੲ) ਨਾਗਮਣਿ ਖ਼ਾਸ ਕਿਸਮ ਦੇ ਸੱਪ ਦੇ ਸਿਰ ਵਿਚ ਮੰਨੀ ਗਈ ਇੱਕ ਮਣੀ ਜਿਸ ਨੂੰ ਰਾਤ ਸਮੇਂ ਸਰਪ ਆਪਣੇ ਸਿਰ 'ਚੋਂ ਕੱਢ ਕੇ ਉਸ ਨਾਲ ਖੇਡਦਾ ਦੱਸਦੇ ਹਨ ਜਿਸਦੀ ਚੋਖੀ (ਖਾਸੀ) ਚਮਕ ਹੁੰਦੀ ਹੈ।

ਏਸੇ ਕਰਕੇ ਭਾਗਸ਼ੀਲ ਪ੍ਰਤਾਪੀ ਪੁਰਸ਼ ਦੇ ਮਸਤਕ ਨੂੰ ਕਿਹਾ ਜਾਂਦਾ ਹੈ ਕਿ ਇਸ ਦੇ ਮੱਥੇ 'ਤੇ ਮਣੀ ਹੈ:-

*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੧੪)*

ਇਸ ਸਾਰੀ ਵਿਚਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਮਨੀ ਤੋਂ ਭਾਵ ਪ੍ਰਕਾਸ਼ ਦਾ ਹੈ, ਜਿਵੇਂ ਸੱਪ ਦੇ ਸਿਰ ਵਿਚਲੀ ਮਨੀ ਬਾਹਰੀ ਹਨੇਰੇ ਨੂੰ ਆਪਣੀ ਚਮਕ ਨਾਲ ਦੂਰ ਕਰਦੀ ਹੈ ਉਸੇ ਤਰ੍ਹਾਂ ਬਾਣੀ ਰੂਪੀ ਸਮੁੰਦਰ ਵਿਚ ਚੁੱਭੀ ਲਾਇਆਂ ਜੋ ਮਣੀ ਪ੍ਰਾਪਤ ਹੁੰਦੀ ਹੈ ਉਹ ਜੀਵ ਦੇ ਅਗਿਆਨ ਰੂਪੀ ਹਨੇਰੇ ਨੂੰ ਦੂਰ ਕਰ ਕੇ ਗਿਆਨ ਰੂਪ ਪ੍ਰਕਾਸ਼ ਦਿੰਦੀ ਹੈ। ਇਸੇ ਕਰਕੇ ਇਸ ਮਨੀ ਦਾ ਨਾਮ ਹੈ 'ਸੁਖਮਨੀ', ਜੋ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਖ਼ਸ਼ੀ ਹੈ।

**ਮੇਰੂ ਮਣਕਾ:-** ਧਾਗੇ ਵਿਚ ਪ੍ਰੋਏ ਹੋਏ ਮਣਕਿਆਂ ਦੇ ਅਖੀਰ ਦੋਵਾਂ ਧਾਗਿਆਂ ਨੂੰ ਗੰਢ ਦੇ ਕੇ ਬੰਨ੍ਹਣ ਤੋਂ ਜੋ ਧਾਗਾ ਬਾਕੀ ਬਚ ਜਾਂਦਾ ਹੈ ਉਸ ਵਿਚ ਇੱਕ ਮਣਕਾ ਪ੍ਰੋਅ ਕੇ ਗੰਢ

**ਮਕਾਨ ਨੰ. ਐਲ ੬/੯੦੫, ਗਲੀ ਨੰ. ੩/੪, ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ। ਮੋ: +੯੧੯੭੭੯੬੦੮੦੫੦*

ਨਾਲ ਬੰਨ੍ਹਿਆਂ ਜਾਂਦਾ ਹੈ ਉਹ ਜੋ ਵੱਖਰਾ ਬੰਧੀਚਾ ਮਣਕਾ ਸਭ ਤੋਂ ਉੱਪਰ ਹੁੰਦਾ ਹੈ ਉਹਨੂੰ ਮਾਲਾ ਦਾ ਮੇਰੂ ਮਣਕਾ ਆਖਦੇ ਹਨ। ਉਸ ਮੇਰੂ ਮਣਕੇ ਦੀ ਨਿਆਈਂ ਸੁਖਮਨੀ ਸਾਹਿਬ ਜੀ ਦੀ ਬਾਣੀ ਵੀ ਸਿਰਮੌਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਦੇ ਪਾਠ ਦਾ ਬਹੁਤ ਮਹਾਤਮ ਦੱਸਣਾ ਕੀਤਾ ਹੈ।

**ਬਾਣੀ ਰਚਨ ਦਾ ਸੰਕਲਪ:-** ਸ੍ਰੀ ਸੁਖਮਨੀ ਸਾਹਿਬ ਜੀ ਦੇ ਲਿਖਣ ਦੇ ਸੰਕਲਪ ਬਾਰੇ ਇਉਂ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਮਨ ਵਿਚ ਇਹ ਵਿਚਾਰ ਉਤਪੰਨ ਹੋਈ ਕਿ ਕਲਯੁੱਗ ਦਾ ਬੜਾ ਭਿਆਨਕ ਸਮਾਂ ਹੈ, ਕਲਯੁੱਗੀ ਜੀਵ ਵਿਸ਼ਿਆਂ ਵਿਚ ਖੱਚਤ ਹੋ ਕੇ ਨਾ ਤਾਂ ਸਿਮਰਨ ਕਰਦੇ ਹਨ ਤੇ ਨਾ ਹੀ ਦਾਨ। ਸੋ ਕੋਈ ਅਜਿਹਾ ਉਪਾਅ ਕਰਨਾ ਚਾਹੀਦਾ ਹੈ ਜਿਸ ਨਾਲ ਜੀਵਾਂ ਦਾ ਉੱਧਾਰ ਹੋਵੇ ਭਾਵ ਉਹ ਮੁਕਤਿ ਪਦ ਨੂੰ ਪ੍ਰਾਪਤ ਕਰ ਸਕਣ। ਅੰਮ੍ਰਿਤ ਵੇਲੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਇਸ਼ਨਾਨ ਆਦਿ ਕਰਨ ਉਪਰੰਤ ਹਜ਼ੂਰ ਸੁੰਦਰ ਬੇਰੀ ਦਾ ਰੁੱਖ ਦੇਖ ਉਸ ਹੇਠਾਂ ਜਾ ਬਿਰਾਜੇ। ਜਦ ਆਪਣੇ ਫੁਰਨੇ ਬਾਰੇ ਭਾਈ ਗੁਰਦਾਸ ਜੀ ਨੂੰ ਦੱਸਿਆ ਤਾਂ ਭਾਈ ਸਾਹਿਬ ਨੇ ਬੇਨਤੀ ਕੀਤੀ,

"ਹੇ ਸਤਿਗੁਰੂ ਜੀ! ਆਪ ਅਜਿਹੀ ਕਿਰਪਾ ਕਰੋ ਜਿਸ ਨਾਲ ਹਰ ਇਕ ਦਾ ਜਨਮ ਸਫਲਾ ਹੋ ਜਾਵੇ।"

ਭਾਈ ਗੁਰਦਾਸ ਜੀ ਦੀ ਬਿਨੈ ਸਵੀਕਾਰਦਿਆਂ ਸਮੁੱਚੀ ਮਾਨਵਤਾ ਦੀ ਭਲਾਈ ਹਿੱਤ ਪੰਚਮ ਪਾਤਸ਼ਾਹ ਜੀ ਨੇ ਸੁਖਮਨੀ ਸਾਹਿਬ ਜੀ ਦੀ ਬਾਣੀ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤੀ।

**ਸ੍ਰੀ ਸੁਖਮਨੀ ਦਾ ਸਰੂਪ ਤੇ ਸਿਰਲੇਖ**

**ਅਰੰਭਲਾ ਸਰੂਪ:-** ਬਾਣੀ ਮੁਢ ਸਿਰਲੇਖ, ਬਾਣੀਕਾਰ, ਸਲੋਕ, ਮੰਗਲਾਚਰਣ ਤੇ ਅਸਟਪਦੀ ਅੰਕਿਤ ਹੈ :-

***ਗਉੜੀ ਸੁਖਮਨੀ ਮ: ੫॥ ਸਲੋਕੁ॥***

***ਗਉੜੀ ਵਿਚ ਠੰਢ-ਚੈਨ ਦਾ ਮੋਤੀ ਪਾਤਸ਼ਾਹੀ ਪੰਜਵੀਂ। ਸਲੋਕ।***

***ੴ ਸਤਿਗੁਰ ਪ੍ਰਸਾਦਿ॥***

**ਵਾਹਿਗੁਰੂ ਕੇਵਲ ਇਕ ਹੈ, ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।**

**ਸਿਰਲੇਖ:-** ਜੋ ਵੀ ਬਾਣੀ ਰਚੀ ਜਾਂਦੀ ਹੈ ਉਸ ਅੰਦਰ ਸੰਬੰਧਿਤ ਬਾਣੀ ਦੇ ਨਾਮ ਦਾ ਆਉਣਾ ਜ਼ਰੂਰੀ ਹੁੰਦਾ ਹੈ ਮੁਢ ਵਿਚ, ਮੱਧ ਭਾਗ ਅੰਦਰ ਜਾਂ ਸੰਪੂਰਨਤਾ ਪੁਰ। ਇਸ ਬਾਣੀ ਦੇ ਸਿਰਲੇਖ ਸੰਬੰਧੀ ਬਾਣੀ ਦੇ ਅੰਦਰੋਂ ਜਾਣਕਾਰੀ ਦਿੱਤੀ ਜਾ ਰਹੀ ਹੈ।

(੧) ਮੁਢ ਵਿਚ, ਅੰਗ ੨੬੨:

**ਗਉੜੀ ਸੁਖਮਨੀ**

**ਗਉੜੀ ਵਿਚ ਠੰਢ-ਚੈਨ ਦਾ ਮੋਤੀ**

(੨) ਰਹਾਉ ਦੀ ਪਹਿਲੀ ਤੁਕ, ਅੰਗ ੨੬੨:

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥**
**ਇਸ ਸੁਖਮਨੀ ਵਿਚ ਖੁਸ਼ੀ ਬਰਸਾਉਣ ਵਾਲਾ ਸੁਆਮੀ ਦਾ ਸੁਧਾ-ਸਰੂਪ ਨਾਮ ਹੈ।**

(੩) ਅੰਤਲੀ ਅਸਟਪਦੀ, ਪਦਾ ਪੰਜਵਾਂ, ਤੁਕ ਤੀਜੀ, ਅੰਗ ੨੯੫:

**ਸੁਖਮਨੀ ਸਹਜ ਗੋਬਿੰਦ ਗੁਨ ਨਾਮ॥**
**ਸੁਖਮਨੀ ਵਿਚ ਆਰਾਮ ਚੈਨ, ਸੁਆਮੀ ਦਾ ਜੱਸ ਅਤੇ ਨਾਮ ਹੈ।**

(੪) ਬਾਣੀ ਦੀ ਆਖਰੀ ਤੁਕ, ਅੰਗ ੨੯੬:

**ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥**
**ਇਨ੍ਹਾਂ ਨੇਕੀਆਂ ਦੇ ਸਬੱਬ ਹੇ ਨਾਨਕ! ਇਹ ਆਰਾਮ ਚੈਨ ਦੇਣ ਵਾਲੀ ਬਾਣੀ ਆਖੀ ਜਾਂਦੀ ਹੈ।**

ਉਚਾਰ ਕੇ ਬਾਣੀਕਾਰ ਗੁਰੂ ਨੇ ਇਸ ਨਾਮ ਨੂੰ ਪੱਕਿਆਂ ਕਰ ਦਿੱਤਾ ਹੈ ਇਸ ਦੇ ਅਗੇਤਰ 'ਸ੍ਰੀ' ਤੇ ਪਿਛੇਤਰ 'ਸਾਹਿਬ' ਜਾਂ 'ਜੀ' ਆਦਰਵਾਚੀ ਪਦ ਲਾਇਆ ਜਾਂਦਾ ਹੈ।

**ਸਲੋਕ:-** ਗੁਰੂ ਕੀ ਬਾਣੀ ਅੰਦਰ ਸਲੋਕ ਤੇ ਛੰਦ ਕਈ ਕਿਸਮਾਂ ਦੇ ਹਨ। ਇਹ ਨਿੱਕੇ ਤੇ ਵੱਡੇ ਬਾਣੀ ਦੇ ਅੰਦਰ ਅੰਕਿਤ ਹਨ। ਸੁਖਮਨੀ ਸਾਹਿਬ ਜੀ ਵਿਖੇ ਦਿੱਤੇ ਗਏ ਇਨ੍ਹਾਂ ਸਲੋਕਾਂ ਦਾ ਆਕਾਰ ਛੋਟਾ ਹੈ। ਜਿਸ ਵਿਚ ਭਾਵ ਨੂੰ ਸੰਖੇਪ ਕਰ ਕੇ ਦੱਸਿਆ ਹੁੰਦਾ ਹੈ, ਇਹ 'ਦੋਹਰੇ' ਜਿਹਾ ਹੀ ਹੁੰਦਾ ਹੈ ਅਤੇ 'ਦੋਹੇ' ਵਾਕਰ ਹੀ ਇਸ ਦੀਆਂ ਦੋ ਤੁਕਾਂ ਹੁੰਦੀਆਂ ਹਨ ਤੇ ਕਈ ਵਾਰ ਦੋ ਤੋਂ ਵੱਧ ਸਤਰਾਂ ਵੀ ਹੁੰਦੀਆਂ ਹਨ। ਜਿਨ੍ਹਾਂ ਸਲੋਕਾਂ ਦੀਆਂ ਇਸ ਬਾਣੀ ਵਿਚ ਦੋ ਤੋਂ ਵਧੀਕ ਪੰਕਤੀਆਂ ਹਨ ਉਨ੍ਹਾਂ ਬਾਰੇ ਥੱਲੇ ਦਿੱਤਾ ਜਾ ਰਿਹਾ ਹੈ:-

(੧) ਤਿੰਨ ਪੰਕਤੀਆਂ ਵਾਲਾ ਸਲੋਕ:

ਅਠਵੀਂ ਅਸਟਪਦੀ ਦੇ ਅਰੰਭ ਦਾ ਸਲੋਕ ਜਿਸ ਦੇ ਪਹਿਲੇ ਦੋ ਚਰਣ ਲਘੂ ਅਤੇ ਅਗਲਾ ਅਖੀਰਲਾ ਚਰਣ ਦੀਰਘ ਹੈ।

(੨) ਚਹੁੰ ਤੁਕਾਂ ਵਾਲੇ ਸਲੋਕ:

ਅਸਟਪਦੀ ਪਹਿਲੀ, ਸਤਵੀਂ ਤੇ ਨੌਵੀਂ ਦੇ ਸਲੋਕਾਂ ਦੇ ਚਾਰ-ਚਾਰ ਚਰਣ ਹਨ।

**ਜ਼ਰੂਰੀ ਜਾਣਕਾਰੀ:-** ਬਾਕੀ ਦੀਆਂ ਵੀਹ ਅਸਟਪਦੀਆਂ ਦੇ ਸਾਰੇ ਸਲੋਕ ਦੋ-ਦੋ ਚਰਣ ਦੇ ਹਨ।

ਸ੍ਰੀ ਗੁਰੂ ਅਰਜਨ ਸਾਹਿਬ ਰਚਿਤ ਇਸ ਬਾਣੀ ਵਿਚ ਹਰੇਕ ਅਸਟਪਦੀ ਤੋਂ ਮਗਰੋਂ ਸਲੋਕ ਆਉਂਦਾ ਹੈ ਅਤੇ ਹਰ ਸਲੋਕ ਅਸਟਪਦੀ ਦਾ ਭਾਵ ਜਾਂ ਸਾਰ-ਅੰਸ਼ ਹੁੰਦਾ ਹੈ ਜਿਵੇਂ:-

*ਸਲੋਕੁ॥ ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ॥*
*ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ॥੧॥*

*(ਸਲੋਕ ਚੌਹਦਵਾਂ, ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੧)*

ਇਸ ਸਲੋਕ ਦਾ ਭਾਵ ਹੈ ਕਿ ਜੀਵ ਨੂੰ ਨਾ ਤਾਂ ਆਪਣੀ ਸਿਆਣਪ ਚਤੁਰਾਈ ਉੱਪਰ ਅਤੇ ਨਾ ਹੀ ਹੋਰਨਾਂ ਦੇ ਆਸਰੇ ਰਹਿਣਾ ਚਾਹੀਦਾ ਹੈ, ਸਗੋਂ ਕੇਵਲ ਪਰਮਾਤਮਾ ਉੱਪਰ ਹੀ ਭਰੋਸਾ ਰੱਖਣਾ ਚਾਹੀਦਾ ਹੈ ਤਾਂ ਹੀ ਸਾਰੇ ਦੁਖਾਂ ਤੇ ਭਰਮਾਂ ਦਾ ਨਾਸ਼ ਹੋ ਸਕਦਾ ਹੈ।

ਅੱਗੇ ਅਸਟਪਦੀ ਵਿਚ ਵੀ ਏਹੋ ਉਪਦੇਸ਼ ਵਿਸਥਾਰ ਨਾਲ ਦਿੱਤਾ ਗਿਆ ਹੈ। ਅਸਟਪਦੀ ਦੀਆਂ ਮੁਢਲੀਆਂ ਪੰਕਤੀਆਂ ਤੋਂ ਹੀ ਸਾਰਾ ਕੁਝ ਸਪੱਸ਼ਟ ਹੋ ਜਾਂਦਾ ਹੈ ਜਿਹਾ ਕਿ:-

*ਅਸਟਪਦੀ॥ ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥ ਦੇਵਨ ਕਉ ਏਕੈ ਭਗਵਾਨੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੧)*

ਇਸ ਬਾਣੀ ਦੇ ਅੰਦਰ ਆਏ ਤਕਰੀਬਨ ਸਾਰੇ ਸਲੋਕਾਂ ਦੀਆਂ ੧੩+੧੧=੨੪ ਮਾਤਰਾ ਹਨ ਪਰ ਸਭੇ ਸਲੋਕ ਇੱਕੋ ਵਜ਼ਨ ਦੇ ਨਹੀਂ ਹਨ ਜਿਵੇਂ ਕਿ:-

*ਸਲੋਕੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥੧॥*

*(ਸਲੋਕ ਸਤਾਰ੍ਹਵਾਂ, ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੫)*

**ਅਸਟਪਦੀ:-** ਅਸਟਪਦੀ ਤੋਂ ਭਾਵ ਅੱਠਾਂ ਪਦਾਂ ਦਾ ਇਕੱਠ। ਪਦ ਤੁਕ ਨੂੰ ਵੀ ਆਖਦੇ ਹਨ ਤੇ ਸਮੁੱਚੇ ਛੰਦ ਨੂੰ ਵੀ ਆਖਿਆ ਜਾਂਦਾ ਹੈ। ਇਸ ਲਈ ਅਸਟਪਦੀ ਤੋਂ ਭਾਵ ਇੱਕ ਤਾਂ ਅੱਠਾਂ ਤੁਕਾਂ ਵਾਲਾ ਸ਼ਬਦ ਹੈ ਅਤੇ ਦੂਜਾ ਅੱਠ ਸ਼ਬਦਾਂ ਵਾਲੀ ਕਵਿਤਾ। ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਇੱਕੋ ਪ੍ਰਬੰਧ (ਉਹ ਕਾਵਿ ਰਚਨਾ ਜਿਸ ਦੇ ਪ੍ਰਸੰਗਾਂ ਦਾ ਸਿਲਸਿਲਾ ਉੱਤਮ ਰੀਤ ਨਾਲ ਕਥਨ ਕੀਤਾ ਗਿਆ ਹੋਵੇ) ਵਿਚ ਲਿਖੇ ਅੱਠਾਂ ਛੰਦਾਂ ਦੇ ਇਕੱਠ ਨੂੰ ਅਸਟਪਦੀ ਕਹਿੰਦੇ ਹਨ। ਦੂਸਰੇ ਸ਼ਬਦਾਂ ਵਿਚ ਕਵਿਤਾ ਵਿਚਲੇ ਵਿਚਾਰ ਨੂੰ ਅੱਠਾਂ ਪਉੜੀਆਂ ਵਿਚ ਦੱਸਿਆ ਗਿਆ ਹੋਵੇ ਉਹ ਅਸਟਪਦੀ ਹੁੰਦੀ ਹੈ, ਅਸਟਪਦੀਆਂ ਵਿਚ ਕਿਸੇ ਤਰ੍ਹਾਂ ਦਾ ਛੰਦ ਵਰਤਿਆ ਜਾ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਸੁਖਮਨੀ ਬਾਣੀ ਦੀਆਂ ੨੪ ਅਸਟਪਦੀਆਂ ਹਨ ਅਤੇ ਹਰੇਕ ਅਸਟਪਦੀ ਵਿਚ ੮ ਪਦੇ ਅਰ ਹਰ ਇੱਕ ਬੰਦ ਦੀਆਂ ਦਸ-ਦਸ ਸਤਰਾਂ ਹਨ ਅਤੇ ਮੁਢਲੀ ਅਸਟਪਦੀ ਦੇ ਮੁਢਲੇ ਤੇ ਦੂਜੇ ਪਦੇ ਦੇ ਵਿਚਕਾਰ ਦੋ ਤੁਕਾਂ ਰਹਾਉ ਦੀਆਂ ਹਨ। ਅਸਟਪਦੀਆਂ ਵਿਚ ਚੌਪਈ ਛੰਦ ਦੀ ਵਰਤੋਂ ਹੈ। ਜਿਸ ਤਰ੍ਹਾਂ 'ਸਿਧ ਗੋਸਟਿ' ਬਾਣੀ ਵਿਚ ਰਹਾਉ ਵਾਲੀਆਂ ਤੁਕਾਂ ਵਿਚ ਬਾਣੀ ਦਾ ਕੇਂਦਰੀ ਭਾਵ ਨਜ਼ਰੀਂ ਆਉਂਦਾ ਹੈ :

*ਕਿਆ ਭਵੀਐ ਸਚਿ ਸੂਚਾ ਹੋਇ॥ ਸਾਚ ਸਬਦ ਬਿਨੁ ਮੁਕਤਿ ਨ ਕੋਇ॥੧॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੮)*

ਇਸੇ ਤਰ੍ਹਾਂ ਸੁਖਮਨੀ ਸਾਹਿਬ ਵਿਚ ਵੀ:-

*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੨)*

ਦੇ ਦਰਸ਼ਨ ਹੁੰਦੇ ਹਨ। ਇਨ੍ਹਾਂ ਪੰਕਤੀਆਂ ਦਾ ਭਾਵ ਹੈ ਕਿ ਸਾਰੇ ਸੁਖਾਂ ਦਾ ਸਮੂਹ

ਪ੍ਰਭੂ ਦਾ ਅੰਮ੍ਰਿਤ ਨਾਮ ਹੈ, ਸਾਰੀ ਬਾਣੀ ਇਸ ਭਾਵ ਦੇ ਦੁਆਲੇ ਹੀ ਨਾਮ ਦਾ ਪ੍ਰਕਾਸ਼ ਕਰਦੀ ਹੈ।

**ਅੰਕ-ਨਿਯਮ:-** ਇਸ ਪਾਵਨ ਬਾਣੀ ਅੰਦਰ ਅੰਕ-ਨਿਯਮ ਇਸ ਪ੍ਰਕਾਰ ਹੈ— ਅਰੰਭ ਵਿਚ ਸਲੋਕ ਦੇ ਅੰਤ॥੧॥ ਬਾਅਦ ਵਿਚ ਅਸਟਪਦੀ ਪ੍ਰਾਰੰਭ ਹੁੰਦੀ ਹੈ ਹਰ ਇੱਕ ਅਸਟਪਦੀ ਦੀਆਂ ਅੱਠ ਪਉੜੀਆਂ ਹਨ ਜਿਸ ਵਿਚ ਦਸ ਤੁਕਾਂ ਦਿੱਤੀਆਂ ਗਈਆਂ ਹਨ। ਇੱਕ ਬੰਦ ਪੂਰਾ ਹੋਣ 'ਤੇ ਅੰਕ॥੧॥ ਫਿਰ ॥੨॥ ਆਦਿਕ ਅਤੇ ਅੰਕ ॥੮॥ ਅਠਵੇਂ ਪਦੇ ਦੇ ਨਾਲ ਅਸਟਪਦੀ ਦਾ ਕ੍ਰਮ ॥੮॥੧॥ ਆਦਿਕ ਦਿੱਤਾ ਗਿਆ ਹੈ ਜਿਸ ਤੋਂ ਭਾਵ ਹੈ ਅੱਠ ਬੰਦਾਂ ਵਾਲੀ ਪਹਿਲੀ ਅਸਟਪਦੀ ਸੰਪੂਰਨ ਹੋਈ ਹੈ, ਅਖੀਰ॥੮॥੨੪॥ ਦਿੱਤਾ ਗਿਆ ਹੈ ਜਿਸ ਦਾ ਮਤਲਬ ਹੈ ਸੁਖਮਨੀ ਸਾਹਿਬ ਬਾਣੀ ਦੀ ਚੌਵੀਵੀਂ ਅਸਟਪਦੀ ਪੂਰੀ ਹੋਈ ਹੈ।

**ਜ਼ਰੂਰੀ ਵਿਚਾਰ:-** ਕਈ ਪਾਠਕ ਅਸਟਪਦੀ ਦੇ ਅਖੀਰ ਦਿੱਤੇ ਅੰਕ ॥੮॥੧॥ ਆਦਿਕ "ਅੱਠ ਇੱਕ" ਅੱਖਰਾਂ ਵਿਚ ਲਿਖਦੇ ਤੇ ਪੜ੍ਹਦੇ ਹਨ ਪਰ ਇਸ ਦੀ ਲੋੜ ਨਹੀਂ ਕਿਉਂਕਿ ਡੰਡੀਆਂ (॥) ਅੰਦਰ ਦਿੱਤੇ ਅੰਕ (ਹਿੰਦਸੇ) ਅੱਖਰਾਂ ਵਿਚ ਲਿਖੇ ਤੇ ਪੜ੍ਹੇ ਨਹੀਂ ਜਾਂਦੇ।

**ਅਕਾਰ ਤੇ ਬਣਤਰ:-** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਦਰਜ ਸਾਰੀਆਂ ਬਾਣੀਆਂ ਨਾਲੋਂ ਇਹ ਵੱਡੀ ਬਾਣੀ ਹੈ ਜਿਸ ਦੇ ੨੪ ਸਲੋਕ ਤੇ ੨੪ ਹੀ ਅਸਟਪਦੀਆਂ ਹਨ ਜੋ ਕਰਤਾਰਪੁਰੀ ਬੀੜ ਦੇ ਪੱਤਰਾ ਕ੍ਰਮ ੨੨੮/੨ ਤੋਂ ਲੈ ਕੇ ੨੪੫/੧ ਤਕ ਤੇ ਦਮਦਮੀ ਬੀੜ ਦੇ ਪਾਵਨ ਸਰੂਪਾਂ ਦੇ ਅੰਗ ੨੬੨ ਤੋਂ ੨੯੬ ਤਕ ਇਹ ਬਾਣੀ ਅੰਕਿਤ ਹੈ।

**ਕਰਤਾਰਪੁਰੀ ਤੇ ਦਮਦਮੀ ਬੀੜ ਬਾਰੇ:-** ਜਿਹੜੀ ਪਵਿੱਤਰ ਬੀੜ ਪੰਜਵੇਂ ਪਾਤਸ਼ਾਹ ਜੀ ਨੇ ਰਾਮਸਰ ਸਾਹਿਬ ਸਰੋਵਰ ਦੇ ਪੱਛਮੀ ਕਿਨਾਰੇ 'ਤੇ ਸਜ ਕੇ ਭਾਈ ਗੁਰਦਾਸ ਜੀ ਕੋਲੋਂ ਲਿਖਵਾਈ ਤੇ ਭਾਦਰੋਂ ਸੁਦੀ ਏਕਮ (ਭਾਦਰੋਂ ਮਹੀਨੇ ਦੀ ਮੱਸਿਆ ਤੋਂ ਅਗਲੇਰੇ ਦਿਨ) ਸੰਮਤ ੧੬੬੧ ਬਿਕ੍ਰਮੀ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਖੇ ਪ੍ਰਕਾਸ਼ ਕਰਵਾਈ ਉਸ ਨੂੰ ਪਹਿਲੋਂ ਪਹਿਲ 'ਪੋਥੀ ਸਾਹਿਬ' ਕਿਹਾ ਜਾਂਦਾ ਰਿਹਾ। ਬਾਅਦ ਵਿਚ ਉਸ ਨੂੰ ਬਾਬੇ ਧੀਰ ਮੱਲ (ਛੇਵੇਂ ਪਾਤਸ਼ਾਹ ਜੀ ਦੇ ਜੇਠੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੇ ਵੱਡੇ ਪੁੱਤਰ ਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਵੱਡੇ ਭਰਾਤਾ) ਨੇ ਕਰਤਾਰਪੁਰ ਲਿਜਾਣਾ ਕੀਤਾ ਤੇ ਹੁਣ ਤਕ ਉਹ ਪਾਵਨ ਬੀੜ ਓਥੇ ਹੀ ਸੁਸ਼ੋਭਿਤ ਹੈ ਤੇ ਅੱਜਕਲ੍ਹ ਇਹ ਕਰਤਾਰਪੁਰੀ ਬੀੜ ਸੱਦੀਦੀਂ ਹੈ। ਇਸ ਦੇ ਅੰਦਰ ਪੰਜਾਂ ਗੁਰੂ ਸਾਹਿਬਾਨ, ਭਗਤ ਸਾਹਿਬਾਨ, ਭੱਟ ਸਾਹਿਬਾਨ ਤੇ ਸਿੱਖਾਂ ਦੀ ਬਾਣੀ ਦਰਜ ਹੈ।

ਕਲਗੀਧਰ ਪਿਤਾ ਜੀ ਨੇ ਜਦੋਂ ਜੰਗਾਂ-ਯੁੱਧਾਂ ਤੋਂ ਉਪਰੰਤ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਵਿਖੇ ਆਪਣਾ ਕਮਰਕੱਸਾ ਖੋਲ੍ਹ ਕੇ ਦਮ ਲਿਆ ਤਾਂ ਓਥੇ ਭਾਈ ਮਨੀ ਸਿੰਘ ਨੂੰ ਲਿਖਾਰੀ ਲਾ ਕੇ ਆਪਣੇ ਕੰਠੋਂ ਸਾਰੀ ਧੁਰ ਕੀ ਬਾਣੀ ਉਚਾਰ ਕੇ ਪਵਿੱਤਰ ਬੀੜ ਤਿਆਰ ਕਰਵਾਈ ਜਿਸ ਵਿਚ ਰਹਰਾਸਿ ਬਾਣੀ ਦੇ 'ਸੋ ਪੁਰਖੁ' ਵਾਲੇ ਧੁਰੇ ਦੇ ਚਾਰ

ਸ਼ਬਦ ਅਤੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੇ ਸ਼ਬਦ ਤੇ ਸਲੋਕ ਵੀ ਦਰਜ ਕਰਵਾਏ ਉਸ ਨੂੰ ਦਮਦਮੀ ਬੀੜ ਕਿਹਾ ਜਾਂਦਾ ਹੈ।

**ਜ਼ਰੂਰੀ ਵਿਚਾਰ:–** ਪੁਰਾਤਨ ਸਮਿਆਂ ਵਿਚ ਹਰੇਕ ਪੱਤਰੇ ਦੇ ਦੂਜੇ ਪੰਨੇ ਪੁਰ ਅੰਗ ਲਿਖਿਆ ਗਿਆ ਹੈ। ਪਹਿਲੇ ਪੰਨੇ ਤੇ ਦੂਜੇ ਪੰਨੇ ਨੂੰ ਮਿਲਾ ਕੇ ਇੱਕ ਪੱਤਰਾ ਮੰਨਿਆ ਜਾਂਦਾ ਹੈ। ਹਰੇਕ ਪੱਤਰੇ ਨੂੰ ੧ ਅਤੇ ੨ ਕਰਕੇ ਗਿਣਿਆ ਜਾਂਦਾ ਹੈ। ਤਤਕਰੇ ਤੋਂ ਲੈ ਕੇ ਸਾਰੇ ਪੱਤਰੇ ੯੭੫ (੧੯੫੦ ਅੰਗ) ਹਨ ਤੇ ਅੱਜਕਲ੍ਹ ਜੋ ਦਮਦਮੀ ਸਰੂਪ ਹਨ ਇਨ੍ਹਾਂ ਦੇ ਅੰਗ ੧੪੩੦ (੭੧੫ ਪੱਤਰੇ) ਹੁੰਦੇ ਹਨ ਤੇ ਤਤਕਰੇ ਦਾ ਵੇਰਵਾ ਇਸ ਤੋਂ ਬਾਹਰਾ ਹੁੰਦਾ ਹੈ।

**ਬੋਲੀ:–** ਇਸ ਪਾਵਨ ਗੁਰਬਾਣੀ ਅੰਦਰ ਵਰਤੀ ਬੋਲੀ ਸਰਲ ਅਤੇ ਠੇਠ ਪੰਜਾਬੀ ਹੈ, ਜਿਸ ਦਾ ਬਹੁਤ ਸੁੰਦਰ ਸਰੂਪ ਜੋ ਬਾਣੀ ਦਾ ਪਾਠ ਕਰਨ ਵਾਲੇ ਦੇ ਧੁਰ ਅੰਦਰ ਬੜੇ ਸਹਿਜੇ ਹੀ ਵੇਗ ਨਾਲ ਉਤਰ ਜਾਂਦਾ ਹੈ, ਇਹੀ ਕਾਰਨ ਹੈ ਕਿ ਚਾਹੇ ਕੋਈ ਕਿਤੇ ਵੀ ਰਹਿੰਦਾ ਹੋਵੇ ਉਸ ਨੂੰ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਿਆਂ ਕੋਈ ਔਖਿਆਈ ਨਹੀਂ ਹੁੰਦੀ।

**ਸ਼ੈਲੀ:–** ਸ਼ੈਲੀ ਦਾ ਭਾਵ ਹੈ ਕਿ ਕਾਵਿ ਰਚਨਾ ਵਿਚ ਵਰਤੇ ਜਾਣ ਵਾਲੇ ਢੰਗ *(Style)* ਅਤੇ ਨਿਯਮ *(Rule)* ਜਿਨ੍ਹਾਂ ਨੂੰ ਬਾਣੀਕਾਰ ਗੁਰੂ ਜੀ ਨੇ ਚੰਗੀ ਤਰ੍ਹਾਂ ਨਿਭਾਇਆ ਹੈ। ਇਸੇ ਕਰਕੇ ਇਸ ਰਚਨਾ ਵਿਚ ਕਾਵਿ-ਛੰਦਾਂ ਦਾ ਤੋਲ ਅਤੇ ਤੁਕਾਂਤ ਇਕਸਾਰ ਹੋਣ ਕਾਰਨ ਭਾਵੁਕਤਾ ਤੇ ਇਕਸੁਰਤਾ ਕਾਇਮ ਹੈ।

**ਦ੍ਰਿਸ਼ਟਾਂਤ ਅਲੰਕਾਰ:–** ਇਕ ਅਰਥਾ ਅਲੰਕਾਰ ਜੋ ਕਿਸੇ ਚੀਜ਼ ਅਥਵਾ ਗਾਥਾ ਦੀ ਪੂਰੀ ਜਾਣਕਾਰੀ ਦੇਣ ਵਾਲੀ ਕਿਸੇ ਬਰਾਬਰ ਧਰਮ ਵਾਲੀ ਸ਼ੈ ਦਾ ਕਥਨ ਅਥਵਾ ਮਹਿਮਾ ਦੀ ਪ੍ਰਤਿਬਿੰਬ ਰੂਪ ਉਦਾਹਰਨ ਦਾ ਵਰਣਨ ਦ੍ਰਿਸ਼ਟਾਂਤ ਅਲੰਕਾਰ ਅਖਵਾਉਂਦਾ ਹੈ। ਰਚੇਤਾ ਸਤਿਗੁਰੂ ਜੀ ਦੇ ਵੀ ਨਿਯਮਾਂ ਅਨੁਸਾਰ ਇਸ ਰਚਨਾ ਅੰਦਰ ਐਸੇ ਦ੍ਰਿਸ਼ਟਾਂਤ ਅਲੰਕਾਰ, ਬਿੰਬ ਆਦਿਕ ਆਮ ਜੀਵਨ ਨਾਲ ਸੰਬੰਧਿਤ ਹਨ। ਕਿਸੇ ਇੱਕ ਗੱਲ ਦਾ ਪੂਰਾ ਗਿਆਨ ਕਰਾਉਣ ਲਈ ਉਹੋ ਜਿਹੀ ਕਿਸੇ ਬਾਤ ਦੀ ਮਿਸਾਲ ਦੇ ਕੇ ਦ੍ਰਿਸ਼ਟਾਂਤ ਅਲੰਕਾਰ ਰਾਹੀਂ ਕਈ ਥਾਵਾਂ 'ਤੇ ਸਮਝਾਇਆ ਹੈ ਜਿਵੇਂ ਕਿ:

*ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੮)*

**ਰਚਨ ਸਥਾਨ:–** ਜਿੱਥੇ ਇਹ ਪਾਵਨ ਪਵਿੱਤਰ ਬਾਣੀ ਰਚੀ ਗਈ ਉਸ ਅਸਥਾਨ ਦਾ ਨਾਂ ਗੁਰਦੁਆਰਾ ਮੰਜੀ ਸਾਹਿਬ ਹੈ। ਜਦੋਂ ਇਸ ਬਾਣੀ ਦਾ ਉਚਾਰਨ ਕੀਤਾ ਗਿਆ ਸੀ ਉਸ ਸਮੇਂ ਇਹ ਜਗ੍ਹਾ ਨਗਰ ਦੇ ਚੜ੍ਹਦੇ ਵੰਨੇ ਅਬਾਦੀ ਤੋਂ ਕਾਫੀ ਦੂਰ ਸੀ, ਜਿੱਥੇ ਅਨੇਕ ਤਰ੍ਹਾਂ ਦੇ ਦਰੱਖਤ ਸਨ ਤੇ ਬੜੀ ਇਕਾਂਤ ਤੇ ਰਮਣੀਕ ਥਾਂ ਵੇਖ ਕੇ ਇੱਕ ਬੇਰੀ ਦੇ ਰੁੱਖ ਹੇਠਾਂ ਬੈਠ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਸੁਖਮਨੀ ਸਾਹਿਬ ਦੀ ਪਾਵਨ ਬਾਣੀ ਦਾ ਉਚਾਰਨ ਕੀਤਾ। ਬਾਅਦ ਵਿਚ ਪੰਚਮ ਪਾਤਸ਼ਾਹ ਜੀ

ਨੇ ਜਦੋਂ ਧੁਰ ਕੀ ਬਾਣੀ ਭਾਈ ਗੁਰਦਾਸ ਜੀ ਤੋਂ ਲਿਖਵਾਉਣੀ ਅਰੰਭੀ ਤਾਂ ਉਸ ਤੋਂ ਪਹਿਲਾਂ ਗੁਰੂ ਸਾਹਿਬ ਨੇ ਆਪਣੀ ਹੱਥੀਂ ਗਾਰ ਕੱਢ ਕੇ ਰਾਮਸਰ ਸਾਹਿਬ ਸਰੋਵਰ ਦੀ ਰਚਨਾ ਕੀਤੀ ਤੇ ਉਸ ਤਾਲ ਦੇ ਪੱਛਮੀ ਕੰਢੇ ਤੰਬੂ ਲਾ ਕੇ ਭਾਈ ਗੁਰਦਾਸ ਜੀ ਤੋਂ ਲਿਖਵਾਈ, ਸਾਰੀ ਬਾਣੀ ਦੀ ਸੰਪਾਦਨਾ ਸੰਪੂਰਨ ਹੋਣ ਪੁਰ ਉਸ ਬੀੜ ਦਾ ਪ੍ਰਕਾਸ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਕਰਵਾਇਆ, ਜਿਸ ਜਗ੍ਹਾ ਪੁਰ ਬੇਰੀ ਦੇ ਬੂਟੇ ਥੱਲੇ ਗੁਰੂ ਜੀ ਨੇ ਸੁਖਮਨੀ ਸਾਹਿਬ ਉਚਾਰੀ ਸੀ ਉਹ ਸਥਾਨ ਹੁਣ ਰਾਮਸਰ ਤਾਲ ਦੀ (ਈਸ਼ਾਨ ਦਿਸ਼ਾ) ਪੂਰਬ ਤੇ ਉੱਤਰ ਦੀ ਗੁੱਠੇ ਸੁਭਾਇਮਾਨ ਹੈ। ਇਸ ਬਾਣੀ ਦੇ ਰਚਨ-ਅਸਥਾਨ ਬਾਰੇ ਦੋ ਵੱਖ-ਵੱਖ ਰਾਵਾਂ ਹਨ:-

(੧) ਇੱਕ ਰਾਇ ਅਨੁਸਾਰ ਪੰਚਮ ਪਾਤਸ਼ਾਹ ਜੀ ਨੇ ਸਾਰੀ ਬਾਣੀ ਇਸੇ ਅਸਥਾਨ ਪੁਰ ਹੀ ਸੰਪੂਰਨ ਕੀਤੀ।

ਸੁਖਮਨੀ ਸਾਹਿਬ ਦੇ ਰਚਨ ਅਸਥਾਨ ਸਬੰਧੀ ਜਾਣਕਾਰੀ ਅੱਗੇ ਦਿੱਤੀ ਜਾ ਰਹੀ ਕਾਵਿ ਰਚਨਾ ਅੰਦਰ ਇਸ ਪ੍ਰਕਾਰ ਹੈ:-

*ਦੋਹਰਾ॥ ਰਾਮਤਾਲ ਈਸਾਨ ਦਿਸ਼ ਬੈਠੇ ਗੁਰੂ ਕ੍ਰਿਪਾਲ।*
*ਰਚਨਿ ਲਗੇ ਤਬ ਸੁਖਮਨੀ ਦੇ ਸੁਖ ਕਰਤਿ ਨਿਹਾਲ॥੧॥*[1]

(੨) ਦੂਜੀ ਰਾਇ ਮੁਤਾਬਿਕ ਪੰਜਵੇਂ ਸਤਿਗੁਰੂ ਜੀ ਧਰਮ ਪ੍ਰਚਾਰ ਕਰਦੇ ਹੋਏ ਜਦੋਂ ਪਠਾਨਕੋਟ ਲਾਗੇ ਬਾਰਠ (ਅੱਜ ਕੱਲ੍ਹ ਨਾਂ ਬਾਰਠ ਸਾਹਿਬ) ਪਿੰਡ ਵਿਚ ਉਸ ਅਸਥਾਨ ਪੁਰ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੇਠੇ ਪੁੱਤਰ ਬਾਬਾ ਸ੍ਰੀ ਚੰਦ ਜੀ ਬੜੇ ਲੰਬੇ ਅਰਸੇ ਤੋਂ ਬਹੁਤ ਭਾਰੀ ਤਪੱਸਿਆ ਕਰ ਰਹੇ ਸਨ, ਜਾ ਅੱਪੜੇ। ਉਸ ਵੇਲੇ ਤਕ ਸੁਖਮਨੀ ਸਾਹਿਬ ਦੀਆਂ ਸੋਲ੍ਹਾਂ ਅਸਟਪਦੀਆਂ ਰਚੀਆਂ ਜਾ ਚੁੱਕੀਆਂ ਸਨ, ਜਿਨ੍ਹਾਂ ਨੂੰ ਸੁਣ ਕੇ ਬਾਬਾ ਜੀ ਡਾਹਢੇ ਪ੍ਰਸੰਨ ਹੋਏ ਤੇ ਅੱਠ ਅਸਟਪਦੀਆਂ ਹੋਰ ਲਿਖਣ ਲਈ ਕਿਹਾ,

**ਕਿਉਂਕਿ ਇਨਸਾਨ ਨੂੰ ਅੱਠਾਂ ਪਹਿਰਾਂ ਵਿਚ ੨੪ ਹਜ਼ਾਰ ੬ ਸੌ ਸ੍ਵਾਸ ਆਉਂਦਾ ਹੈ, ਸੋ ਜੋ ਕੋਈ ਇਹ ੨੪ ਅਸਟਪਦੀਆਂ ਪੜ੍ਹੇਗਾ, ਉਸ ਦਾ ਸ੍ਵਾਸ ਸ੍ਵਾਸ ਸਫਲਾ ਹੋਵੇਗਾ,**

ਗੁਰੂ ਜੀ ਨੇ ਬਾਬਾ ਜੀ ਨੂੰ ਹੀ ਪੂਰੀਆਂ ਕਰਨ ਵਾਸਤੇ ਕਿਹਾ ।
ਤਾਂ ਬਾਬਾ ਸ੍ਰੀ ਚੰਦ ਜੀ ਨੇ:-

*ਸਲੋਕੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ॥੧॥*

ਉਪਰੋਕਤ ਸਲੋਕ ਉਚਾਰ ਕੇ ਬੱਸ ਕਰ ਦਿੱਤੀ। ਬਰਾਬਰੀ ਨਾ ਕਰਨ ਜਾਂ ਪਛਾਣ ਵਾਸਤੇ ਸਿਰਫ 'ਭਿ' ਸਿਹਾਰੀ ਦਾ ਫਰਕ ਰੱਖਿਆ। ਫਿਰ ਗੁਰੂ ਜੀ ਨੇ ਉੱਥੇ ਅੱਠ ਅਸਟਪਦੀਆਂ ਰਚ ਕੇ ਬਾਬਾ ਜੀ ਨੂੰ ਸੁਣਾਈਆਂ। ਬਾਬਾ ਸ੍ਰੀ ਚੰਦ ਜੀ ਬੜੇ ਹੀ ਪ੍ਰਸੰਨ ਹੋਏ ਤੇ ਬਚਨ ਕੀਤਾ:-

**ਤੁਹਾਡਾ ਬੁਰਾ ਚਿਤਵਨ ਵਾਲਾ ਕੋਈ ਨਾ ਰਹੇਗਾ ਤੇ ਤੁਹਾਡੀ ਬਾਣੀ ਦੁਨੀਆ ਵਿਚ ਦਿਨ ਬ ਦਿਨ ਦੂਣਾ ਚੌਣਾ ਮਾਨ ਪਾਏਗੀ ਅਤੇ ਕਲਯਾਨਦਾਇਕ ਹੋਵੇਗੀ।**[2]

**ਜ਼ਰੂਰੀ ਵਿਚਾਰ:–** ਪੰਚਮ ਪਾਤਸ਼ਾਹ ਜੀ ਨੇ ਸੁਖਮਨੀ ਸਾਹਿਬ ਜੀ ਦਾ ਉਚਾਰਨ ਮੰਜੀ ਸਾਹਿਬ ਰਾਮਸਰ ਸਰੋਵਰ ਦੇ ਕਿਨਾਰੇ ਕੀਤਾ ਬਹੁਸੰਮਤੀ ਇਸ ਵਿਚਾਰ ਨਾਲ ਸਹਿਮਤ ਹੈ। ਬਾਰਠ ਸਾਹਿਬ ਵਿਖੇ ਰਹਿੰਦੀ ਬਾਣੀ ਦਾ ਪੂਰਿਆਂ ਕਰਨਾ ਇਹ ਵਿਚਾਰ ਬਿਲਕੁਲ ਹੀ ਨਿਰਮੂਲ ਹੈ।

**ਰਚਨ ਕਾਲ:–** ਬਾਣੀ ਦੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਰਚਨਾ ਪੂਰਬਲੇ ਗੁਰੂ ਸਾਹਿਬਾਨ, ਭਗਤ ਜਨ ਅਤੇ ਬਾਬੇ ਮੋਹਣ ਜੀ (ਸ੍ਰੀ ਗੁਰੂ ਅਮਰਦਾਸ ਜੀ ਦੇ ਵੱਡੇ ਸਪੁੱਤਰ ਅਤੇ ਸਤਿਗੁਰੂ ਜੀ ਦੇ ਮਾਮਾ ਜੀ) ਤੋਂ ਪ੍ਰਾਪਤ ਉਹ ਸਾਰੀ ਗੁਰਬਾਣੀ ਇੱਕਤਰ ਕਰ ਕੇ ਰਾਮਸਰ ਤਾਲ ਦੇ ਕਿਨਾਰੇ ਬੈਠ ਕੇ ਭਾਈ ਗੁਰਦਾਸ ਜੀ ਤੋਂ ਲਿਖਵਾਉਣੀ ਅਰੰਭ ਕੀਤੀ ਜਿਸ ਵਿਚ ਆਪਣੀ, ਭੱਟ ਸਾਹਿਬਾਨ, ਭਗਤ ਸਾਹਿਬਾਨ ਤੇ ਸਿੱਖਾਂ ਦੀ ਬਾਣੀ ਵੀ ਸ਼ਾਮਲ ਕੀਤੀ, ਦਾ ਸੰਪਾਦਨਾ ਕਾਲ ੧੬੬੦-੬੧ ਬਿਕ੍ਰਮੀ ਮੁਤਾਬਿਕ ੧੬੦੩-੦੪ ਈ. ਮੰਨਿਆ ਜਾਂਦਾ ਹੈ ਅਤੇ ਸੁਖਮਨੀ ਸਾਹਿਬ ਜੀ ਦੀ ਬਾਣੀ ਗੁਰੂ ਨੇ ਇੱਕ ਸਾਲ ਪੂਰਵ ਉਚਾਰੀ।

**ਉਪਦੇਸ਼:–** ਸੁਖਮਨੀ ਸਾਹਿਬ ਬਾਣੀ ਸਭ ਤੋਂ ਪਹਿਲਾਂ ਵਾਹਿਗੁਰੂ ਨਾਲ ਜੋੜਦੀ ਹੈ ਫਿਰ ਆਦਿ ਗੁਰੂਆਂ ਨੂੰ ਨਮਸਕਾਰ ਕਰਨ ਦੀ ਜਾਚ ਸਿਖਾਉਂਦੀ ਹੈ, ਇਸ ਬਾਣੀ ਦਾ ਮਨੋਰਥ ਜੀਵ-ਮਾਤਰ ਨੂੰ ਆਤਮਿਕ-ਸੁਖ ਤੇ ਅਨੰਦ ਦੇਣਾ ਹੈ, ਇਹ ਬਾਣੀ:

*ਸਾਜਨ ਸੰਤ ਕਰਹੁ ਇਹੁ ਕਾਮੁ॥ ਆਨ ਤਿਆਗਿ ਜਪਹੁ ਹਰਿ ਨਾਮੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੯੦)*

ਦਾ ਉਪਦੇਸ਼ ਦਿੰਦੀ ਹੈ, ਇਹ ਜਿੱਥੇ ਦੁਖੀਆਂ ਨੂੰ ਧੀਰਜ ਦੇ ਕੇ ਆਸ਼ਾਵਾਦੀ ਬਣਾਉਂਦੀ ਹੈ, ਉੱਥੇ ਨਿਰਾਸ਼ਿਆਂ ਲਈ ਢਾਰਸ ਅਤੇ ਰੋਗੀਆਂ ਲਈ ਦਵਾ *(Medicine)* ਦਾ ਕੰਮ ਕਰਦੀ ਹੈ। ਸੁਖਮਨੀ ਸਾਹਿਬ ਹਰ ਵਰਗ ਦੇ ਲੋਕਾਂ ਨੂੰ ਆਪਣੇ ਨਾਲ ਲੈ ਕੇ ਤੁਰਦੀ ਹੈ। ਰਾਜਸੀ ਸੱਤਾ ਦੀ ਬਿਰਤੀ ਵਾਲੇ ਨੂੰ ਵੀ ਨਾਮ ਦੇ ਸਰੋਤ ਨਾਲ ਇੱਕ-ਮਿੱਕ ਕਰਕੇ ਨਾਮ-ਮਾਰਗ ਦਾ ਪੰਧਾਊ ਬਣਾਉਂਦੀ ਹੈ। ਇਹ ਬਾਣੀ ਮਨੁੱਖ ਮਾਤਰ ਨੂੰ ਸਵਾਰਥੀ ਨਾ ਬਣਾ ਕੇ ਦੂਸਰਿਆਂ ਦੀ ਮਦਦ ਕਰਨ ਦਾ ਰਾਹ ਸਿਖਾਉਂਦੀ ਹੈ ਅਤੇ ਗੁਰਮਤਿ ਦੇ ਰਸਤੇ 'ਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ।

**ਫਲਾਦੇਸ਼:–** ਜੋ ਗੁਰਸਿੱਖ ਨਿਸ਼ਚੇ ਨਾਲ ਇਸ ਬਾਣੀ ਦਾ ਪਾਠ ਕਰਦਾ ਹੈ ਉਸ ਦੀਆਂ ਸਭ ਮਨੋਕਾਮਨਾਵਾਂ ਪੂਰਨ ਹੁੰਦੀਆਂ ਹਨ, ਇਹ ਬਾਣੀ ਜੀਵ ਨੂੰ ਸ਼ਾਂਤੀ ਪ੍ਰਦਾਨ ਕਰਦੀ ਹੈ। ਦੁਖੀ ਜੀਵ ਦੀ ਜਦੋਂ ਚਿੰਤਾ ਦੂਰ ਹੋ ਜਾਵੇ ਤਾਂ ਉਸ ਲਈ ਓਹੀ ਅਨੰਦ ਹੈ ਪਰ ਇਸ ਤੋਂ ਵੀ ਉੱਪਰਲੀ ਅਵਸਥਾ ਆਤਮਿਕ-ਅਨੰਦ ਦੀ ਹੈ। ਇਸ ਬਾਣੀ ਦਾ ਪਾਠ ਕਰਨ ਵਾਲਾ ਕਿਸੇ ਵੀ ਜਾਤ, ਮਜ਼ਹਬ, ਨਸਲ ਜਾਂ ਰੰਗ ਦਾ ਹੋਵੇ ਇਹ ਸਭ ਨੂੰ ਸੁਖ ਤੇ ਸ਼ਾਂਤੀ ਬਖ਼ਸ਼ਦੀ ਹੈ। ਜੇ ਅਸੀਂ ਇਹ ਸੋਚ ਕੇ ਬਾਣੀ ਪੜ੍ਹਾਂਗੇ ਕਿ ਇਸੇ ਨਾਲ ਹੀ ਸਾਡੇ ਸਾਰੇ ਜੀਵਨ ਦਾ ਉਧਾਰ ਹੋਣਾ ਹੈ ਤਾਂ ਸਾਨੂੰ ਹੋਰ ਵੀ ਆਤਮਿਕ-ਸ਼ਾਂਤੀ ਤੇ ਸੁਖਾਂ ਦੀ ਪ੍ਰਾਪਤੀ ਹੋਵੇਗੀ। ਜੋ ਜੀਵ ਇਸ ਬਾਣੀ ਦਾ ਰੋਜ਼ ਨਿੱਤਨੇਮ ਕਰੇਗਾ ਉਸ ਦਾ

ਜਨਮ-ਮਰਨ ਦਾ ਗੇੜ ਮੁੱਕ ਜਾਵੇਗਾ ਤੇ ਉਹ ਮੁਕਤ-ਪਦ ਨੂੰ ਪ੍ਰਾਪਤ ਹੋਵੇਗਾ:-

*ਕਰਿ ਸੁਖਮਨੀ ਅੰਤ ਮਹਿਂ ਆਪੂ। ਕਹਜੋ ਮਹਾਤਮ ਅਧਿਕ ਪ੍ਰਤਾਪੂ॥੫॥*
*ਸਭਿ ਤੇ ਊਚ ਪਾਇ ਅਸਥਾਨ। ਨਿਤ ਪਾਠਕ ਮਿਟਿ ਆਵਨਿ ਜਾਨਿ।*[੩]

**ਪਠਨ ਕਾਲ:-** ਇਸ ਬਾਣੀ ਦੇ ਪਠਨ (ਪਾਠ) ਦਾ ਕਾਲ (ਵਕਤ) ਸਤਿਗੁਰਾਂ ਨੇ ਪ੍ਰਭਾਤ ਵੇਲੇ ਨੀਯਤ ਕੀਤਾ ਹੈ, ਤੜਕਸਾਰ ਬਾਣੀ ਪੜ੍ਹਣ ਨੂੰ ਹਜ਼ੂਰ ਨੇ ਉੱਚਿਤ ਸਮਾਂ ਦੱਸਿਆ ਹੈ ਜੇਕਰ ਕੋਈ ਸੁਭਾ ਇਸ ਬਾਣੀ ਦਾ ਪਾਠ ਪ੍ਰੇਮ ਨਾਲ ਕਰਦਾ ਤੇ ਸੁਣਦਾ ਹੈ ਉਸ ਨੂੰ ਚਹੁੰਆਂ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ ਭਾਵੇਂ ਕੋਈ ਉੱਚੀ ਜਾਤ ਦਾ ਤੇ ਭਾਵੇਂ ਨੀਵੀਂ ਜਾਤੀ ਦਾ ਹੋਵੇ ਉਸ ਦੇ ਨੇੜੇ ਮੌਤ ਨਹੀਂ ਢੁੱਕਦੀ ਅਤੇ ਅੰਤਲੇ ਸਮੇਂ ਜੋ ਗੁਰੂ ਨੂੰ ਚੇਤੇ ਕਰਦਾ ਹੈ ਉਸ ਨੂੰ ਸ਼੍ਰੋਮਣੀ ਅਸਥਾਨ ਸੱਚਖੰਡ ਦੀ ਪ੍ਰਾਪਤੀ ਹੁੰਦੀ ਹੈ :

*ਦੋਹਰਾ॥ ਪ੍ਰਾਤ ਸਮੈ ਜੋ ਸੁਖਮਨੀ ਪੜ੍ਹੈ ਕੋਊ ਹਿਤ ਧਾਰ।*
*ਤਾਕੇ ਫਲ ਸਭਹੀ ਲਹੈ ਸੁਨੈ ਲਹੈ ਫਲ ਚਾਰ॥੨੪੪॥*
*ਊਚ ਨੀਚ ਜਨ ਜੇ ਪੜ੍ਹੈ ਕਾਲ ਨਿਕਟਿ ਨਹਿ ਆਇ।*
*ਅੰਤ ਸਮੈਂ ਸਿੰਮ੍ਰਿਤ ਸੁ ਗੁਰ ਪਰਮ ਧਾਮ ਪੁਨਿ ਪਾਇ॥੨੪੫॥*[੪]

ਉੱਪਰ ਆਈ ਵਿਚਾਰ ਅਨੁਸਾਰ ਗੁਰੂ ਜੀ ਦੇ ਹੁਕਮ ਵਿਚ ਅੰਮ੍ਰਿਤ ਵੇਲੇ ਗੁਰੂ ਘਰਾਂ ਤੇ ਆਪਣੇ ਬਸੇਰਿਆਂ ਵਿਚ ਸਿੱਖ ਤੜਕਸਾਰ ਇਸ ਬਾਣੀ ਦਾ ਪਾਠ ਕਰਦੇ ਤੇ ਸੁਣਦੇ ਸਨ। ਹੁਣ ਵੀ ਇਹੋ ਮਰਯਾਦਾ ਸੰਪ੍ਰਦਾਵਾਂ, ਡੇਰਿਆਂ, ਗੁਰ-ਅਸਥਾਨਾਂ ਆਦਿਕ ਵਿਚ ਚੱਲ ਰਹੀ ਹੈ ਪਰ ਸਮੇਂ ਦੇ ਬਦਲਾਅ ਕਾਰਨ ਇਸ ਵਿਚ ਕਾਫੀ ਪਰਿਵਰਤਨ ਆ ਗਿਆ ਹੈ ਜਿਸ ਕਰਕੇ ਛਾਹ (ਨਾਸ਼ਤੇ) ਵੇਲੇ, ਭੱਤੇ (ਦੁਪਹਿਰ) ਵੇਲੇ, ਲੌਢੇ ਵੇਲੇ (ਆਥਣੇ) ਤੇ ਰਾਤੀਂ ਵੀ ਇਸ ਬਾਣੀ ਦੇ ਪਾਠ ਕੀਤੇ ਜਾਂਦੇ ਹਨ। ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਹਫਤਾਵਾਰੀ, ਲੜੀਵਾਰ ਤੇ ਵਿਸ਼ੇਸ਼ ਦੀਵਾਨਾਂ ਵਿਚ ਵੀ ਖਾਸੀ ਸ਼ਰਧਾ ਭਾਵਨਾ ਨਾਲ ਜੋਟੀਆਂ ਵਿਚ ਇਸ ਬਾਣੀ ਨੂੰ ਪੜ੍ਹਦੀਆਂ ਹਨ। ਜੋ ਸੁਵਖਤੇ ਪਾਠ ਕਰਦੇ ਹਨ ਉਹ ਚੰਗਾ ਉੱਦਮ ਹੈ ਪਰ ਜੋ ਦਿਨੇ ਕਿਸੇ ਵੀ ਵਕਤ ਸੁਖਮਨੀ ਸਾਹਿਬ ਦੀ ਬਾਣੀ ਪੜ੍ਹਦੇ ਹਨ ਉਹ ਵੀ ਬਹੁਤ ਵਧੀਆ ਗੱਲ ਹੈ। ਬਾਣੀ ਭਾਵੇਂ ਧੰਮੀ (ਸਵੇਰ) ਵੇਲੇ ਪੜ੍ਹੀ ਜਾਵੇ ਜਾਂ ਦਿਨੇ ਕਿਸੇ ਸਮੇਂ ਇਸ ਦਾ ਸੰਗਤੀ ਜਾਂ ਸ਼ਖ਼ਸ਼ੀ ਪਾਠ ਕੀਤਾ ਜਾਵੇ, ਸਫਲਾ ਹੈ। ਗੁਰੂ ਪਾਤਸ਼ਾਹ ਸਾਨੂੰ ਸਭ ਨੂੰ ਹਿੰਮਤ ਬਖ਼ਸ਼ਣ ਤੇ ਅਸੀਂ ਗੁਰੂ ਕੀ ਬਾਣੀ ਨਾਲ ਜੁੜੇ ਰਹੀਏ ਤਾਂ ਹੀ ਸਾਡਾ ਮਨੁੱਖਾ ਜਨਮ ਸਕਾਰਥਾ ਹੋਵੇਗਾ ਅਤੇ ਅਸੀਂ ਸੰਸਾਰ ਵਿਚ ਰਹਿੰਦਿਆਂ ਹੋਇਆਂ ਬਾਣੀ ਨਾਲ ਜੁੜ ਕੇ ਸਾਰੇ ਸੰਸਾਰਕ ਸੁਖਾਂ ਦਾ ਅਨੰਦ ਮਾਣਾਂਗੇ ਤੇ ਇਸ ਦੇ ਨਾਲ ਹੀ ਆਤਮਿਕ ਅਨੰਦ ਦੀ ਪ੍ਰਾਪਤੀ ਕਰਾਂਗੇ ਅਤੇ ਅੰਤ ਸਮੇਂ ਇਸ ਲੋਕ ਤੋਂ ਪ੍ਰਲੋਕ ਜਾ ਕੇ ਵਾਹਿਗੁਰੂ ਦੀ ਸੱਚੀ ਦਰਗਾਹ ਵਿਚ ਪਹੁੰਚ ਕੇ ਉਸ ਪ੍ਰਮੇਸ਼ਵਰ ਦੀ ਜੋਤਿ ਵਿਚ ਸਦੀਵ-ਕਾਲ ਲਈ ਲੀਨ ਹੋ ਜਾਵਾਂਗੇ ਤੇ ਸਾਡਾ ਇਸ ਜਗ 'ਤੇ ਆਉਣਾ ਸਫਲਾ ਹੋ ਜਾਵੇਗਾ।

**ਵਿਦਵਾਨਾਂ ਦੇ ਬਹੁਪੱਖੀ ਵਿਚਾਰ:-** ਬਹੁਗੁਣੀ ਸੁਖਮਨੀ ਸਾਹਿਬ ਜੀ ਦੀ ਬਾਣੀ ਦੇ

ਬਹੁ ਪੱਖਾਂ ਨੂੰ ਦਰਸਾਉਂਦੇ ਵਿਦਵਾਨਾਂ ਦੇ ਹੇਠ ਲਿਖੇ ਵਿਚਾਰ ਇਸ ਤਰ੍ਹਾਂ ਹਨ:-

**(੧) 'ਗਉੜੀ' ਰਾਗ ਹੈ, 'ਸੁਖਮਨੀ' ਬਾਣੀ ਦਾ ਨਾਮ ਹੈ, ਸੁਖਾਂ ਦੀ ਸਾਧ ਸੰਗਤ ਜੀ ਮਨੀ ਹੈ।[੫]**

**(੨) ਸੁਖੋਂ ਕੀ ਮਣੀ ਰੂਪ ਹੈ[੬]**

**(੩) ਸੁਖਮਨੀ ਸਾਹਿਬ ਮਨ ਨੂੰ ਅਨੰਦ ਦੇਣ ਵਾਲੀ ਇੱਕ ਬਾਣੀ, ਜੋ ਗਉੜੀ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੀ ਰਚਨਾ ਹੈ,[੭]**

**(੪) ਸੁਖਮਨੀ ।ਸੰ:।ਸੰਸਕ੍ਰਿਤ, ਸੁਖ+ਮਣਿ ਸੁਖਾਂ ਦੀ ਮਣੀ (ਰਤਨ)॥ ਮਨ ਨੂੰ ਸੁਖ ਦੇਣ ਵਾਲੀ, ਇਕ ਬਾਣੀ ਦਾ ਨਾਉਂ ਜੋ ਪੰਜਵੇਂ ਸਤਿਗੁਰੂ ਅਰਜਨ ਦੇਵ ਜੀ ਦੇ ਅਨੁਭਵ ਤੋਂ ਉਚਰੀ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗਉੜੀ ਰਾਗ ਵਿਚ ਵਿਦਵਾਨ ਹੈ।**

**ਯਥਾ - 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ' (੨੬੨)**

**'ਸੁਖਮਨੀ' ਵਿਖੇ ਸੁਖ ਰੂਪ {ਅੰਮ੍ਰਿਤ} ਅਮਰ ਕਰਨੇ ਵਾਲਾ ਪ੍ਰਭੂ ਦਾ ਨਾਮ ਹੈ।[੮]**

**(੫) ਅੰਤਿਮ ਅਸ਼ਟਪਦੀ ਵਿਚ ਪੂਰੇ ਪ੍ਰਭੂ ਨਾਲ ਮੇਲ ਕਰਾਉਣ ਵਾਲੀ ਇਸ ਬਾਣੀ ਦਾ ਮਹਾਤਮ ਵਰਣਿਤ ਹੈ।[੯]**

**(੬) (੯) ਪ੍ਰਭੂ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ, ਉਸ ਦਾ ਨਾਮ ਸਿਮਰਿਆਂ ਬੇਅੰਤ ਗੁਣ ਹਾਸਲ ਹੋ ਜਾਂਦੇ ਹਨ ਇਸੇ ਵਾਸਤੇ 'ਨਾਮ' ਸੁਖਾਂ ਦੀ ਮਣੀ (ਸੁਖਮਨੀ) ਹੈ।[੧੦]**

**(੭) ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥**

**ਪ੍ਰਭੂ ਦਾ ਨਾਮ ਸਭ ਸੁਖਾਂ ਦਾ ਮੂਲ ਹੈ ਤੇ ਇਹ ਮਿਲਦਾ ਹੈ ਗੁਰਮੁਖਾਂ ਤੋਂ, ਕਿਉਂਕਿ ਇਹ ਵਸਦਾ ਹੀ ਉਨ੍ਹਾਂ ਦੇ ਹਿਰਦੇ ਵਿਚ ਹੈ। ਸੋ ਸਾਰੀ 'ਸੁਖਮਨੀ' ਇਸੇ ਖਿਆਲ ਦੀ ਵਿਆਖਿਆ ਹੈ।[੧੧]**

**(੮) ਜੋ ਭੀ ਗੁਰਸਿੱਖ ਮਾਈ-ਭਾਈ, ਪ੍ਰਾਣੀ ਮਾਤਰ ਇਸ ਸੁਖਮਨੀ ਸਾਹਿਬ ਦਾ ਸ਼ਰਧਾ-ਭਾਵਨਾ ਨਾਲ ਪਾਠ ਕਰੇਗਾ। ਉਸਦੀ ਕਲਿਆਣ ਹੋਵੇਗੀ[੧੨]**

**(੯) ਜੇ ਨਿਰਪਖ ਹੋ ਕੇ ਧੀਰਜ ਨਾਲ ਇਸ ਸ਼ਬਦ ਦੀ ਪਛਾਣ ਕਰੀਏ ਤਾਂ ਇਹ ਪਦ 'ਸੁਖ+ਮਨੀ' ਦਾ ਸੰਧੀ ਬੋਧਕ ਹੈ। 'ਸੁਖ' ਪਦ ਦੇ ਅਰਥ ਹਨ- ਹਰ ਪ੍ਰਕਾਰ ਦੇ ਸੁਖ ਅਤੇ ਭਾਵਕ ਅਰਥ ਹਨ- 'ਆਤਮਿਕ ਸੁਖ-ਅਨੰਦ'। 'ਮਨੀ' ਪਦ ਦੇ ਅਰਥ ਹਨ 'ਮਣੀ, ਰਤਨ' ਅਤੇ ਭਾਵਕ ਅਰਥ ਹਨ- 'ਪ੍ਰਕਾਸ਼'।[੧੩]**

**(੧੦) ਸੁਖਾਂ ਦੀ ਮਣੀ। ਇਹ ਇਸ ਬਾਣੀ ਦਾ ਨਾਮ ਹੈ। ਇਸ ਨੂੰ ਅੰਤਲੀ ਅਸ਼ਟਪਦੀ ਵਿਚ ਜਿੱਥੇ ਸੁਖਮਨੀ ਨਾਮ ਰੱਖਣ ਦਾ ਕਾਰਨ ਦੱਸਿਆ ਹੈ,**

**"*ਅਮੁਲੀਕ ਲਾਲ ਏਹਿ ਰਤਨ*" ਕਰਕੇ ਬਿਆਨ ਕੀਤਾ ਹੈ। ਇਸ ਦੀ ਤਾਰੀਫ਼ ਸਾਰੀ ਬਾਣੀ ਦੇ ਇੱਕੋ ਇਕ 'ਰਹਾਉ' ਵਿੱਚ (ਜੋ ਪਹਿਲੀ ਅਸ਼ਟਪਦੀ ਵਿਚ ਆਉਂਦਾ ਹੈ) ਕੀਤੀ ਹੈ। 'ਸੁਖਮਨੀ' ਪ੍ਰਭੂ ਦਾ ਅੰਮ੍ਰਿਤ ਨਾਮ ਹੈ ਜੋ ਸੁਖ ਦਿੰਦਾ ਹੈ ਅਤੇ ਭਗਤਾਂ ਦੇ ਮਨ ਵਿੱਚ ਇਸ ਦਾ ਵਾਸਾ ਹੈ।**[੧੪]

**(੧੧) ਠੰਢ ਚੈਨ ਦਾ ਮੋਤੀ Pearl of peace**[੧੫]

**(੧੨) Sukhmani, or 'The Psalm of peace',**[੧੬]

**('ਦ ਸਾਮ ਆਫ ਪੀਸ) ਭਾਵ ਸ਼ਾਂਤੀ ਦੇਣ ਵਾਲਾ ਸਿਮਰਨ।**

**ਸਾਰ-ਅੰਸ਼:-** ਸ੍ਰੀ ਸੁਖਮਨੀ ਸਾਹਿਬ ਦੀ ਬਾਣੀ ਦੀ ਵਿਆਖਿਆ ਸੁਖਾਂ ਦੀ ਮਣੀ ਤੋਂ ਅਰੰਭ ਹੋਈ ਤੇ ਅਖੀਰ ਵਿਚ ਸੁਲਝੇ ਹੋਏ ਪੰਥਕ ਵਿਦਵਾਨਾਂ ਦੇ ਵਿਚਾਰ ਵੀ ਦਿੱਤੇ ਗਏ ਹਨ। ਜੋ ਬਹੁਤ ਹੀ ਖੋਜ ਭਰਪੂਰ ਤੇ ਗੁਰਮਤਿ ਅਨੁਕੂਲ ਹਨ। ਅੰਤ ਇਹ ਹੀ ਸਿੱਟਾ ਨਿਕਲਦਾ ਹੈ ਕਿ ਸੁਖਮਨੀ ਜੀ ਅੰਦਰ ਆਈ ਸਾਰੀ ਵਿਚਾਰ ਜੀਵ ਨੂੰ ਸੰਸਾਰ ਵਿਚ ਰਹਿੰਦਿਆਂ ਆਈਆਂ ਮੁਸ਼ਕਲਾਂ ਦਾ ਸਮਾਧਾਨ ਅਤੇ ਸਾਰੇ ਦੁਨਿਆਵੀ ਸੁਖਾਂ ਦੀ ਪ੍ਰਾਪਤੀ ਕਰਾਉਂਦੀ ਹੈ ਤੇ ਸਰੀਰ ਤਿਆਗਣ ਤੋਂ ਬਾਅਦ ਪ੍ਰਾਣੀ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ। ਸੋ ਸਾਨੂੰ ਚਾਹੀਦਾ ਹੈ ਕਿ ਸੁਖਮਨੀ ਸਾਹਿਬ ਦੇ ਨਿੱਤਨੇਮੀ ਹੋਈਏ ਤੇ ਇਸ ਅੰਦਰ ਆਏ ਉਪਦੇਸ਼ਾਂ ਤੇ ਸਿੱਖਿਆਵਾਂ ਦੇ ਧਾਰਨੀ ਬਣੀਏ ਤਾਂ ਕਿ ਅਸੀਂ ਭਵ ਸਾਗਰ ਤੋਂ ਪਾਰ ਹੋ ਸਕੀਏ।

**ਹਵਾਲਾ ਪੁਸਤਕਾਂ:-**

੧. *ਸ੍ਰੀ ਗੁਰ ਪ੍ਰਤਾਪ ਸੂਰਜ*, ਰਾਸਿ ੩, ਅੰਸੂ ੪੩, ਜਿਲਦ ੬, ਪੰਨਾ ੨੦੯੫, ਗਿਆਨੀ ਸੰਤੋਖ ਸਿੰਘ ਜੀ, ਸੰਪਾਦਕ ਪਦਮਭੂਸ਼ਣ ਭਾਈ ਵੀਰ ਸਿੰਘ ਜੀ ਡੀ. ਲਿਟ., ਫੋਟੋ ਕਾਪੀ ਪ੍ਰਕਾਸ਼ਨ ਭਾਸ਼ਾ ਵਿਭਾਗ ਪੰਜਾਬ ਪਟਿਆਲਾ, ੧੯੯੦

੨. *ਤਵਾਰੀਖ ਗੁਰੂ ਖਾਲਸਾ*, ਭਾਗ ਪਹਿਲਾ, ਗੁਰੂ ਪੰਜਵਾਂ, ਹਿੱਸਾ ਦੂਜਾ, ਪੰਨਾ ੪੧੫-੧੬, ਸਾਖੀ "ਸ੍ਰੀ ਚੰਦ ਦਾ ਮਿਲਾਪ ਬਾਰਠ ਤੇ ਗੁਰੂ ਕੀ ਰੌੜ", ਗਿਆਨੀ ਗਿਆਨ ਸਿੰਘ ਜੀ, ਭਾਸ਼ਾ ਵਿਭਾਗ ਪੰਜਾਬ ਪਟਿਆਲਾ, ੧੯੯੩

*Twarikh Guru Khalsa* (Punjabi) (10) uploads/ scribed Part 5 (Punjabi) [42] of 72 pages Giani Gian Singh ji, Sant/Bhai Baljinder Singh ji Rara Sahib

੩. *ਸ੍ਰੀ ਗੁਰ ਪ੍ਰਤਾਪ ਸੂਰਜ*, ਰਾਸਿ ੩, ਅੰਸੂ ੪੩, ਪੰਨਾ ੨੫੦, ਜੀਵਨ ਪਾ. ੫, ਭਾਗ ੨, ਗਿਆਨੀ ਸੰਤੋਖ ਸਿੰਘ ਜੀ, ਸੰਪਾਦਨਾ ਤੇ ਅਨੁਵਾਦ ਡਾ. ਕਿਰਪਾਲ ਸਿੰਘ, ਪ੍ਰਕਾਸ਼ਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ੨੦੦੦

੪. *ਸ੍ਰੀ ਗੁਰ ਬਿਲਾਸ ਪਾਤਸ਼ਾਹੀ ੬*, ਅਧਿਆ ੪, ਪੰਨਾ ੭੫, ਸੰਪਾਦਨਾ ਤੇ ਟਿੱਪਣੀ ਗਿਆਨੀ ਇੰਦਰ ਸਿੰਘ (ਗਿੱਲ) ਕੁਆਲਾਲੰਪਰ (ਮਲੇਸ਼ੀਆ), ੧੯੯੮

੫. ਸ੍ਰੀ ਸੁਖਮਨੀ ਸਾਹਿਬ ਸਟੀਕ, ਦਮਦਮੀ ਟਕਸਾਲ ਅਜਨਾਲਾ (ਸ੍ਰੀ ਅੰਮ੍ਰਿਤਸਰ), ਪੰਨਾ ੯, ਸੰਸਕਰਣ ੨੦੧੩

੬. *Faridkot-wala-Teeka* Pdf, www.ik13.com pdfs, Page 862, Sant/Bhai Baljinder Singh Ji Rara Sahib

੭. *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਸੁਖਮਨੀ, ਪੰਨਾ ੨੦੯, ਭਾਈ ਕਾਨ੍ਹ ਸਿੰਘ ਜੀ ਨਾਭਾ, ਭਾਸ਼ਾ ਵਿਭਾਗ ਪੰਜਾਬ ਪਟਿਆਲਾ, ੧੯੮੧

*Mahan-Kosh*-Pdf page 778/4181 Bhai Kahan Singh ji Nabha, Sant/Bhai Bajinder Singh Ji Rara Sahib

੮. *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਪੰਨਾ ੮੪, ਭਾਈ ਵੀਰ ਸਿੰਘ ਜੀ, ਸਿੰਘ ਬ੍ਰਦਰਜ਼ ਅੰਮ੍ਰਿਤਸਰ, ਅਕਤੂਬਰ ੧੯੯੫

੯. *ਪੰਜਾਬੀ ਵਿਸ਼ਵ ਕੋਸ਼,* ਜਿਲਦ ਪੰਜਵੀਂ, ਸੁਖਮਨੀ, ਪੰਨਾ ੨੮੩, ਡਾ. ਰਤਨ ਸਿੰਘ ਜੱਗੀ, ਭਾਸ਼ਾ ਵਿਭਾਗ ਪੰਜਾਬ ਪਟਿਆਲਾ, ੧੯੮੬

੧੦. *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* ਪੋਥੀ ਦੂਜੀ, ਪੰਨਾ ਪ੯੫, ਪ੍ਰਿੰਸੀਪਲ ਸਾਹਿਬ ਸਿੰਘ ਜੀ ਡੀ. ਲਿਟ., ਰਾਜ ਪਬਲਿਸ਼ਰਜ਼ (ਰਜਿ:) ਜਲੰਧਰ,

*www.gurugranthdarpan.com/darpan2/0262hmtl* page 262-Punjabi Translation× Principal Sahib Singh D. lit., Uploads: Avtar Singh Dhami, Kulbir Singh Thind

੧੧. *ਸਿਧਾਂਤਕ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਸੈਂਚੀ ਦੂਜੀ, ਪੰਨਾ ੪੦੨
ਗਿਆਨੀ ਮਨੀ ਸਿੰਘ ਜੀ, ਸਾਬਕਾ ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

੧੨. *ਅਮੋਲਕ ਰਤਨ ਅਰਥਾਤ ਸੁਖਮਨੀ ਸਾਹਿਬ ਸਟੀਕ,* ਭੂਮਿਕਾ ਪੰਨਾ ੪੩, ਅੰਮ੍ਰਿਤਸਰੀ ਟਕਸਾਲ, ਸੰਤ ਸੁਰਜੀਤ ਸਿੰਘ ਜੀ ਸੇਵਾ ਪੰਥੀ, ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ, ਮਾਰਚ ੧੯੮੮

੧੩. *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ ਤੁਲਾਨਤਮਿਕ ਅਧਿਐਨ,* ਪੋਥੀ ਚੌਥੀ, ਪੰਨਾ ੩੧, ਗਿਆਨੀ ਹਰਿਬੰਸ ਸਿੰਘ ਜੀ, ਗੁਰਬਾਣੀ ਸੇਵਾ ਪ੍ਰਕਾਸ਼ਨ, ਪਟਿਆਲਾ, ਅਪ੍ਰੈਲ ੨੦੦੩

੧੪. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੋਥੀ ਪਹਿਲੀ, ਪੰਨਾ ੨੬੨, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ੨੦੧੪

੧੫. *Sri Guru Granth Sahib (English & Punjabi Translation),* Vol. 2, Page 871, Translated by Manmohan Singh, Shiromani Gurdwara Parbandhak Committee Amritsar.

੧੬. *The Psalm of Peace,* Page V, Sukhmani Translated by Principal Teja Singh M.A. Shiromani Gurdwara Parbhandhak Committee Amritsar, October 2014

■

# ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ

*-ਸ. ਗੁਰਚਰਨਜੀਤ ਸਿੰਘ (ਲਾਂਬਾ)**

ਸਿੱਖ ਰਹਿਤ ਮਰਯਾਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਤਿਹਾਸਿਕ ਅਤੇ ਬੁਨਿਆਦੀ ਸਫ਼ਲਤਾ ਹੈ। ਇਹ ਵਰ੍ਹਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦੀ ਸ਼ਤਾਬਦੀ ਦਾ ਹੈ। ਗੁਰਦੁਆਰਾ ਸੁਧਾਰ ਲਹਿਰ ਅਤੇ ਦੇਸ਼ ਦੀ ਅਜ਼ਾਦੀ ਦੀ ਜੰਗ ਇਕੱਠਿਆਂ ਹੀ ਲੜੀ ਗਈ ਸੀ। ਇਸ ਲਈ ਗੁਰਦੁਆਰਾ ਸੁਧਾਰ ਲਹਿਰ ਦੀ ਸਫ਼ਲਤਾ 'ਤੇ ਮਹਾਤਮਾ ਗਾਂਧੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਨੂੰ ਵਧਾਈ ਦੀ ਤਾਰ ਭੇਜੀ ਸੀ, "ਦੇਸ਼ ਦੀ ਅਜ਼ਾਦੀ ਦੀ ਪਹਿਲੀ ਜੰਗ ਜਿੱਤੀ ਗਈ, ਵਧਾਈ।"

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਨੂੰਨੀ ਮਾਨਤਾ ਮਿਲਦੇ ਸਾਰ ਹੀ ਪਹਿਲਾ ਮਤਾ ਸਿੱਖ ਰਹਿਤ ਮਰਯਾਦਾ ਨੂੰ ਲਿਖਤੀ ਰੂਪ ਦੇਣ ਲਈ ਸਿੱਖ ਰਹੁ-ਰੀਤ ਕਮੇਟੀ ਦਾ ਗਠਨ ਸੀ। ਇਸ ਨੇ ਲੰਮੀ ਘਾਲਣਾ ਘਾਲ ਕੇ ਸਿੱਖ ਰਹਿਤ ਮਰਯਾਦਾ ਤਿਆਰ ਕੀਤੀ। ਇਸ ਨੂੰ ਸਮਰਪਿਤ ਇਹ ਵਿਚਾਰ ਜ਼ਰੂਰੀ ਹੈ।

ਸੰਸਾਰ ਇਕ ਸੁਹਾਵਣਾ ਬਾਗ਼ ਹੈ ਅਤੇ ਇਸ ਦਾ ਮਾਲੀ ਮੇਰਾ ਸਤਿਗੁਰੂ ਸੱਚਾ ਆਪ ਹੈ। ਹਜ਼ੂਰ ਦਾ ਪਾਵਨ ਹੁਕਮ ਹੈ— *ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ॥ ਸਦਾ ਸਮਾਲੇ ਕੋ ਨਾਹੀ ਖਾਲੀ॥* ਇਸ ਰਹੱਸਵਾਦੀ ਰਮਜ਼ ਵਿਚ ਤਿੰਨ ਚੀਜ਼ਾਂ ਹਨ। ਇਕ ਹੈ ਸੰਸਾਰ, ਦੂਜਾ ਇਕ ਗੁਲਦਸਤਾ ਅਤੇ ਤੀਜਾ ਇਸ ਗੁਲਦਸਤੇ ਵਿਚ ਸਜੇ ਹੋਏ ਫੁੱਲ। ਜੇਕਰ ਇਸ ਰਮਜ਼ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਇਸ ਨੂੰ ਇਸ ਤਰ੍ਹਾਂ ਵੀ ਵੇਖਿਆ ਜਾ ਸਕਦਾ ਹੈ ਕਿ ਇਹ ਸਾਰਾ ਜਗਤ ਉਸ ਕਰਤੇ ਦਾ ਸਾਜਿਆ ਹੋਇਆ ਇਕ ਬਾਗ਼ ਹੈ। ਇਸ ਬਾਗ਼ ਵਿੱਚੋਂ ਚੋਣਵੇਂ ਸੋਹਣੇ ਫੁੱਲ ਲੈ ਮਾਲੀ ਸਤਿਗੁਰੂ ਜੀ ਨੇ ਪੰਥ-ਰੂਪੀ ਇਕ ਗੁਲਦਸਤਾ ਸਜਾਇਆ ਹੈ। ਹਰ ਗੁਰਸਿੱਖ ਇਸ ਗੁਲਦਸਤੇ ਵਿਚ ਸਜਿਆ ਹੋਇਆ ਇਕ ਫੁੱਲ ਹੈ। ਪਰ ਆਮ ਦੁਨਿਆਵੀ ਫੁੱਲਾਂ ਦੀ ਤਰ੍ਹਾਂ ਇਹ ਫੁੱਲ ਕਦੇ ਮੁਰਝਾਂਦੇ ਨਹੀਂ। ਇਹ ਨਿਰਜੁਰ ਨਿਰੂਪ ਅਤੇ ਸੁੰਦਰ ਸਰੂਪ ਨੀਤ ਨਵੇਂ ਹਨ। ਹੁਣ ਬਾਗ਼, ਗੁਲਦਸਤਾ ਅਤੇ ਫੁੱਲ ਇਨ੍ਹਾਂ ਤਿੰਨਾਂ ਦੀ ਆਪਣੀ ਹੋਂਦ ਅਤੇ ਵਿਸ਼ੇਸ਼ਤਾ ਹੈ। ਜਿਤਨੀ ਦੇਰ ਤਕ ਪੰਥਕ ਗੁਲਦਸਤੇ ਦੇ ਇਹ ਫੁੱਲ ਇਸ ਵਿਚ ਸਜੇ ਰਹਿਣਗੇ ਇਨ੍ਹਾਂ ਵਿੱਚੋਂ ਖੁਸ਼ਬੂ ਵੀ ਪਸਰੇਗੀ ਅਤੇ ਸੁਹੱਪਣ ਵੀ।

ਗੁਰੂ-ਕਾਲ ਤੋਂ ਲੈ ਕੇ ਹੁਣ ਤਕ ਹਰ ਫੁੱਲ ਰੂਪੀ ਗੁਰਸਿੱਖ ਨੇ ਗੁਰੂ ਅਤੇ ਵਾਹਿਗੁਰੂ ਵਿਚ ਫ਼ਰਕ ਨਹੀਂ ਸਮਝਿਆ। ਗੁਰਬਰ ਅਕਾਲ ਜਾਂ ਗੁਰੂ ਬਰਾਬਰ ਹੈ ਅਕਾਲ ਦੇ ਮਹਾਂਵਾਕ ਮੁਤਾਬਕ ਗੁਰੂ ਨੂੰ ਹਮੇਸ਼ਾਂ ਵਾਹਿਗੁਰੂ ਦਾ ਸਰਗੁਣ ਸਰੂਪ ਕਰਕੇ ਹੀ ਜਾਣਿਆ।

**North Arlington, New Jersey (U. S. A.) M. +1(973) 699-0950*

ਇਸ ਅਨੁਸਾਰ ਹੀ ਗੁਰੂ, ਪੰਥ ਅਤੇ ਸਿੱਖ ਦੀ ਜੀਵਨ-ਜਾਚ ਸਿੱਖ ਰਹਿਤ ਮਰਯਾਦਾ ਵਿਚ ਬੰਨ੍ਹੀ ਹੋਈ ਹੈ।

ਵੈਸੇ ਤਾਂ ਸਿੱਖ ਰਹਿਤ ਮਰਯਾਦਾ ਬਾਰੇ ਪੰਥਕ ਗੁਰਸਿੱਖ ਵਿਦਵਾਨਾਂ ਨੇ ਕਈ ਪੁਸਤਕਾਂ ਲਿਖੀਆਂ ਹਨ ਅਤੇ ਜੋ ਰਹਿਤ ਨੂੰ ਸਮਝਣ ਲਈ ਜ਼ਰੂਰੀ ਵੀ ਹਨ। ਪਰ ਸਿੱਖ ਰਹਿਤ ਮਰਯਾਦਾ ਵਿਚ ਕਾਫ਼ੀ ਸ਼ਬਦਾਵਲੀ ਹੈ ਜਿਸ ਦੇ ਪਿਛੋਕੜ ਅਤੇ ਸ੍ਰੋਤ ਨੂੰ ਸਮਝਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਇਸ ਵਿਚ ਅੰਕਿਤ ਮੱਦਾਂ ਅਤੇ ਸ਼ਬਦਾਵਲੀ ਵਿਚ ਕਦੋਂ ਅਤੇ ਕਿਵੇਂ ਤਬਦੀਲੀ ਜਾਂ ਸੋਧ ਹੋਈ ਹੈ, ਉਸ ਦਾ ਵਿਸਥਾਰ ਜਾਣਨ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਸ ਤਰ੍ਹਾਂ ਕਾਨੂੰਨ ਦੀ ਮੂਲ ਲਿਖਤ ਕਾਨੂੰਨ ਦੇ ਮੂਲ ਨੂੰ ਅੰਕਤ ਕਰਦੀ ਹੈ, ਉਸ ਦੀ ਵਿਆਖਿਆ ਨਹੀਂ ਕਰਦੀ। ਪਰ ਵੱਖ-ਵੱਖ ਕਾਨੂੰਨ ਦਾਨ ਹਰ ਲਫਜ਼ ਦੀ ਵਿਆਖਿਆ ਆਪਣੀ ਸੋਚ ਅਤੇ ਬੁੱਧੀ ਅਨੁਸਾਰ ਕਰਦੇ ਹਨ। ਇਸ ਤੋਂ ਕਾਨੂੰਨ ਨੂੰ ਸਮਝਣ, ਉਸ ਦੀ ਵਿਆਖਿਆ ਕਰਨ ਅਤੇ ਫਿਰ ਉਸ ਨੂੰ ਲਾਗੂ ਕਰਨ ਵਿਚ ਮਦਦ ਮਿਲਦੀ ਹੈ। ਚੂੰਕਿ ਸਿੱਖ ਰਹਿਤ ਮਰਯਾਦਾ ਸਾਡਾ ਧਾਰਮਿਕ ਅਤੇ ਪੰਥਕ ਕਾਨੂੰਨ ਹੈ। ਇਸ ਵਿਚਾਰ ਅਧੀਨ ਇਹ ਪੁਸਤਕ ਸਿੱਖ ਰਹਿਤ ਮਰਯਾਦਾ ਦੀ ਇਕ ਕਿਸਮ ਨਾਲ ਕਾਨੂੰਨੀ ਵਿਆਖਿਆ ਦਾ ਗੰਭੀਰ ਉਪਰਾਲਾ ਜਾਂ (legal treatise) ਕਿਹਾ ਜਾ ਸਕਦਾ ਹੈ।

ਸਿੱਖ ਰਹਿਤ ਮਰਯਾਦਾ ਸਾਡਾ ਕੌਮੀ ਕਾਨੂੰਨ ਹੈ, ਸਾਡਾ ਆਈਨ ਹੈ, ਸਾਡਾ ਸੰਵਿਧਾਨ ਹੈ, ਸਾਡੀ ਕਾਂਨਸਟੀਚਯੂਸ਼ਨ ਹੈ। ਇਹ ਤਾਂ ਸਾਡੀ ਪੰਥਕ ਰਾਮ ਕਾਰ ਹੈ। ਇਸ ਦੇ ਦਾਇਰੇ ਮਦਾਰ ਦੇ ਅੰਦਰ ਜੀਵਨ-ਜਾਚ ਸਾਡਾ ਹੱਕ ਵੀ ਹੈ ਅਤੇ ਫ਼ਰਜ਼ ਵੀ। ਕਿਸੇ ਵੀ ਦੇਸ਼, ਕੌਮ ਜਾਂ ਕੌਮੀਅਤ ਦਾ ਕਾਨੂੰਨ ਇਕ ਹੀ ਹੁੰਦਾ ਹੈ। ਜਿਸ ਸਮੇਂ ਕਾਨੂੰਨ ਦੀ ਘਾੜਤ ਘੜੀ ਜਾ ਰਹੀ ਹੁੰਦੀ ਹੈ ਉਸ ਸਮੇਂ ਉਸ ਮਜਲਸ ਜਾਂ ਸਭਾ ਵਿਚ ਕਿਸੇ ਮੁੱਦੇ 'ਤੇ ਵੱਖ-ਵੱਖ ਰਾਵਾਂ ਰੱਖਣ ਵਾਲੇ ਹੋ ਸਕਦੇ ਹਨ। ਉਨ੍ਹਾਂ ਨੂੰ ਇਹ ਹੱਕ ਵੀ ਹੁੰਦਾ ਹੈ ਕਿ ਉਹ ਆਪਣੇ ਵਿਚਾਰ, ਰਾਇ ਜਾਂ ਵਿਆਖਿਆ ਵਿਚਾਰ-ਵਟਾਂਦਰੇ ਲਈ ਪੇਸ਼ ਕਰਨ। ਇਸ ਵਿਚ ਉਹ ਵਿਪਰੀਤ ਰਾਇ ਵੀ ਰੱਖਣ ਦਾ ਹੱਕ ਰੱਖਦੇ ਹਨ। ਪਰ ਜਿਸ ਸਮੇਂ ਅੰਤਿਮ ਰੂਪ ਵਿਚ ਇਸ ਨੂੰ ਕਲਮਬੱਧ ਜਾਂ ਅੰਕਿਤ ਕਰ ਲਿਆ ਜਾਂਦਾ ਹੈ ਤਾਂ ਉਪਰੰਤ ਹਰ ਕਿਸੇ 'ਤੇ ਇਹ ਯਕਸਾਂ ਲਾਗੂ ਹੋ ਜਾਂਦਾ ਹੈ। ਉਨ੍ਹਾਂ 'ਤੇ ਵੀ ਜੋ ਇਸ ਦੀ ਸਿਰਜਣਾ ਸਮੇਂ ਵਿਪਰੀਤ ਰਾਇ ਰੱਖਦੇ ਹੋਣ। ਇਸ ਦਾ ਕਾਰਨ ਸਪੱਸ਼ਟ ਹੈ ਕਿ ਨਿੱਜੀ ਸੋਚ ਨਾਲੋਂ ਸਾਂਝੀ ਸੋਚ ਹਮੇਸ਼ਾਂ ਉੱਤਮ ਹੁੰਦੀ ਹੈ ਅਤੇ ਉਹੀ ਲਾਗੂ ਵੀ ਹੁੰਦੀ ਹੈ। ਸਿਵਾਏ ਉਸ ਦੇ ਜਦੋਂ ਇਹ ਗੁਰੂ ਸਾਹਿਬ ਵੱਲੋਂ ਖ਼ੁਦ ਬਾਣੀ ਜਾਂ ਹੁਕਮਨਾਮੇ ਦੇ ਰੂਪ ਵਿਚ ਬਖ਼ਸ਼ਿਸ਼ ਕੀਤੀ ਜਾਂਦੀ ਹੈ।

ਮੌਜੂਦਾ ਸਿੱਖ ਰਹਿਤ ਮਰਯਾਦਾ ਦਸੋਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੀ ਬਾਣੀ ਦੇ ਆਸ਼ੇ ਅਨਰੂਪ ਬਣਾਈ ਗਈ ਨਿਯਮਾਵਲੀ ਨੂੰ ਮੌਜੂਦਾ ਸਮੇਂ ਦੀ ਲੋੜ ਲਈ ਕਲਮਬੱਧ ਕੀਤਾ ਗਿਆ ਇਕ ਬਹੁਤ ਹੀ ਅਹਿਮ ਦਸਤਾਵੇਜ਼ ਹੈ। ਇਹ ਗੁਰੂ-ਪੰਥ ਦੀ ਸਾਂਝੀ ਸੋਚ ਦੀ ਜੀਂਦੀ ਜਾਗਦੀ ਮਿਸਾਲ ਹੈ।

ਰਹਿਤ ਦੀ ਮਹੱਤਤਾ ਬਾਰੇ ਵੈਦਜ ਕਵੀ ਰਾਜ ਭਾਈ ਅਰਜਨ ਸਿੰਘ ਜੀ ਤਰਨਤਾਰਨ ਲਿਖਦੇ ਹਨ,

*ਰਹਿਤ ਬਿਨਾ ਸਿੱਖ ਚਰਿਤ੍ਰ ਬੁਰਾ*
*ਜਿੰਵੇ ਤਾਜ ਬਿਨਾਂ ਨ੍ਰਿਪ ਸੋਭਤ ਨਹਿ, ਮੁਖ ਤਿਲਕ ਬਿਹੀਣਾਂ ਬਿਪ੍ਰ ਬੁਰਾ।*
*ਤਨ ਸ਼ਸਤ੍ਰ ਨਹੀਂ ਫ਼ਿਰ ਸੂਰਮਾਂ ਕਯਾ, ਸਿਰ ਜੰਗ ਚੜ੍ਹ ਪੁਨ ਦਲਿਦ੍ਰ ਬੁਰਾ।*
*ਤਨ ਸਾਜ ਨਹੀਂ ਅੱਸ੍ਵ ਸ਼ੋਭ ਨ ਪਾਵਤ, ਰਹਿਤ ਬਿਨਾਂ ਸਿੱਖ ਚਰਿੱਤ੍ਰ ਬੁਰਾ।*
*ਗੁਰ ਵਾਕ ਨਹੀਂ ਹ੍ਰਿਦ ਮੰਡਲ ਮਹਿੰ, ਨਰ ਹੀਂਨ ਸੁਗੰਧਿ ਜਯੋਂ ਇਤ੍ਰ ਬੁਰਾ।*

ਇਸ ਬਾਰੇ ਇਕ ਨੁਕਤਾ ਹੋਰ ਵੀ ਕਾਫ਼ੀ ਅਹਿਮ ਹੈ। ਗੁਰੂ-ਪੰਥ ਇਕ ਮੁਜੱਸਮਾ ਹੈ ਸਾਰੀ ਕੌਮ ਦਾ ਅਤੇ ਵਿਚਰ ਰਹੀਆਂ ਵੱਖ-ਵੱਖ ਸੰਪਰਦਾਵਾਂ, ਟਕਸਾਲਾਂ, ਲਾਡਲੀਆਂ ਫੌਜਾਂ, ਸੇਵਾ ਪੰਥੀ, ਨਿਰਮਲੇ, ਜਥਿਆਂ, ਜਥੇਬੰਦੀਆਂ, ਸਭਾ ਸੋਸਾਇਟੀਆਂ, ਵਿੱਦਿਅਕ ਅਦਾਰਿਆਂ ਦਾ। ਇਹ ਸਾਰੇ ਹੀ ਪੰਥ ਦੇ ਸਤਿਕਾਰ ਯੋਗ ਅੰਗ ਹਨ। ਮੁਢਲੇ ਤੌਰ 'ਤੇ ਇਹ ਸਾਰੇ ਹੀ ਗੁਰੂ ਅਤੇ ਗੁਰਮਤਿ ਨੂੰ ਪ੍ਰਣਾਏ ਹੋਏ ਹਨ। ਇਸ ਤੋਂ ਵੀ ਕੋਈ ਇਨਕਾਰੀ ਨਹੀਂ ਹੋ ਸਕਦਾ ਕਿ ਇਨ੍ਹਾਂ ਦੀ ਪੰਥ ਨੂੰ ਵਡਮੁੱਲੀ ਦੇਣ ਹੈ, ਪਰ ਬਾਵਜੂਦ ਇਸ ਦੇ ਇਹ ਇਕੱਲੇ-ਇਕੱਲੇ ਪੰਥ ਦਾ ਅੰਗ ਤਾਂ ਹਨ ਪਰ ਪੰਥ ਨਹੀਂ। ਰਾਇ ਭੋਇ ਕੀ ਤਲਵੰਡੀ ਨਨਕਾਣਾ ਸਾਹਿਬ ਤੋਂ ਅਰੰਭ ਹੋਈ ਇਹ ਇਲਾਹੀ ਲਹਿਰ ਹੁਣ ਸਾਰੇ ਸੰਸਾਰ ਵਿਚ ਫ਼ੈਲ ਚੁੱਕੀ ਹੈ। *ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ* ਦੇ ਗੁਰਵਾਕ ਅਨੁਸਾਰ ਮਰਯਾਦਾ ਦੇ ਮਾਮਲੇ ਵਿਚ ਇਨ੍ਹਾਂ ਸਾਰਿਆਂ ਦਾ ਆਪਣੇ ਆਪਣੇ ਖੇਤਰ ਵਿਚ ਕੁਝ ਵਖਰੇਵਾਂ ਹੋ ਸਕਦਾ ਹੈ ਜਾਂ ਨਜ਼ਰ ਆ ਸਕਦਾ ਹੈ। ਪਰ ਇਨ੍ਹਾਂ ਦੀ ਉਹ ਪਰੰਪਰਾਗਤ ਨਿੱਜੀ ਰਹੁ-ਰੀਤਾਂ ਪੰਥਕ ਮਰਯਾਦਾ ਦਾ ਬਦਲ ਨਹੀਂ ਹੋ ਸਕਦੀ। ਜਾਤੀ ਤੌਰ 'ਤੇ ਕੁਝ ਭਿੰਨਤਾ ਹੋਣ ਦੇ ਬਾਵਜੂਦ ਜਮਾਤੀ ਰੂਪ ਵਿਚ ਪੰਥਕ ਮਰਯਾਦਾ ਨੂੰ ਹੀ ਅਪਣਾਉਂਦੇ ਹਨ। ਇਸੇ ਦਾ ਨਾਮ ਹੀ ਪੰਥ ਜਾਂ ਗੁਰੂ-ਪੰਥ ਹੈ।

ਇਸ ਦੇ ਨਾਲ ਹੀ ਤਖ਼ਤ ਸੱਚਖੰਡ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਸਥਾਨਕ ਮਰਯਾਦਾ ਵਿਚ ਵੀ ਕੁਝ ਅੰਤਰ ਨਜ਼ਰ ਆਉਂਦਾ ਹੈ। ਪਰ ਇਸ ਵਖਰੇਵੇਂ ਦਾ ਕਾਰਨ ਵੀ ਇਨ੍ਹਾਂ ਸਥਾਨਾਂ ਨਾਲ ਜੁੜਿਆ ਇਤਿਹਾਸ, ਇਤਿਹਾਸਿਕ ਦਸਤਾਵੇਜ਼ ਅਤੇ ਸਥਾਨਕ ਪ੍ਰਭਾਵ ਹੁੰਦਾ ਹੈ। ਇਨ੍ਹਾਂ ਪਾਵਨ ਸਥਾਨਾਂ 'ਤੇ ਗੁਰੂ ਸਾਹਿਬ ਨੇ ਖ਼ੁਦ ਸੰਗਤ ਨੂੰ ਵਰੋਸਾਇਆ ਅਤੇ ਇਨ੍ਹਾਂ ਨੂੰ ਹਜ਼ੂਰੀ ਸਿੱਖ ਕਿਹਾ ਜਾ ਸਕਦਾ ਹੈ। ਪੰਜਾਬ ਦੀ ਧਰਤੀ ਤੋਂ ਸੈਂਕੜੇ ਮੀਲ ਦੂਰ ਰਹਿੰਦਿਆਂ ਇਨ੍ਹਾਂ ਸਿੱਖਾਂ ਨੇ ਵਿਪਰੀਤ ਸਮਿਆਂ ਵਿਚ ਜਦੋਂ ਸਥਾਨਕ ਸੰਗਤ ਬਹੁਤ ਘੱਟ ਹੁੰਦੀ ਸੀ, ਉਸ ਹਾਲਾਤ ਨੂੰ ਧਿਆਨ ਵਿਚ ਰੱਖਦਿਆਂ ਇਸ ਗੱਲ ਦੀ ਪ੍ਰਸੰਸਾ ਕਰਨੀ ਬਣਦੀ ਹੈ ਕਿ ਸਦੀਆਂ ਬੀਤ ਜਾਣ ਦੇ ਬਾਅਦ ਵੀ ਉਨ੍ਹਾਂ ਨੇ ਪੰਥਕ ਮਰਯਾਦਾ ਦਾ ਕਿੰਨਾ ਅਨਮੋਲ ਖ਼ਜ਼ਾਨਾ ਸਾਂਭ ਕੇ ਰੱਖਿਆ ਹੈ, ਬਜਾਇ ਇਸ ਦੇ ਇਹ ਕਿਹਾ ਜਾਵੇ ਕਿ ਕੁਝ ਨੁਕਤੇ ਠੀਕ ਨਹੀਂ ਹਨ। ਤਖ਼ਤ ਸ੍ਰੀ ਪਟਨਾ ਸਾਹਿਬ ਵਿਚ ਸ਼ੁਰੂ ਤੋਂ ਮਰਯਾਦਾ ਮੂਜਬ ਇਹ ਕਿਹਾ ਜਾਂਦਾ ਰਿਹਾ ਹੈ ਕਿ ਮਾਤਾ ਗੁਜਰੀ ਜੀ ਦੇ ਇਸ ਖੂਹ ਦਾ ਪਾਣੀ

ਕੌੜਾ ਹੈ ਪਰ ਗੁਰੂ ਸਾਹਿਬ ਦਾ ਹੁਕਮ ਹੈ ਕਿ ਜਦੋਂ ਸੰਗਤ ਆਏਗੀ ਤਾਂ ਇਹ ਪਾਣੀ ਮਿੱਠਾ ਹੋ ਜਾਵੇਗਾ। ਹੁਣ ਇਹ ਪਾਣੀ ਪਹਿਲੇ ਨਾਲੋਂ ਕਾਫ਼ੀ ਮਿੱਠਾ ਹੈ।

ਇਹ ਪ੍ਰਤੱਖ ਵੇਖਣ ਦੀ ਗੱਲ ਹੈ ਕਿ ਤਕਰੀਬਨ ੧੯੭੦ ਈ. ਦੇ ਕਾਲ ਦੌਰਾਨ ਪਟਨਾ ਸਾਹਿਬ ਵਿਚ ਸੰਗਤ ਬਹੁਤ ਘੱਟ ਹੁੰਦੀ ਸੀ ਅਤੇ ਸਵੇਰੇ ੧੦:੦੦ ਵਜੇ ਤੋਂ ਬਾਅਦ ਤਖ਼ਤ ਸਾਹਿਬ 'ਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗ੍ਰੰਥੀ ਨਹੀਂ ਸਨ ਹੁੰਦੇ। ਉਸ ਸਮੇਂ ਗਿਆਨੀ (ਸੰਤ) ਕਰਤਾਰ ਸਿੰਘ ਜੀ ਖਾਲਸਾ ਨੇ ਕਿਹਾ ਕਿ ਇੱਥੇ ਹਰ ਸਮੇਂ ਤਾਬਿਆ ਕੋਈ ਸਿੰਘ ਜ਼ਰੂਰ ਹੋਣਾ ਚਾਹੀਦਾ ਹੈ। ਸਥਾਨਕ ਪ੍ਰਬੰਧਕਾਂ ਨੇ ਕਿਹਾ ਗ੍ਰੰਥੀ ਅਤੇ ਸੇਵਾਦਾਰ ਨਹੀਂ ਮਿਲਦੇ। ਸੰਤ ਕਰਤਾਰ ਸਿੰਘ ਜੀ ਨੇ ਕਿਹਾ ਕਿ ਇਹ ਸੇਵਾ ਅਸੀਂ ਲੈਂਦੇ ਹਾਂ। ਉਸ ਦਿਨ ਦੇ ਬਾਅਦ ਇਹ ਘਾਟ ਵੀ ਪੂਰੀ ਹੋ ਗਈ। ਜ਼ਰੂਰਤ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦੂਜੇ ਪ੍ਰਾਂਤਾਂ ਦੀ ਸੰਗਤ ਅਤੇ ਪ੍ਰਬੰਧਕਾਂ ਦਾ ਆਪਸੀ ਤਾਲਮੇਲ ਹੋਵੇ ਤਾਂ ਮਰਯਾਦਾ ਦੀ ਇਕਸਾਰਤਾ ਵੱਲ ਵੱਡੀ ਪੁਲਾਂਘ ਹੋਵੇਗੀ ਅਤੇ ਇਹ ਹੋ ਵੀ ਰਿਹਾ ਹੈ। ਪੰਜ ਤਖ਼ਤ ਸਾਹਿਬਾਨ ਦੇ ਦਰਸ਼ਨ ਦੀ ਅਰਦਾਸ ਨਿਤਾਪ੍ਰਤਿ ਹੁੰਦੀ ਹੈ। ਇਸ ਲਈ ਸ਼ਰਧਾ-ਭਾਵਨਾ ਨੂੰ ਕਾਇਮ ਰਖਦਿਆਂ ਇਨ੍ਹਾਂ ਪਾਵਨ ਸਥਾਨਾਂ ਦੇ ਦਰਸ਼ਨ ਕਰਨੇ ਬਣਦੇ ਹਨ।

ਸਿੱਖ ਰਹਿਤ ਮਰਯਾਦਾ ਤਿੰਨ ਲਫ਼ਜ਼ਾਂ ਸਿੱਖ+ਰਹਿਤ+ਮਰਯਾਦਾ 'ਤੇ ਆਧਾਰਿਤ ਗੁਰਮਤਿ ਗਾਡੀ ਰਾਹੁ ਦੀ ਨਿਯਮਾਵਲੀ ਹੈ। ਇਸ ਤੋਂ ਪਹਿਲਾਂ ਵੀ ਕਈ ਮਰਯਾਦਾਵਾਂ ਮੌਜੂਦ ਸਨ। ਮਰਯਾਦਾ ਪੁਰਸ਼ੋਤਮ ਰਾਮ ਲਕਬ ਪਹਿਲਾਂ ਮੌਜੂਦ ਸੀ। ਪਰ ਰਾਮ ਚੰਦਰ ਜੀ ਦੀ ਮਰਯਾਦਾ ਗੁਰਮਤਿ ਨੇ ਪ੍ਰਵਾਨ ਨਹੀਂ ਕੀਤੀ। ਅਲਬੱਤਾ ਸਿੱਖ ਲਈ ਜਿਹੜੀ ਮਰਯਾਦਾ ਪ੍ਰਵਾਨ ਕੀਤੀ ਗਈ, ਉਹ ਕੇਵਲ ਮਰਯਾਦਾ ਹੀ ਨਹੀਂ ਸੀ ਬਲਕਿ ਰਹਿਤ ਦੀ ਮਰਯਾਦਾ ਸੀ ਅਤੇ ਰਹਿਤ ਵੀ ਸਿੱਖ ਰਹਿਤ ਦੀ ਸੀ। ਇਸ ਤਰ੍ਹਾਂ ਤਿੰਨਾਂ ਨੁਕਤਿਆਂ ਦੀ ਤ੍ਰਿਹਾਫ਼ਲ ਜਾਂ ਤ੍ਰਿਵੇਣੀ ਦੇ ਸੁਮੇਲ ਨਾਲ ਜਿਹੜੀ ਮਰਯਾਦਾ ਤਿਆਰ ਹੋਈ ਉਹ ਸੀ ਸਿੱਖ ਰਹਿਤ ਮਰਯਾਦਾ। ਇਸ ਵਿੱਚੋਂ ਕਿਸੇ ਵੀ ਅੱਖਰ ਨੂੰ ਛੱਡਿਆ ਜਾਂ ਵੱਖ ਨਹੀਂ ਸੀ ਕੀਤਾ ਜਾ ਸਕਦਾ।

*ਗੁਰ ਸੰਗਤ ਕੀਨੀ ਖ਼ਾਲਸਾ ॥* ਸੰਗਤ ਨੂੰ ਖਾਲਸੇ ਵਿਚ ਤਬਦੀਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਦਿੱਤਾ। ਹੁਣ ਸਿੱਖ ਰਹਿਤ ਮਰਯਾਦਾ ਦਾ ਖਾਲਸੇ ਨੂੰ ਬਖਸ਼ਿਸ਼ ਕੀਤੇ ਮਕਸਦ ਇਸ ਦੇ ਨਿਆਰੇਪਨ ਨੂੰ ਸੁਦ੍ਰਿੜ੍ਹ ਅਤੇ ਸਦੀਵੀ ਕਰਨਾ ਸੀ। ਬਿਪਰਵਾਦ ਕੋਲ ਸਾਰੇ ਮਤ ਮਤਾਂਤਰਾਂ ਨੂੰ ਜਜ਼ਬ ਕਰ ਲੈਣ ਦੀ ਵਿਸ਼ਾਲ ਕਾਇ ਤਾਕਤ ਮੌਜੂਦ ਸੀ। ਸਿੱਖ ਸਿਧਾਂਤ ਅਤੇ ਮਰਯਾਦਾ ਕਦਾਪੀ ਵੀ ਜਨਮ ਜਾਂ ਜਾਤ ਕਰਕੇ ਬਿਪਰਨ ਜਾਂ ਬ੍ਰਾਹਮਣ ਦੇ ਵਿਰੁੱਧ ਨਹੀਂ ਸੀ ਪਰ ਬਿਪਰਨ ਕੀ ਰੀਤ, ਕਰਮ-ਕਾਂਡ, ਭਰਮ-ਵਹਿਮ ਜਾਂ ਜਾਤ-ਪਾਤ ਨੂੰ ਪ੍ਰਵਾਨ ਨਹੀਂ ਸੀ ਕੀਤਾ ਜਾ ਸਕਦਾ। ਇਸ ਲਈ ਸਿੱਖ ਰਹਿਤ ਮਰਯਾਦਾ ਵਿਚ ਕਈ ਮੱਦਾਂ ਸਿੱਧੇ ਅਤੇ ਅਸਿੱਧੇ ਰੂਪ ਵਿਚ ਕਰਮ-ਕਾਂਡ ਨੂੰ ਚੁਣੌਤੀ ਦਿੰਦੀਆਂ ਨਜ਼ਰ ਆਉਂਦੀਆਂ ਹਨ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਮਹਾਰਾਜ ਦੇ ਉਸ ਆਦੇਸ਼ ਦੀ ਪਾਲਨਾ ਸੀ ਜਿਸ ਵਿਚ ਸਾਹਿਬਾਂ ਨੇ ਬਚਨ ਕੀਤੇ ਸਨ:

*ਜਬ ਲਗ ਖ਼ਾਲਸਾ ਰਹੇ ਨਿਆਰਾ, ਤਬ ਲਗ ਤੇਜ ਦਿਯੋ ਮੈਂ ਸਾਰਾ।*
*ਜਬ ਇਹ ਗਹੇਂ ਬਿਪ੍ਰਨ ਕੀ ਰੀਤ, ਮੈਂ ਨਾ ਕਰੋਂ ਇਨ ਕੀ ਪ੍ਰਤੀਤ।*

ਇਸ ਲਈ ਸਿੱਖ ਰਹਿਤ ਮਰਯਾਦਾ ਵਿਚਲੀਆਂ ਕਈ ਮੱਦਾਂ ਦੀ ਸਹੀ ਵਿਆਖਿਆ ਜਾਂ ਭਾਵਾਰਥ ਨੂੰ ਸਮਝਣ ਲਈ ਬਿਪਰਵਾਦ ਜਾਂ ਬ੍ਰਾਹਮਣੀ ਗ੍ਰੰਥਾਂ ਜਾਂ ਹਵਾਲਾ ਪੁਸਤਕਾਂ ਵੇਦ, ਪੁਰਾਣ, ਸਿਮ੍ਰਤੀਆਂ, ਸ਼ਾਸਤਰ ਆਦਿ ਦੇ ਹਵਾਲੇ ਵੇਖਣੇ ਜ਼ਰੂਰੀ ਹਨ।

ਸਿੱਖ ਰਹਿਤ ਮਰਯਾਦਾ ਦੀ ਅਰੰਭਤਾ ਦਾ ਲਫ਼ਜ਼ ਹੈ— ਸਿੱਖ। ਇਹ ਬਹੁਤ ਹੀ ਮਹੱਤਵਪੂਰਨ ਹੈ ਕਿ ਸਿੱਖ ਲਫਜ਼ ਕਿਸੇ ਵੀ ਵੇਦ, ਸ਼ਾਸਤਰ, ਪੁਰਾਣ, ਗ੍ਰੰਥ ਵਿਚ ਨਹੀਂ ਹੈ। ਹੋਰ ਤਾਂ ਹੋਰ ਇਹ ਸੰਸਕ੍ਰਿਤ ਦੇ ਕਿਸੇ ਪੁਰਾਤਨ ਜਾਂ ਨਵੀਨ 'ਸ਼ਬਦ ਕੋਸ਼' ਵਿਚ ਵੀ ਨਹੀਂ ਹੈ। ਇਹ ਨਿਆਰਾ ਲਫ਼ਜ਼ ਗੁਰੂ ਸਹਿਬ ਦੀ ਬਖਸ਼ਿਸ਼ ਹੀ ਕਿਹਾ ਜਾ ਸਕਦਾ ਹੈ। ਜੇਕਰ ਲਫ਼ਜ਼ ਸਿੱਖ ਵੀ ਕਿਸੇ ਪੁਰਾਤਨ ਗ੍ਰੰਥ ਵਿਚ ਨਹੀਂ ਮਿਲਦਾ ਤਾਂ ਜਿਨ੍ਹਾਂ ਨੂੰ ਇਸ ਲਫ਼ਜ਼ ਦੀ ਸੰਗਯਾ ਪ੍ਰਾਪਤ ਹੋਈ ਹੈ ਉਹ ਗੁਰੂ ਦੇ ਇਲਾਵਾ ਕਿਵੇਂ ਕਿਧਰੇ ਹੋਰ ਕਿਸੇ ਧਰਮ ਦੀ ਸ਼ਾਖਾ ਜਾਂ ਉਸ ਵਿਚ ਰਲਾਏ ਜਾ ਸਕਦੇ ਹਨ। *ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ ॥ (ਵਾਰ ੩:੫)*

ਸਿੱਖ ਰਹਿਤ ਦੇ ਨਾਲ ਅਗਲਾ ਅਹਿਮ ਲਫ਼ਜ਼ ਹੈ— ਮਰਯਾਦਾ। ਮਰਯਾਦਾ ਸੰਸਕ੍ਰਿਤ ਦੀ ਧਾਤ ਮਰਯਾ ਤੋਂ ਬਣਿਆ ਹੈ। ਨਦੀ ਦੇ ਕਿਨਾਰਿਆਂ, ਕੰਢਿਆਂ ਨੂੰ ਮਰਯਾ ਕਿਹਾ ਜਾਂਦਾ ਹੈ। ਜਿਤਨੀ ਦੇਰ ਤਕ ਨਦੀ ਦਾ ਵਹਿਣ ਕਾਇਮ ਹੈ ਅਤੇ ਇਹ ਆਪਣੀ ਮਰਯਾ ਦੇ ਅੰਦਰ, ਆਪਣੇ ਕੰਢਿਆਂ ਦੇ ਅੰਦਰ ਹੈ, ਇਹ ਨਦੀ ਹੈ। ਇਹ ਲਾਹੇਵੰਦ ਹੈ। ਇਹ ਮਰਯਾਦਾ ਦੇ ਅੰਦਰ ਹੈ। ਪਰ ਜਦੋਂ ਇਹ ਆਪਣੀ ਮਰਯਾਦਾ ਜਾਂ ਆਪਣੇ ਕੰਢੇ ਤੋੜ ਦਿੰਦੀ ਹੈ ਤਾਂ ਫ਼ਿਰ ਇਹ ਹੜ੍ਹ ਹੈ, ਬਰਬਾਦੀ ਹੈ, ਤਬਾਹੀ ਹੈ। ਸਿੱਖ ਦੀ ਜੀਵਨ-ਜਾਚ ਵੀ ਜਿਤਨੀ ਦੇਰ ਤਕ ਗੁਰੂ ਅਤੇ ਪੰਥ ਦੇ ਦੋ ਕਿਨਾਰਿਆਂ ਦੇ ਅੰਦਰ ਹੈ ਇਹ ਜੀਵਨ ਹੈ ਅਤੇ ਮੰਜ਼ਿਲ-ਏ-ਮਕਸੂਦ ਤਕ ਪੁਹੰਚ ਜਾਵੇਗੀ। ਜਦੋਂ ਇਹ ਜੀਵਨ ਦੀ ਧਾਰਾ ਮਰਯਾਦਾ ਦੇ ਬਾਹਰ ਚਲੀ ਜਾਵੇਗੀ ਤਾਂ ਫ਼ਿਰ ਗੁਰੂ ਪਾਤਸ਼ਾਹ ਦਾ ਹੁਕਮ ਹੈ- *ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ ॥*

ਸਿੱਖ ਲਈ ਤਾਂ ਇਹ ਰਾਮ ਕਾਰ ਹੈ। ਇਕ ਵਾਰ ਮਰਯਾਦਾ ਦੀ ਹੱਦ ਉਲੰਘੀ ਗਈ ਤਾਂ ਤੇ ਫਿਰ ਪਾਣੀ ਭਾਵੇਂ ਸਿਰ ਤੋਂ ਇੱਕ ਗਿੱਠ ਉੱਤੇ ਲੰਘ ਜਾਏ ਜਾਂ ਇਕ ਨੇਜ਼ੇ ਜਿੰਨਾ, ਕੀ ਫ਼ਰਕ ਪੈਂਦਾ ਹੈ?

ਸਿੱਖ ਰਹਿਤ ਮਰਯਾਦਾ ਦੀ ਮਹੱਤਤਾ ਇਸ ਪੱਖੋਂ ਵੀ ਬਹੁਤ ਅਹਿਮ ਹੈ ਕਿ ਨਾ ਕੇਵਲ ਭਾਰਤ ਦੀਆਂ ਵੱਖ-ਵੱਖ ਅਦਾਲਤਾਂ, ਸਣੇ ਹਾਈ ਕੋਰਟਸ ਅਤੇ ਸੁਪਰੀਮ ਕੋਰਟ ਵਿਚ ਵੀ ਇਸ ਨੂੰ ਕਾਨੂੰਨੀ ਹਵਾਲੇ ਦੇ ਰੂਪ ਵਿਚ ਲਿਆ ਜਾਂਦਾ ਹੈ। ਇਸ ਦੇ ਨਾਲ ਹੀ ਰਾਜਾਂ ਅਤੇ ਸੰਘ (ਕੇਂਦਰ) ਸਰਕਾਰ ਵੱਲੋਂ ਬਣਾਏ ਗਏ ਵੱਖ-ਵੱਖ ਕਾਨੂੰਨਾਂ ਵਿਚ ਵੀ ਇਸ ਨੂੰ ਆਧਾਰ ਮੰਨਿਆ ਗਿਆ ਹੈ। ਇਸ ਤਰ੍ਹਾਂ ਇਸ ਨੂੰ ਕਾਨੂੰਨੀ

ਮਾਨਤਾ ਵੀ ਪ੍ਰਾਪਤ ਹੋ ਚੁਕੀ ਹੈ ਅਤੇ ਇਹ ਇਕ ਕਾਨੂੰਨੀ ਦਸਤਾਵੇਜ਼ ਹੈ।

ਸਿੱਖ ਰਹਿਤ ਮਰਯਾਦਾ ਇਕ ਕਾਨੂੰਨੀ ਮਾਨਤਾ ਪ੍ਰਾਪਤ ਦਸਤਾਵੇਜ਼ ਹੈ। ਇਸ ਲਈ ਨਾ ਕੇਵਲ ਭਾਰਤ ਬਲਕਿ ਵਿਦੇਸ਼ਾਂ ਵਿਚ ਵੀ ਅਤੇ ਖਾਸ ਕਰਕੇ ਯੂਰੋਪ ਅਤੇ ਅਮਰੀਕਾ ਵਿਚ ਵੀ ਜਦੋਂ ਵੀ ਸਿੱਖ ਦੀ ਪਛਾਣ, ਰਹਿਤ, ਕਕਾਰ ਆਦਿ ਦੇ ਮਾਮਲੇ ਕਾਨੂੰਨੀ ਵਿਚਾਰਾਧੀਨ ਹੁੰਦੇ ਹਨ ਤਾਂ ਇਸ ਰਹਿਤ ਮਰਯਾਦਾ ਦੇ ਹੀ ਹਵਾਲੇ ਦਿੱਤੇ ਜਾਂਦੇ ਹਨ।

ਸਹਿਜੇ ਅਨੁਮਾਨਿਆ ਜਾ ਸਕਦਾ ਹੈ ਕਿ ਇਸ ਦੀ ਅਣਹੋਂਦ ਵਿਚ ਕਿਹੜਾ ਦਸਤਾਵੇਜ਼ ਜਾਂ ਕੋਈ ਡਾਕਯੂਮੈਂਟ ਹੈ ਜਿਸ ਦਾ ਹਵਾਲਾ ਦਿੱਤਾ ਜਾ ਸਕੇ। ਗੁਰੂ-ਪੰਥ ਦੀ ਇਹ ਪ੍ਰਾਪਤੀ ਕੋਈ ਮਾਮੂਲੀ ਨਹੀਂ ਹੈ। ਇਸ ਨੂੰ ਬਰਕਰਾਰ ਰੱਖਣਾ ਨਾ ਕੇਵਲ ਕੌਮੀ ਤੌਰ 'ਤੇ ਹੀ ਲਾਜ਼ਮੀ ਹੈ ਬਲਕਿ ਇਹ ਇਕ ਪੰਥਕ ਫ਼ਰਜ਼ ਵੀ ਹੈ।

੨੦੦੮ ਈ. ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸਿੱਖ ਦੀ ਪਛਾਣ ਬਾਰੇ ਗੁਰਲੀਨ ਕੌਰ ਦਾ ਇਕ ਮੁਕੱਦਮਾ ਵਿਚਾਰਾਧੀਨ ਸੀ। ਇਸ ਵਿਚ ਹਾਈ ਕੋਰਟ ਨੇ ਵਿਸਥਾਰ ਸਹਿਤ ਰਹਿਤਾਂ, ਕੁਰਹਿਤਾਂ, ਮਰਯਾਦਾ, ਸਿੱਖ ਰਹਿਤ ਮਰਯਾਦਾ, ਇਸ ਦੇ ਇਤਿਹਾਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਬਹੁਤ ਹੀ ਮਹੱਤਵਪੂਰਨ ਨਿਰਣਾ ਦਿੱਤਾ। ਇਸ ਵਿਚ ਸਪੱਸ਼ਟ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਅਤੇ ਅਕਾਲ ਪੁਰਖ ਦੇ ਵਿਚਕਾਰ ਆਤਮਿਕ ਅਤੇ ਅਧਿਆਤਮਿਕ ਮਿਲਾਪ ਅਤੇ ਮੁਕਤੀ ਦਾ ਰੱਬੀ ਕਲਾਮ ਹੈ। ਪਰ ਜੇਕਰ ਕੇਸਾਂ ਬਾਰੇ ਕੁਝ ਨਿਰਣਾ ਕਰਨਾ ਹੈ ਤਾਂ ਇਸ ਬਾਰੇ ਸਿੱਖ ਰਹਿਤ ਮਰਯਾਦਾ ਹੀ ਸ੍ਰੋਤ ਹੈ। ਪਰ ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਸਿੱਖ ਰਹਿਤ ਮਰਯਾਦਾ ਦੀ ਕੋਈ ਵੀ ਮੱਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਹੁਕਮ ਦੇ ਵਿਪਰੀਤ ਨਹੀਂ ਹੋ ਸਕਦੀ।

In our view, the Guru Granth Sahib is a treatise limited to the expression of the moral and spiritual code of conduct for Sikhs. The Guru Granth Sahib is also a guide/teacher/prayer for Sikhs to lead them to salvation i.e. merger with God. The physical aspects of the Sikh faith, in our view, can be rightfully traced only from the "Sikh rehat-maryada" and from other preachings of the "Sikh gurus" connected to the code of conduct in their day to day life. It would be wrong, therefore, to look for an answer to the controversy, whether or not, Sikhs are ordained to maintain their bodily hair unshorn from the Guru Granth Sahib.

In sum and substance, this Court had concluded in the aforesaid paragraphs, that the Guru Granth Sahib was a treatise limited to the expression of the moral and spiritual code of

conduct for Sikhs. And further, that the physical aspect of the Sikh faith could be traced only from the "Sikh rehat-maryada" and from other preachings of the "Sikh gurus", meaning thereby, that the same could not be traced from the Guru Granth Sahib. It is this aspect of the matter, which according to the pleadings of the instant application, led to a deep sense of sorrow in the heart of the applicant. So as to demonstrate his viewpoint, that the conclusions recorded by this Court in the judgement to the effect noticed hereinabove, were not in consonance with the reality of the Guru Granth Sahib. The applicant painstakingly read through paragraphs 4 and 5 of the application. So as to understand effectively the entire submissions advanced by the applicant, we are extracting hereunder paragraphs 4 and 5 of the application, lest it be felt, that the submissions advanced during the course of hearing, have not been duly taken into consideration:-

227). In the same way, Guru Nanak in Japuji says, 'Amrit Wela Sach Naam Vadyai Vichaar', (Early in the morning utter the True Name and reflect upon God's greatness). These very concept have been transformed into Sikh Rehat Maryada (The Code of Conduct and Conventions) in a different language, meaning thereby that every ideological aspect of Rehat Maryada is rooted in the teachings of Guru Granth Sahib. By no stretch of imagination, it can be said that any ideological part of Rehat Maryada has independent existence apart from Guru Granth Sahib. There is a complete unity of spiritual and temporal things in Sikhism and deeply rooted in Sri Guru Granth Sahib itself. There is no possibility of separating the two, as this doctrine is deeply rooted in Guru Granth Sahib. The Sikhs take vak/hukam from Guru Granth Sahib for a direction in their day to day life. Therefore, a Sikh's life is governed by the teachings of Guru Granth Sahib in all aspects."

Gurleen Kaur vs State Of Punjab And Others on 7 August, 2009

R.A. No.215 of 2009 1

In the High Court of Punjab and Haryana,
Chandigarh.

R.A. No.215 of 2009 In
CWP No.14859 of 2008

ਇਸੇ ਤਰ੍ਹਾਂ ਇਸੇ ਪੰਜਾਬ ਅਤੇ ਹਾਈ ਕੋਰਟ ਨੇ ਦਿਲਾਵਰ ਸਿੰਘ ਦੇ ਮੁਕੱਦਮੇ ਵਿਚ ਸਿੱਖ ਰਹਿਤ ਮਰਯਾਦਾ ਦੇ ਬਣਾਏ ਜਾਣ ਦਾ ਪੂਰਾ ਇਤਿਹਾਸ ਦਰਜ ਕੀਤਾ। ਇਸ ਵਿਚ ੧੯੨੭ ਈ. ਵਿਚ ਰਹੁ-ਰੀਤ ਕਮੇਟੀ ਦੇ ਬਣਾਏ ਜਾਣ ਤੋਂ ਲੈ ਕੇ ੧੯੪੫ ਈ. ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਨੂੰ ਪ੍ਰਵਾਨ ਕਰਨ ਤਕ ਦਾ ਵੇਰਵਾ ਦਰਜ ਕੀਤਾ।

No discussion on the subject can be complete without a reference to the 'Sikh Rehat Maryada' formulated by the Shiromani Gurdwara Prabandhak Committee in 1945. This Rehat Maryada, is the outcome of years of labour and the widest consultations amongst the Sikhs. The exercise started with the appointment on 15 March 1927, of 28-member Rahu-rit (i.e. rahit maryada) sub-committee "to prepare a draft rahu-rit in the light of rahitnamas and other Sikh texts and in consultation with leading Sikh scholars." Later, the task was entrusted to Professor Teja Singh, of Khalsa College, Amritsar, who prepared a draft which was published in the April 1931 issue of the Gurdwara Gazette, the official organ of the Shiromani Gurdwara Parbandhak Committee, for eliciting public opinion. The Rahu-rit sub-committee considered the draft as well as the comments received from various quarters at its meetings held at Sri Akal Takht on 4-5 October 1931, 3 January 1932 and 31 January 1932.

The final version, after being referred to Sarb Hind (i.e. All-India) Sikh Mission Board and further amended by Dharmik Salahkar (i.e. Religious Advisory) Committee received final approval by the Shiromani Gurdwara Parbandhak Committee on 3 February 1945. It was then published under the title 'Sikh Rahit Maryada'.

Dilawar Singh vs State Of Haryana on 16 March, 2016. CWP-9013-2015

ਇਸ ਦੇ ਨਾਲ ਹੀ ਇਹ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਕਿ ਸਿੱਖ ਰਹਿਤ ਮਰਯਾਦਾ ਇਕ ਕਾਨੂੰਨੀ ਦਸਤਾਵੇਜ਼ ਹੈ। ਇਸ ਲਈ ਇਸ ਵਿਚ ਛਾਪੇ ਦੀ ਗ਼ਲਤੀ ਕਦਾਚਿਤ ਨਹੀਂ ਹੋਣੀ ਚਾਹੀਦੀ। ਵਿਸ਼ੇਸ਼ ਕਰਕੇ ਇਸ ਦੇ ਹਿੰਦੀ ਅਤੇ ਅੰਗਰੇਜ਼ੀ ਵਿਚ ਅਨੁਵਾਦ ਜਾਂ ਤਰਜਮਾ ਕਰਨ ਲੱਗਿਆਂ ਉਚੇਚਾ ਧਿਆਨ ਦੇਣ ਦੀ ਲੋੜ ਹੈ। ਐਸਾ ਨਾ ਹੋਣ 'ਤੇ ਲਏ ਗਏ ਫੈਸਲਿਆਂ 'ਤੇ ਇਸ ਦਾ ਪ੍ਰਭਾਵ ਪੈ ਸਕਦਾ ਹੈ।

ਕੀ ਇਹ ਮਰਯਾਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਗਈ ਹੈ ਜਾਂ ਹਾਲੇ ਵੀ ਇਹ ਖਰੜਾ ਹੀ ਹੈ? ਕਈ ਵਾਰ ਜਾਣੇ-ਅਣਜਾਣੇ ਵਿਚ ਇਹ ਕਹਿ ਦਿੱਤਾ ਜਾਂਦਾ ਹੈ ਕਿ ਇਹ ਸਿੱਖ ਰਹਿਤ ਮਰਯਾਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਣਾਈ ਹੋਈ ਹੈ ਅਤੇ ਇਕ ਖਰੜਾ ਹੈ। ਇਹ ਉਕਤੀ ਸਰਾਸਰ ਗ਼ਲਤ ਅਤੇ ਭੁਲੇਖਾ-ਪਾਊ ਹੈ। ਇਹ ਮਰਯਾਦਾ ਸਮੁੱਚੇ ਖ਼ਾਲਸਾ ਪੰਥ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਤਿਆਰ ਕੀਤੀ ਗਈ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਾਂ ਇਸ ਲਈ ਕੇਵਲ ਸਾਧਨ ਅਤੇ ਸਹੂਲਤਾਂ ਹੀ ਮੁਹੱਈਆ ਕਰਵਾਈਆਂ ਹਨ।

ਇਸ ਰਹਿਤ ਮਰਯਾਦਾ ਨੂੰ ਪੱਕਿਆਂ ਤੌਰ 'ਤੇ ਲਿਖ਼ਤੀ ਰੂਪ ਵਿਚ ਅੰਕਿਤ ਕਰਨ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਪਹਿਲਾ ਉਪਰਾਲਾ ਨਹੀਂ ਸੀ। ਇਸ ਤੋਂ ਪਹਿਲਾਂ ਵੀ ੧੯੧੪ ਈ. ਵਿਚ ਸੋਢੀ ਰਾਮ ਨਾਮਨਰੈਣ ਸਿੰਘ ਜੀ ਰਚਿਤ ਖ਼ਾਲਸਾ ਧਰਮ ਸ਼ਾਸਤ੍ਰ ਨਾਮ ਦੀ ਤਕਰੀਬਨ ੪੫੦ ਪੰਨਿਆਂ ਦੀ ਪੁਸਤਕ ਛਪ ਚੁਕੀ ਸੀ। ਇਸ ਵਿਚ ਪੁਰਾਤਨ ਸ੍ਰੋਤਾਂ ਅਤੇ ਸਾਰੇ ਰਹਿਤਨਾਮਿਆਂ 'ਤੇ ਵਿਚਾਰ ਕਰ ਕੇ ਇਕ ਵਡਮੁੱਲੀ ਪੁਸਤਕ ਪੰਥ ਦੀ ਝੋਲੀ ਵਿਚ ਪਾਈ ਜਾ ਚੁੱਕੀ ਸੀ।

ਤਕਰੀਬਨ ਇਸ ਸਮੇਂ ਹੀ ਇਕ ਹੋਰ ਗੰਭੀਰ ਉਪਰਾਲਾ ਪ੍ਰਮੁੱਖ ਪੰਥਕ ਜਥੇਬੰਦੀ ਚੀਫ਼ ਖਾਲਸਾ ਦੀਵਾਨ ਵੱਲੋਂ ਅਰੰਭਿਆ ਗਿਆ। ਚੀਫ ਖਾਲਸਾ ਦੀਵਾਨ ਨੇ ਵੀ ਬਾਕਾਇਦਾ ਰਹੁ ਰੀਤ ਕਮੇਟੀ ਦਾ ਗਠਨ ਕਰ ਕੇ ਸਿੱਖ ਰਹਿਤ ਮਰਯਾਦਾ ਦਾ ਖਰੜਾ ਤਿਆਰ ਕਰਵਾਇਆ ਅਤੇ ਸਾਰੇ ਪੰਥ ਵਿਚ ਇਸ ਨੂੰ ਵੱਡੀ ਗਿਣਤੀ ਵਿਚ ਛਾਪ ਕੇ ਵੰਡਿਆ। ਉਸ ਸਮੇਂ ਪੰਥ ਅਤੇ ਪੰਥਕ ਜਥੇਬੰਦੀਆਂ ਨੇ ਵੱਡੀ ਗਿਣਤੀ ਵਿਚ ਇਕ ਤੋਂ ਵੱਧ ਵਾਰ ਆਪਣੀਆਂ ਰਾਵਾਂ ਇਸ ਖਰੜੇ ਬਾਰੇ ਪੇਸ਼ ਕੀਤੀਆਂ। ਉਪਰੰਤ ਇਹ ਖਰੜਾ ਪ੍ਰਵਾਨ ਹੋ ਕੇ ਪੰਥਕ ਮਰਯਾਦਾ ਦਾ ਰੂਪ ਧਾਰਨ ਕਰ ਗਿਆ। ਇਸ ਨੂੰ ਚੀਫ਼ ਖ਼ਾਲਸਾ ਦੀਵਾਨ ਵੱਲੋਂ *ਗੁਰਮਤਿ ਪ੍ਰਕਾਸ਼-ਭਾਗ ਸੰਸਕਾਰ* ਦੇ ਨਾਮ ਹੇਠ ਪ੍ਰਕਾਸ਼ਿਤ ਕੀਤਾ ਗਿਆ। ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸਿੱਖ ਰਹਿਤ ਮਰਯਾਦਾ ਕਾਫ਼ੀ ਹੱਦ ਤਕ *ਗੁਰਮਤਿ ਪ੍ਰਕਾਸ਼-ਭਾਗ ਸੰਸਕਾਰ* ਦਾ ਹੀ ਵਿਸਤ੍ਰਿਤ ਅਤੇ ਸੋਧਿਆ ਹੋਇਆ ਰੂਪ ਕਿਹਾ ਜਾ ਸਕਦਾ ਹੈ। ਚੀਫ਼ ਖ਼ਾਲਸਾ ਦੀਵਾਨ ਵੱਲੋਂ ਪ੍ਰਕਾਸ਼ਿਤ *ਗੁਰਮਤਿ ਪ੍ਰਕਾਸ਼-ਭਾਗ ਸੰਸਕਾਰ* ਨੂੰ ਧਿਆਨ ਨਾਲ ਵਾਚਿਆਂ ਇਕ ਗੱਲ ਪ੍ਰਤੱਖ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਮੌਜੂਦਾ ਸਿੱਖ ਰਹਿਤ ਮਰਯਾਦਾ ਦੀਆਂ ਕਈ ਐਸੀਆਂ ਮੱਦਾਂ ਬਾਰੇ ਸ਼ੰਕੇ ਅਤੇ ਇਤਰਾਜ਼ ਇਹ ਕਹਿ ਕੇ ਪ੍ਰਗਟ ਕੀਤੇ

ਜਾਂਦੇ ਹਨ ਕਿ ਇਹ ਮੱਦਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਈਆਂ ਗਈਆਂ ਹਨ ਅਤੇ ਇਨ੍ਹਾਂ ਦਾ ਕੋਈ ਇਤਿਹਾਸਿਕ ਜਾਂ ਪੰਥਕ ਸ੍ਰੋਤ ਨਹੀਂ ਹੈ, ਉਹ ਨਿਰਮੂਲ ਸਿੱਧ ਹੋ ਜਾਂਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਸਿੱਖ ਰਹਿਤ ਮਰਯਾਦਾ ਦੀ ਤਿਆਰੀ ੧੯੨੫ ਈ. ਵਿਚ ਅਰੰਭ ਹੋਈ ਅਤੇ ੧੯੩੬ ਈ. ਵਿਚ ਇਸ ਨੂੰ ਗੁਰੂ-ਪੰਥ ਦੀ ਪ੍ਰਵਾਨਗੀ ਮਿਲੀ। ਉਪਰੰਤ ਧਰਮ ਪ੍ਰਚਾਰ ਕਮੇਟੀ ਨੇ ਕਈ ਇਕੱਤਰਤਾਵਾਂ ਵਿਚ ਇਸ ਨੂੰ ਸੋਧਿਆ ਅਤੇ ੧੯੪੫ ਈ. ਵਿਚ ਇਸ ਦਾ ਮੌਜੂਦਾ ਸਵਰੂਪ ਸਾਹਮਣੇ ਆਇਆ। ਇਸ ਤੋਂ ਸਪੱਸ਼ਟ ਹੈ ਕਿ ਪੰਥ ਨੇ ਸਿਰ ਜੋੜ ਕੇ ਇਸ ਮਹਾਨ ਇਤਿਹਾਸਿਕ ਕਾਰਜ ਨੂੰ ਸਿਰੇ ਚਾੜ੍ਹਿਆ। ਇਸ ਤੋਂ ਜਾਣੇ-ਅਣਜਾਣੇ ਵਿਚ ਪਾਇਆ ਇਹ ਭੁਲੇਖਾ ਨਿਰਮੂਲ ਸਾਬਤ ਹੁੰਦਾ ਹੈ ਕਿ ੧੯੩੩ ਈ. ਵਿਚ ਰਹੁ-ਰੀਤ ਕਮੇਟੀ ਵਿਚ ਗਰਮਾ ਗਰਮ ਬਹਿਸ ਦਾ ਕੋਈ ਸਿੱਟਾ ਨਹੀਂ ਨਿਕਲਿਆ ਅਤੇ ੧੯੪੫ ਈ. ਤਕ ਲੰਮਾਂ ਵੱਖਵਾ ਰਿਹਾ।

ਪੰਥ ਵੱਲੋਂ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਕੀਤੀਆਂ ਅਥਾਹ ਕੁਰਬਾਨੀਆਂ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ। ਉਸ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਨੇੜੇ ਅਤੇ ਕਮੇਟੀ ਦੇ ਅਧੀਨ ਗੁਰਦੁਆਰਿਆਂ ਦੀ ਮਰਯਾਦਾ ਵਿਚ ਵੀ ਇਕਸਾਰਤਾ ਨਹੀਂ ਸੀ। ਹਰ ਗੁਰਦੁਆਰੇ ਵਿਚ ਅਰਦਾਸ, ਪ੍ਰਸ਼ਾਦਿ, ਸਿਰਪਾਉ ਵੱਖਰੇ-ਵੱਖਰੇ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਲੋਕਲ ਕਮੇਟੀ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਆ ਜਾਣ ਤੋਂ ਪਹਿਲਾਂ ਪੁਜਾਰੀਆਂ ਦੇ ਸਮੇਂ ਸਿੱਖ ਧਰਮ ਪ੍ਰਚਾਰ ਭਾਵ ਗੁਰਮਤਿ ਪ੍ਰਚਾਰ ਦਾ ਕੋਈ ਖਾਸ ਪ੍ਰਬੰਧ ਨਹੀਂ ਸੀ, ਸਗੋਂ ਪਰਕਰਮਾ ਵਿਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਤੇ ਰਾਮਾਇਣ ਤੇ ਮਹਾਭਾਰਤ ਆਦਿ ਹਿੰਦੂ ਮੱਤ ਦੇ ਗ੍ਰੰਥਾਂ ਦੀਆਂ ਕਥਾਵਾਂ ਹੁੰਦੀਆਂ ਤੇ ਗੁਰਮਤਿ ਵਿਰੁੱਧ ਅਨਯ ਮੱਤਾਂ ਤੇ ਮਨਮਤ ਦਾ ਪ੍ਰਚਾਰ ਕੀਤਾ ਜਾਂਦਾ ਸੀ। (ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਪੰਨਾ ੩੬੧)

ਇਸ ਬਿਖੜੇ ਹਾਲਾਤ ਵਿਚ ਗੁਰੂ-ਪੰਥ ਨੇ ਸਿਰ ਜੋੜ ਕੇ ਇਹ ਸਿੱਖ ਰਹਿਤ ਮਰਯਾਦਾ ਤਿਆਰ ਕੀਤੀ। ਜੇ ਐਸਾ ਨਾ ਹੁੰਦਾ ਤਾਂ ਹਰ ਗੁਰਦੁਆਰੇ ਵਿਚ ਹੀ ਵੱਖ-ਵੱਖ ਰਹੁ-ਰੀਤਾਂ ਲਾਗੂ ਹੋਣੀਆਂ ਸਨ। ਇਸ ਨੇ ਪੰਥ ਨੂੰ ਖੇਰੂੰ-ਖੇਰੂੰ ਕਰ ਦੇਣਾ ਸੀ। ਇਹ ਸਤਿਗੁਰੂ ਜੀ ਦੀ ਅਸੀਮ ਰਹਿਮਤ ਹੋਈ ਕਿ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਮਲ ਵਿਚ ਲਿਆਂਦੀ ਗਈ। ਇਸ ਤਰ੍ਹਾਂ ਇਹ ਇਕ ਐਸਾ ਪੈਮਾਨਾ ਹੈ ਜੋ ਲਗਾਤਾਰ ਆਗਾਹ ਕਰਦਾ ਰਹੇਗਾ ਕਿ ਪੰਥ ਆਪਣੇ ਧੁਰੇ ਦੇ ਕਿੰਨਾ ਨੇੜੇ ਜਾਂ ਦੂਰ ਹੈ।

***ਚਲਦਾ . . .***

# ਗੁਰਦੁਆਰਾ ਸੁਧਾਰ ਲਹਿਰ ਦੇ ਸੰਦਰਭ ਵਿਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ

*-ਡਾ. ਪਰਮਵੀਰ ਸਿੰਘ**

ਗੁਰਦੁਆਰਾ ਸੁਧਾਰ ਲਹਿਰ ਗੁਰਧਾਮਾਂ ਦੇ ਪ੍ਰਬੰਧ ਨੂੰ ਸੁਚਾਰੂ ਰੂਪ ਪ੍ਰਦਾਨ ਕਰਨ ਲਈ ਚਲਾਈ ਗਈ ਸੀ। ਇਹ ਲਹਿਰ ਇੰਨੀ ਸੌਖੀ ਨਹੀਂ ਸੀ ਜਿੰਨੀ ਕਿ ਕਿਤਾਬਾਂ ਵਿਚ ਪੜ੍ਹ ਕੇ ਜਾਂ ਢਾਡੀਆਂ ਦੇ ਪ੍ਰਸੰਗ ਸੁਣ ਕੇ ਰੌਚਕ ਜਾਪਦੀ ਹੈ। ਇਸ ਦੇ ਪਿੱਛੇ ਗੁਰਸਿੱਖਾਂ ਦੀ ਗੁਰੂ-ਘਰ ਪ੍ਰਤੀ ਸ਼ਰਧਾ-ਭਾਵਨਾ, ਪ੍ਰੇਮ, ਦ੍ਰਿੜ੍ਹਤਾ, ਨਿਸ਼ਠਾ ਅਤੇ ਕੁਰਬਾਨੀ ਦਾ ਲੰਮਾ ਇਤਿਹਾਸ ਮੌਜੂਦ ਹੈ। ਸਿੱਖ ਆਪਣੇ ਗੁਰਧਾਮਾਂ ਲਈ ਆਪਣੀ ਜਾਨ ਤਾਂ ਕੁਰਬਾਨ ਕਰ ਸਕਦੇ ਹਨ ਪਰ ਕਿਸੇ ਵੀ ਹਾਲਤ ਵਿਚ ਇਨ੍ਹਾਂ ਦੀ ਬੇਅਦਬੀ ਬਰਦਾਸ਼ਤ ਨਹੀਂ ਕਰ ਸਕਦੇ।

ਗੁਰਦੁਆਰਾ ਸਿੱਖ ਦੇ ਜੀਵਨ ਦਾ ਕੇਂਦਰ ਬਿੰਦੂ ਹੈ ਅਤੇ ਸਮੁੱਚੀ ਸਿੱਖ ਜੀਵਨ-ਜਾਚ ਇਸ ਦੇ ਦੁਆਲੇ ਇਕ ਧੁਰੇ ਵਾਂਗ ਘੁੰਮਦੀ ਹੈ। ਇਹ ਪਵਿੱਤਰ ਅਸਥਾਨ ਧਾਰਮਿਕ ਜਾਂ ਸਮਾਜਿਕ ਰਸਮਾਂ ਤਕ ਹੀ ਸੀਮਿਤ ਨਹੀਂ ਹਨ ਬਲਕਿ ਜੀਵਨ ਦੇ ਹਰ ਖ਼ੁਸ਼ੀ-ਗ਼ਮੀ ਦੇ ਮੌਕੇ ਇਹ ਸਿੱਖ ਨੂੰ ਆਦਰਸ਼ਮਈ ਸੇਧ ਪ੍ਰਦਾਨ ਕਰਦੇ ਹਨ। ਹੱਥ ਕਾਰ ਵੱਲ ਅਤੇ ਚਿੱਤ ਕਰਤਾਰ ਵੱਲ ਜੋੜਨ ਦੀ ਸੇਧ ਪ੍ਰਦਾਨ ਕਰਨ ਵਾਲੇ ਇਹ ਗੁਰਧਾਮ ਸਤਿ, ਸੰਤੋਖ, ਦਇਆ, ਨਿਮਰਤਾ, ਸੇਵਾ ਅਤੇ ਸ੍ਵੈਮਾਣ ਦਾ ਪ੍ਰਤੀਕ ਹਨ। ਜਦੋਂ ਸਿੱਖ ਜੰਗਲਾਂ ਜਾਂ ਪਹਾੜਾਂ ਵਿਚ ਰਹਿਣ ਲਈ ਮਜਬੂਰ ਹੋਏ ਤਾਂ ਵੀ ਉਨ੍ਹਾਂ ਦੇ ਜੀਵਨ ਦਾ ਸਰਬੋਤਮ ਉਦੇਸ਼ ਗੁਰਧਾਮਾਂ ਦੇ ਦਰਸ਼ਨ-ਦੀਦਾਰੇ ਕਰਨ ਵੱਲ ਸੇਧਿਤ ਹੁੰਦਾ ਸੀ। ਕਿਸੇ ਵੀ ਫੌਜੀ ਮੁਹਿੰਮ 'ਤੇ ਜਾਣ ਤੋਂ ਪਹਿਲਾਂ ਜੰਗ ਦੇ ਮੈਦਾਨ ਵਿਚ ਬਚ ਜਾਣ ਜਾਂ ਜਿੱਤ ਪ੍ਰਾਪਤ ਕਰ ਲੈਣ ਦੀ ਸੂਰਤ ਵਿਚ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ-ਦੀਦਾਰੇ ਦੀ ਇੱਛਾ ਉਨ੍ਹਾਂ ਦੀ ਅਰਦਾਸ ਦਾ ਅੰਗ ਬਣ ਗਈ ਸੀ। ਜਦੋਂ ਸਿੱਖ ਸਰਦਾਰ ਪੰਜਾਬ ਦੀ ਧਰਤੀ ਦੇ ਮਾਲਕ ਬਣੇ ਤਾਂ ਸਭ ਤੋਂ ਪਹਿਲਾਂ ਇਨ੍ਹਾਂ ਨੇ ਗੁਰਧਾਮਾਂ ਦੀ ਮੁਰੰਮਤ, ਉਸਾਰੀ ਜਾਂ ਪ੍ਰਬੰਧ ਦੀ ਸਹੀ ਰੂਪ ਵਿਚ ਸਾਂਭ-ਸੰਭਾਲ ਕਰਨ ਦਾ ਕਾਰਜ ਅਰੰਭ ਕੀਤਾ। ਗੁਰਧਾਮਾਂ ਦੇ ਨਾਂ ਜਾਗੀਰਾਂ ਲਵਾਈਆਂ ਗਈਆਂ ਤਾਂ ਕਿ ਗੁਰ-ਸਿਧਾਂਤ ਅਨੁਸਾਰ ਗ਼ਰੀਬਾਂ, ਲੋੜਵੰਦਾਂ ਅਤੇ ਯਾਤਰੂਆਂ ਲਈ ਲੰਗਰ, ਰਿਹਾਇਸ਼ ਅਤੇ ਇਲਾਜ ਦਾ ਸੁਚਾਰੂ ਪ੍ਰਬੰਧ ਹੋ ਸਕੇ।

ਪੰਜਾਬ 'ਤੇ ਕਬਜ਼ੇ ਉਪਰੰਤ ਇਨ੍ਹਾਂ ਗੁਰਧਾਮਾਂ ਦਾ ਪ੍ਰਬੰਧ ਅਸਿੱਧੇ ਤੌਰ 'ਤੇ ਅੰਗਰੇਜ਼ਾਂ ਅਧੀਨ ਆ ਗਿਆ। ਅੰਗਰੇਜ਼ ਅਫ਼ਸਰਾਂ ਨੇ ਇਨ੍ਹਾਂ ਸੇਵਾਦਾਰਾਂ ਦੀ

**ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ: +੯੧੯੮੭੨੦-੭੪੩੨੨*

ਪੁਸ਼ਤ-ਪਨਾਹੀ ਅਰੰਭ ਕੀਤੀ ਤਾਂ ਇਹ ਆਪ-ਹੁਦਰੇ ਹੋ ਗਏ। ਸੰਗਤ ਦੀ ਸੇਵਾ ਦੀ ਬਜਾਏ ਜਦੋਂ ਸਰਕਾਰ ਦੀ ਸੇਵਾ ਧਰਮ ਦਾ ਰੂਪ ਗ੍ਰਹਿਣ ਕਰ ਜਾਵੇ ਤਾਂ ਕੁਰੀਤੀਆਂ ਨੂੰ ਰੋਕਣਾ ਅਸੰਭਵ ਹੋ ਜਾਂਦਾ ਹੈ। ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿਚ ਜਿਹੜੀਆਂ ਕੁਰੀਤੀਆਂ ਨੂੰ ਰੋਕਣ ਲਈ ਦੂਰ-ਦੁਰਾਡੇ ਇਲਾਕਿਆਂ ਦੀਆਂ ਪ੍ਰਚਾਰ-ਯਾਤਰਾਵਾਂ ਕੀਤੀਆਂ ਸਨ, ਜਿਹੜੇ ਸਿਧਾਂਤਾਂ ਦੇ ਸਦੀਵੀ ਪ੍ਰਚਾਰ ਲਈ ਧਰਮਸਾਲਾਵਾਂ ਦੀ ਉਸਾਰੀ ਕਰਵਾਈ ਸੀ, ਅਧਿਆਤਮਿਕ ਉੱਚਤਾ ਪ੍ਰਦਾਨ ਕਰਨ ਲਈ ਜਿਹੜੀਆਂ ਬੁਰਾਈਆਂ ਤੋਂ ਬਚਣ ਦਾ ਆਦੇਸ਼ ਦਿੱਤਾ ਸੀ; ਸਭ ਨਿਰਾਰਥਕ ਹੁੰਦਾ ਜਾਪ ਰਿਹਾ ਸੀ। ਜਿਹੜੇ ਗੁਰਸਿੱਖ ਗੁਰੂ ਸਾਹਿਬਾਨ ਦੁਆਰਾ ਪ੍ਰਦਾਨ ਕੀਤੀ ਗਈ ਜੀਵਨ-ਜਾਚ ਦੇ ਅਨੁਸਾਰੀ ਹੋ ਕੇ ਜੀਵਨ ਬਸਰ ਕਰ ਰਹੇ ਸਨ, ਉਨ੍ਹਾਂ ਲਈ ਇਹ ਸਭ ਕੁਝ ਅਸਹਿ ਅਤੇ ਅਕਹਿ ਸੀ। ਗੁਰਧਾਮਾਂ ਨਾਲ ਲੱਗੀਆਂ ਹੋਈਆਂ ਜਾਇਦਾਦਾਂ ਦੀ ਲੁੱਟ-ਖਸੁੱਟ, ਬਦਕਾਰੀਆਂ, ਗੁਰਮਤਿ ਸਿਧਾਂਤਾਂ ਦਾ ਘਾਣ, ਮਨਮਤਿ ਦਾ ਪ੍ਰਚਾਰ, ਪ੍ਰਬੰਧਕਾਂ ਦੀਆਂ ਵਧੀਕੀਆਂ, ਨਸ਼ਿਆਂ ਦਾ ਪ੍ਰਚਲਨ, ਪਰਮਾਤਮਾ ਦੀ ਹੋਂਦ ਤੋਂ ਇਨਕਾਰੀ ਹੋਣ ਵਾਲੇ ਵਿਚਾਰ, ਯਾਤਰੂਆਂ ਦੀ ਲੁੱਟ, ਸੇਵਾ ਨੂੰ ਨੀਵਾਂ ਸਮਝਣਾ ਅਤੇ ਨੀਵੀਆਂ ਜਾਤਾਂ ਵਾਲਿਆਂ ਨਾਲ ਦੁਰਵਿਹਾਰ ਆਦਿ ਨਾਲ ਸੰਬੰਧਿਤ ਅਜਿਹੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਸਨ ਜਿਹੜੀਆਂ ਗੁਰਸਿੱਖਾਂ ਲਈ ਹਿਰਦੇਵੇਦਕ ਅਤੇ ਬਿਆਨ ਤੋਂ ਬਾਹਰ ਸਨ। ਆਪਣੇ ਧਰਮ ਦੀ ਸ਼ਰਮ ਅਧੀਨ ਬਹੁਤ ਸਾਰੇ ਗੁਰਸਿੱਖ ਕੋਈ ਵੀ ਗੱਲ ਕਰਨ ਤੋਂ ਪ੍ਰਹੇਜ਼ ਕਰ ਜਾਂਦੇ ਸਨ ਅਤੇ ਗੁਰਧਾਮਾਂ ਵਿਖੇ ਮੱਥਾ ਟੇਕਣ ਉਪਰੰਤ ਤੁਰੰਤ ਵਾਪਸ ਆ ਜਾਂਦੇ ਸਨ। ਸਰਕਾਰੀ ਅਫ਼ਸਰਾਂ, ਮੈਨੇਜਰਾਂ ਜਾਂ ਸਰਬਰਾਹਾਂ ਦੀ ਸਰਪ੍ਰਸਤੀ ਅਧੀਨ ਗੁਰਧਾਮਾਂ ਵਿਖੇ ਇਕੱਤਰ ਹੋਣ ਵਾਲੇ ਮਨਮਤੀਏ ਅਤੇ ਬਦਕਾਰ ਲੋਕਾਂ ਤੋਂ ਹਰ ਇਕ ਸਿੱਖ ਦੂਰ ਰਹਿਣ ਦਾ ਯਤਨ ਕਰਦਾ ਸੀ।

ਅਜਿਹੇ ਸਮੇਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਭ ਦੀਆਂ ਨਜ਼ਰਾਂ ਵਿਚ ਸੀ। ਇਹ ਸਿੱਖਾਂ ਦਾ ਕੇਂਦਰੀ ਸਥਾਨ ਹੈ ਅਤੇ ਅਰਦਾਸ ਵਿਚ ਇਸ ਦੇ ਰੋਜ਼ਾਨਾ ਦਰਸ਼ਨ-ਇਸ਼ਨਾਨ ਦੀ ਅਰਦਾਸ ਕੀਤੀ ਜਾਂਦੀ ਹੈ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਤੋਂ ਜਿਹੜਾ ਵੀ ਹੁਕਮਨਾਮਾ ਪ੍ਰਕਾਸ਼ਮਾਨ ਹੁੰਦਾ ਹੈ ਜਾਂ ਇੱਥੇ ਸੁਸ਼ੋਭਿਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਿਹੜਾ ਆਦੇਸ਼ ਸਿੱਖ ਸੰਗਤ ਦੇ ਨਾਂ ਜਾਰੀ ਕੀਤਾ ਜਾਂਦਾ ਹੈ, ਉਸ ਦਾ ਪ੍ਰਭਾਵ ਸੰਸਾਰ ਭਰ ਦੇ ਸਿੱਖਾਂ ਲਈ ਸਤਿਕਾਰ ਗ੍ਰਹਿਣ ਕਰ ਜਾਂਦਾ ਹੈ। ਮੌਜੂਦਾ ਸਮੇਂ ਵਿਚ ਵੀ ਸ੍ਰੀ ਹਰਿਮੰਦਰ ਸਾਹਿਬ ਤੋਂ ਰੋਜ਼ਾਨਾ ਪ੍ਰਸਾਰਿਤ ਹੋਣ ਵਾਲਾ ਸ਼ਬਦ-ਕੀਰਤਨ ਅਤੇ ਹੁਕਮਾਨਾਮਾ ਸਿੱਖਾਂ ਦੀ ਖਿੱਚ ਦਾ ਕੇਂਦਰ ਹੈ। ਇਸ ਦੇ ਨਾਲ ਹੀ ਜਿਹੜਾ ਪ੍ਰਬੰਧਕੀ ਨੁਕਸ ਇੱਥੋਂ ਦੇ ਪ੍ਰਬੰਧ ਵਿਚ ਦੇਖਣ ਨੂੰ ਮਿਲਦਾ ਹੈ ਉਹ ਬਾਕੀ ਦੇ ਸਮੂਹ ਗੁਰਧਾਮਾਂ ਵਿਚ ਆਪਣੇ ਆਪ

ਚਲਾ ਜਾਂਦਾ ਹੈ। ਇਸੇ ਦ੍ਰਿਸ਼ਟੀ ਤੋਂ ਸਮੁੱਚੀ ਸਿੱਖ ਕੌਮ ਦੀ ਇਹ ਇੱਛਾ ਹੁੰਦੀ ਹੈ ਕਿ ਇੱਥੋਂ ਦਾ ਪ੍ਰਬੰਧ ਦੁਨੀਆ ਭਰ ਦੇ ਗੁਰਸਿੱਖਾਂ ਅਤੇ ਗੁਰਧਾਮਾਂ ਦੇ ਪ੍ਰਬੰਧਕਾਂ ਲਈ ਮਿਸਾਲ ਹੋਣਾ ਚਾਹੀਦਾ ਹੈ। ਇਸੇ ਦ੍ਰਿਸ਼ਟੀ ਤੋਂ ਜਦੋਂ ਉਨੀਵੀਂ ਸਦੀ ਦੇ ਅੰਤਲੇ ਦਹਾਕੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਵਿਚ ਭਾਰੀ ਵਿਗਾੜ ਦੇਖਣ ਨੂੰ ਮਿਲਣ ਲੱਗਿਆ ਤਾਂ ਸਿੱਖ ਹਿਰਦਿਆਂ ਨੂੰ ਭਾਰੀ ਸੱਟ ਵੱਜੀ।

ਪੰਜਾਬ 'ਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਅਕਾਲੀ ਸਿੰਘਾਂ ਦੇ ਅਧੀਨ ਸੀ। ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕੀਤਾ ਤਾਂ ਇਸ ਗੁਰਧਾਮ ਦਾ ਪ੍ਰਬੰਧ ਅੰਗਰੇਜ਼ਾਂ ਅਧੀਨ ਆ ਗਿਆ। ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਰਾਹੀਂ ਇਸ ਗੁਰਧਾਮ ਦਾ ਪ੍ਰਬੰਧ ਚਲਾਇਆ ਜਾਣ ਲੱਗਿਆ। ਸਤੰਬਰ ੧੮੫੯ ਈ. ਵਿਚ ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਫਰੈਡਰਿਕ ਕੂਪਰ ਨੇ ਇਕ ਮੀਟਿੰਗ ਬੁਲਾਈ ਜਿਸ ਵਿਚ ਸਿੱਖ ਰਾਜਿਆਂ ਦੇ ਨਾਲ ਨਾਲ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਰਾਗੀ, ਗ੍ਰੰਥੀ, ਪੁਜਾਰੀ ਅਤੇ ਹੋਰ ਅਨੇਕਾਂ ਪਤਵੰਤੇ ਸੱਜਣ ਸ਼ਾਮਲ ਹੋਏ। ਇਸ ਮੀਟਿੰਗ ਦਾ ਮਨੋਰਥ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਕਰਨ ਵਾਲਿਆਂ ਦੀਆਂ ਸਹੀ ਜ਼ਿੰਮੇਵਾਰੀਆਂ ਅਤੇ ਅਧਿਕਾਰਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਕੇ ਤੱਥਾਂ ਅਤੇ ਪੁਰਾਤਨ ਮਰਯਾਦਾ ਦੇ ਆਧਾਰ 'ਤੇ ਅਜਿਹਾ ਦਸਤਾਵੇਜ਼ ਤਿਆਰ ਕਰਨਾ ਸੀ ਜਿਹੜਾ ਕਿ ਲੋੜ ਪੈਣ 'ਤੇ ਅਦਾਲਤਾਂ ਵਿਚ ਵਰਤਿਆ ਜਾ ਸਕੇ। ਇਕ ਹਫ਼ਤਾ ਚੱਲੀਆਂ ਮੀਟਿੰਗਾਂ ਉਪਰੰਤ ਜਿਹੜਾ ਦਸਤਾਵੇਜ਼ ਸਾਹਮਣੇ ਆਇਆ ਉਸ 'ਤੇ ੧੨ ਸਤੰਬਰ, ੧੮੫੯ ਈ. ਨੂੰ ਸਮੂਹ ਹਾਜ਼ਰ ਮੈਂਬਰਾਂ ਦੇ ਹਸਤਾਖਰ ਕਰਵਾਏ ਗਏ।[੧]

ਇਸ ਦਸਤਾਵੇਜ਼ ਦੇ ਤਿਆਰ ਹੋਣ ਤੋਂ ਲੱਗਭਗ ੬੦ ਸਾਲ ਬਾਅਦ, ੧੯੨੦ ਈ. ਵਿਚ ਗੁਰਦੁਆਰਾ ਸੁਧਾਰ ਲਹਿਰ ਚੱਲੀ। ਇਸ ਸਮੇਂ ਤਕ ਇਹ ਦਸਤਾਵੇਜ਼ ਪ੍ਰਭਾਵਸ਼ਾਲੀ ਤਰੀਕੇ ਨਾਲ ਅਮਲ ਕਰ ਰਿਹਾ ਸੀ। ਇਸ ਦਸਤਾਵੇਜ਼ ਵਿੱਚੋਂ ਸਰਬਰਾਹ ਅਤੇ ਅੰਗਰੇਜ਼ਾਂ ਦਾ ਜਿਹੜਾ ਸੰਬੰਧ ਸਾਹਮਣੇ ਆਉਂਦਾ ਹੈ, ਉਸ 'ਤੇ ਟਿੱਪਣੀ ਕਰਦੇ ਹੋਏ ਕਿਹਾ ਗਿਆ, "During those sixty years the actions and the documents of 1859 remained relevant. Government and the Temple functionaries remained symbolically intertwined."[੨]

ਸਰਬਰਾਹ ਦੇ ਅੰਗਰੇਜ਼ ਸਰਕਾਰ ਨਾਲ ਪੈਦਾ ਹੋਏ ਸੰਬੰਧਾਂ ਕਾਰਨ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਵਿਚ ਜਿਹੜਾ ਵਿਗਾੜ ਪੈਦਾ ਹੋਇਆ, ਤਤਕਾਲੀ ਅਖ਼ਬਾਰਾਂ ਵਿਚ ਉਸ ਦੀ ਚਰਚਾ ਹੋਣ ਲੱਗੀ। ਇਸ ਨਾਲ ਸਿੱਖਾਂ ਵਿਚ ਚੇਤਨਾ ਪੈਦਾ ਹੋਈ ਕਿ ਆਪਣੇ ਗੁਰਧਾਮਾਂ ਦੇ ਪ੍ਰਬੰਧ ਦੇ ਸੁਧਾਰ ਲਈ ਆਪ ਹੀ ਯਤਨ

ਕਰਨਾ ਪੈਣਾ ਹੈ। ਇੱਥੇ ਉਸ ਸਮੇਂ ਦੇ ਕੁਝ ਅਖ਼ਬਾਰਾਂ ਵਿਚ ਛਪੀਆਂ ਘਟਨਾਵਾਂ ਦਾ ਵੇਰਵਾ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ ਜਿਨ੍ਹਾਂ ਤੋਂ ਉਸ ਸਮੇਂ ਦੇ ਹਾਲਾਤ ਸੰਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

'ਖ਼ਾਲਸਾ ਸਮਾਚਾਰ' ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਵਿਚ ਦੇਖੀਆਂ ਗਈਆਂ ਕਮੀਆਂ-ਕਮਜ਼ੋਰੀਆਂ ਦਾ ਵਰਣਨ ਕਰਦੇ ਹੋਏ ਕਿਹਾ ਗਿਆ, "ਮਾਲਦਾਰ ਪੁਜਾਰੀ ਕੇਵਲ ਆਮਦਨ ਘਰ ਬੈਠੇ ਛਕ ਰਹੇ ਹਨ, ਜੋ ਪੁਜਾਰੀ ਅੰਦਰ ਆਉਂਦੇ ਹਨ, ਅਕਸਰਾਂ ਦੇ ਰੁਜੀਨੇ ਤੰਗ ਹਨ, ਇਸ ਵਾਸਤੇ ਉਨ੍ਹਾਂ ਦਾ ਵਕਤ ਰੋਜ ਦਾ ਖਰਚ ਪੂਰੇ ਕਰਨ ਦੇ ਫਿਕਰ ਵਿਚ ਲੰਘਦਾ ਹੈ। ਗ੍ਰੰਥੀ ਐਨੇ ਮਾਲਦਾਰ ਹੋ ਗਏ ਹਨ ਕਿ ਘਰਾਂ ਤੋਂ ਲੈ ਕੇ ਗੱਦੀ ਤਕ ਨੀਵੀਆਂ ਅੱਖਾਂ ਕਰ ਕੇ ਪਹੁੰਚਦੇ ਹਨ, ਕਿਸੇ ਵੱਲ ਉੱਚੀ ਦ੍ਰਿਸਟ ਨਹੀਂ ਦੇਖਦੇ। ਦਰੋਗੇ ਤੇ ਹੋਰ ਮੁਲਾਜ਼ਮਾਂ ਦੀਆਂ ਤਨਖਾਹਾਂ ਬਹੁਤ ਤੁਛ ਹਨ, ਖਰਚ ਘਰਾਂ ਦੇ ਬਹੁਤ, ਕਬੀਲਦਾਰੀਆਂ ਦੇ ਫ਼ਿਕਰ, ਓਹ ਵਿਚਾਰੇ ਏਸ ਫਿਕਰੋਂ ਬਾਹਰ ਹੀ ਨਹੀਂ ਹੋ ਸਕਦੇ ਕਿ ਕਿਕੁਰ ਨਿਰਬਾਹ ਜੋਗੀ ਕਮਾਈ ਹੋ ਸਕੇ।... ਸਰਬਰਾਹ ਦਰਬਾਰ ਸਾਹਿਬ ਨੂੰ ਤਜਾਰਤ ਦੀ ਕੋਠੀ ਸਮਝ ਕੇ ਆਮਦਨ ਵਧਾਉਂਦੇ ਹਨ। ਰਤਾ ਨਹੀਂ ਸੋਚਦੇ ਕਿ ਇਹ ਦਸ ਏਕੜ ਜ਼ਮੀਨ ਤਾਂ ਪਰਮੇਸਰ ਦੇ ਭਜਨ ਵਾਸਤੇ ਰਹਣ ਦੇਈਏ।... ਆਪਣੇ ਘਰਾਂ ਦੇ ਵਿਗਾੜ ਨੂੰ ਕੋਈ ਕੀਹ ਲਿਖੇ, ਸਾਧ ਸੰਗਤ ਨੂੰ ਦੇਖਦਿਆਂ 'ਤੇ ਕਹਿੰਦਿਆਂ ਸ਼ਰਮ ਲੱਗਦੀ ਹੈ ਤੇ ਗ੍ਰੰਥੀ ਪੁਜਾਰੀ ਮੁਲਾਜ਼ਮ ਜਿਨ੍ਹਾਂ ਦੀ ਰੋਜੀ ਹੈ, ਉਨ੍ਹਾਂ ਨੂੰ ਇਹ ਕੁਝ ਭਾਉਂਦਾ ਹੈ ਤੇ ਸਰਕਾਰ ਤਕ ਖ਼ਬਰ ਕੋਈ ਨਹੀਂ ਕਰਦਾ। ਜੇ ਕਰੇ ਬੀ ਤਾਂ ਫੇਰ ਸਰਬਰਾਹ ਦੇ ਸਪੁਰਦ ਹੀ ਹੁੰਦਾ ਹੈ। ਕੌਮ ਆਪੋ ਵਿਚ ਪਾਟੀ ਪਈ ਅਨਾੜੀ ਹਕੀਮਾਂ ਦੇ ਵੱਸ ਪੈ ਗਈ ਹੈ।"[੩]

ਸਰਬਰਾਹ ਨੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਚੌਗਿਰਦੇ ਨੂੰ ਵਪਾਰ ਦੀ ਮੰਡੀ ਵਿਚ ਬਦਲ ਦਿੱਤਾ ਸੀ ਤਾਂ ਕਿ ਕਿਸੇ ਨਾ ਕਿਸੇ ਤਰ੍ਹਾਂ ਕਮਾਈ ਦਾ ਸਾਧਨ ਵਧਾਇਆ ਜਾ ਸਕੇ। ਵਪਾਰ ਦੀ ਬਿਰਤੀ ਕਾਰਨ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਧਾਰਮਿਕ ਮਰਯਾਦਾ ਅਤੇ ਸ਼ਰਧਾਲੂਆਂ ਦੀ ਭਾਵਨਾ 'ਤੇ ਭਾਰੀ ਅਸਰ ਪੈ ਰਿਹਾ ਸੀ। ਸ਼ਰਧਾਲੂ ਚਾਹੁੰਦੇ ਸਨ ਕਿ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਚੌਗਿਰਦੇ ਵਿਚ ਪ੍ਰਵੇਸ਼ ਕਰਨ ਨਾਲ ਹੀ ਉਨ੍ਹਾਂ ਦਾ ਮਨ ਗੁਰੂ-ਭਾਵਨਾ ਨਾਲ ਜੁੜਨਾ ਚਾਹੀਦਾ ਹੈ ਪਰ ਦਿਖਾਈ ਇਸ ਦੇ ਉਲਟ ਦੇ ਰਿਹਾ ਸੀ। ਮੌਜੂਦਾ ਸਮੇਂ ਵਿਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਦੇ ਪ੍ਰਵੇਸ਼ ਕਰਨ ਵਾਲੇ ਦਰਵਾਜ਼ੇ ਤੋਂ ਬਾਹਰ ਹੀ ਖਾਣ-ਪੀਣ ਜਾਂ ਵਪਾਰ ਦੀਆਂ ਹੋਰ ਦੁਕਾਨਾਂ ਮੌਜੂਦ ਹਨ ਅਤੇ ਇੱਥੇ ਆਉਣ ਵਾਲੇ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਮਰਯਾਦਾ ਅਤੇ ਭਾਵਨਾ ਦਾ ਵਿਸ਼ੇਸ਼ ਧਿਆਨ ਰੱਖਦੇ ਹਨ। ਅਵੱਗਿਆ ਕਰਨ ਵਾਲੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਜਾਂ

ਸ਼ਰਧਾਲੂ ਹੀ ਸਮਝਾ ਦਿੰਦੇ ਹਨ। ਪਹਿਲਾਂ ਅਜਿਹਾ ਨਹੀਂ ਸੀ। ਵਪਾਰ ਅਤੇ ਖਾਣ-ਪੀਣ ਦੇ ਛਾਬਿਆਂ ਵਾਲੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਉੜੀ ਤਕ ਫੈਲੇ ਹੋਏ ਸਨ, ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਤਕ ਦੁਕਾਨਾਂ ਲੱਗਦੀਆਂ ਸਨ। ਸ਼ਰਾਰਤੀ ਲੋਕ ਇੱਥੇ ਆ ਕੇ ਮਨਮਾਨੀਆਂ ਕਰਦੇ ਸਨ ਅਤੇ ਧਾਰਮਿਕ ਭਾਵਨਾਵਾਂ ਦਾ ਕੋਈ ਧਿਆਨ ਨਹੀਂ ਰੱਖਦੇ ਸਨ। ਤਤਕਾਲੀ ਅਖ਼ਬਾਰਾਂ ਵਿਚ ਸਿੱਖ ਸ਼ਰਧਾਲੂਆਂ ਦੀ ਵੇਦਨਾ ਦੀਆਂ ਅਨੇਕਾਂ ਗਾਥਾਵਾਂ ਛਪਦੀਆਂ ਰਹੀਆਂ ਹਨ ਜਿਨ੍ਹਾਂ ਵਿਚ ਪੰਥ ਨੂੰ ਸੁਚੇਤ ਕਰਨ ਲਈ ਦੱਸਿਆ ਜਾਂਦਾ ਸੀ, "ਜਿੱਥੇ ਗੁਰੂ ਸਾਹਿਬਾਂ ਨੇ ਇਕ ਸੱਚੇ ਨਾਮ ਦੇ ਉਪਦੇਸ਼ ਕਰਨ ਦਾ ਹੁਕਮ ਦਿੱਤਾ ਸੀ ਹੁਣ ਇਕ ਬੜੀ ਭਾਰੀ ਮੰਡੀ ਲੱਗੀ ਹੋਈ ਹੈ ਤੇ ਹਰ ਇਕ ਵਸਤੂ ਲੋਕਾਂ ਦੀ ਮਰਜੀ ਮੂਜਬ ਮਿਲ ਜਾਂਦੀ ਹੈ, ਬਹੁਤ ਸਾਰੀਆਂ ਦੁਕਾਨਾਂ ਖੁੱਲ੍ਹ ਗਈਆਂ ਹਨ ਤੇ ਦੁਕਾਨਦਾਰ ਬੈਠਨ ਵਾਲੀ ਜਗ੍ਹਾ ਦਾ ਕਿਰਾਯਾ ਦੇਂਦੇ ਹਨ। ਏਥੇ ਛੋਲੇ, ਕਚਾਲੂ, ਭਲੇ, ਮਿੱਠੇ ਛੋਲੇ, ਫੁੱਲੀਆਂ, ਖਤਾਈਆਂ, ਫਿਰਨੀ ਅਥਵਾ ਫਲੂਦਾ, ਪੂਰੀ, ਕਚੌੜੀ, ਮੱਠੀ, ਲੱਡੂ ਪੇੜਾ ਵਗੈਰਾ ਖਾਣ ਦੀਆਂ ਬਹੁਤ ਵਸਤੂਆਂ ਮਿਲਦੀਆਂ ਹਨ। ਨਾ ਸਿਰਫ਼ ਖਾਣ ਪੀਣ ਦੀਆਂ ਹੀ ਚੀਜ਼ਾਂ ਵਿਕਦੀਆਂ ਹਨ ਬਲਕਿ ਹੋਰ ਬਹੁਤ ਤਜਾਰਤੀ ਮਾਲ ਕਤਾਬਾਂ, ਤਸਵੀਰਾਂ, ਕੰਘੇ, ਕੰਘੀਆਂ, ਦਵਾਈਆਂ, ਫੁੱਲਾਂ ਆਦਿ ਦੀਆਂ ਹੱਟੀਆਂ ਜਿਹੜੀਆਂ ਪਹਿਲਾਂ ਸਿਰਫ ਇੱਕ ਦੋ ਹੀ ਤਖਤ ਅਕਾਲ ਬੁੰਗੇ (ਸ੍ਰੀ ਅਕਾਲ ਤਖ਼ਤ ਸਾਹਿਬ) ਦੇ ਪਾਸ ਹੁੰਦੀਆਂ ਸਨ, ਹੁਣ ਦਰਬਾਰ ਸਾਹਿਬ ਦੀ ਆਮਦਨੀ ਨੂੰ ਵਧਾਉਣ ਕਰਕੇ ਵੱਡੀ ਪਰਿਕਰਮਾ ਦੇ ਵਿਚ ਸੱਜੇ ਹੱਥ ਛਬੀਲ ਤਕ ਫੈਲ ਗਈਆਂ ਹਨ। ਜਦੋਂ ਸ੍ਰੀ ਦਰਬਾਰ ਸਾਹਿਬ ਜੀ ਦੇ ਵਿਚ ਕੋਈ ਮੇਲਾ ਲੱਗਦਾ ਹੈ ਫੇਰ ਤਾਂ ਅਣਗਿਣਤ ਹੀ ਛਾਬੜੀਆਂ ਵਾਲੇ ਮੂਰਤਾਂ ਖਡੌਣੇ ਵਗੈਰਾ ਵੇਚਣ ਵਾਲੇ ਬਗੈਰ ਮਸੂਲ ਭਰਨ ਤੋਂ ਅੰਦਰ ਆ ਵੜਦੇ ਹਨ ਤੇ ਥਾਂ-ਥਾਂ 'ਤੇ ਸੌਦਾ ਵੇਚ ਕੇ ਜੂਠ ਫੈਲਾ ਦੇਂਦੇ ਹਨ ਅਰ ਜੋ ਰੋਜ ਦੇ ਸੌਦਾ ਵੇਚਣ ਵਾਲੇ ਠੇਕੇਦਾਰ ਹਨ ਓਨ੍ਹਾਂ ਦੀ ਤੇ ਕੁਛ ਪੁੱਛੋ ਹੀ ਨਾ ਕਿਉਂਕਿ ਓਹ ਕਿਰਾਯਾ ਭਰਦੇ ਹਨ...।"[੪]

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਸੁਸ਼ੋਭਿਤ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਿੱਖਾਂ ਵਿਚ ਵਿਸ਼ੇਸ਼ ਸਤਿਕਾਰ ਹੈ। ਸਮੁੱਚੀ ਸਿੱਖ ਕੌਮ ਦਾ ਇਹ ਧੁਰਾ ਹੈ ਅਤੇ ਇੱਥੋਂ ਮਾਰਗ-ਦਰਸ਼ਨ ਪ੍ਰਾਪਤ ਕਰ ਕੇ ਸਿੱਖਾਂ ਨੇ ਅਨੇਕਾਂ ਗੰਭੀਰ ਸੰਕਟਾਂ ਦਾ ਸਾਹਮਣਾ ਕੀਤਾ ਹੈ। ਹਰ ਇਕ ਕੌਮੀ ਸੰਕਟ ਦੇ ਸਨਮੁਖ ਅਗਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਾਪਤ ਕਰਨ ਦੀ ਮਰਯਾਦਾ ਅਤੇ ਪਰੰਪਰਾ ਹਾਲੇ ਤਕ ਕਾਇਮ ਹੈ। ਵੀਹਵੀਂ ਸਦੀ ਦੇ ਅਰੰਭ ਵਿਚ ਜਦੋਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਵਿਚ ਵਿਗਾੜ ਪੈਦਾ ਹੋ ਗਿਆ ਤਾਂ ਇਸ ਅਸਥਾਨ ਦੇ ਸੇਵਾਦਾਰਾਂ ਵਿਚ ਵੀ ਕਮਜ਼ੋਰੀਆਂ ਸਾਹਮਣੇ ਆਉਣ ਲੱਗੀਆਂ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਦਾ ਪ੍ਰਮੁੱਖ ਕਾਰਜ ਪੰਥਕ ਰਹਿਣੀ-

ਬਹਿਣੀ ਨੂੰ ਕਾਇਮ ਰੱਖਣਾ ਅਤੇ ਇਸ 'ਤੇ ਦ੍ਰਿੜਤਾ-ਪੂਰਵਕ ਪਹਿਰਾ ਦੇਣਾ ਮੰਨਿਆ ਜਾਂਦਾ ਹੈ। ਇੱਥੋਂ ਦੇ ਮੁੱਖ-ਸੇਵਾਦਾਰ ਦੀ ਜ਼ਿੰਮੇਵਾਰੀ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਆਪਣੇ ਹੱਥਾਂ ਨਾਲ ਉਸਾਰੇ ਇਸ ਅਸਥਾਨ ਦੀ ਭਾਵਨਾ ਦੇ ਅਨੁਕੂਲ ਕਾਰਜ ਕਰੇ। ਜਿਹੜਾ ਮੁੱਖ ਸੇਵਾਦਾਰ ਜਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਭਾਵਨਾ ਦੇ ਅਨੁਕੂਲ ਕਾਰਜ ਨਹੀਂ ਕਰਦਾ, ਉਹ ਕੌਮ ਦੀ ਆਲੋਚਨਾ ਦਾ ਕਾਰਨ ਬਣਦਾ ਹੈ। ਵੀਹਵੀਂ ਸਦੀ ਦੇ ਅਰੰਭ ਵਿਚ ਜਿੱਥੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਵਿਚ ਪੈਦਾ ਹੋਏ ਵਿਗਾੜ ਨੇ ਸਿੱਖਾਂ ਦਾ ਧਿਆਨ ਖਿੱਚਿਆ ਸੀ, ਉੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਮਹੰਤ ਗੋਪਾਲ ਸਿੰਘ ਵੱਲੋਂ ਅਨਮਤੀਆਂ ਦੀ ਧਾਰਮਿਕ ਪਰੰਪਰਾ ਨੂੰ ਧਾਰਨ ਕਰਨ 'ਤੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਘਟਨਾ ਦਾ ਵੇਰਵਾ ਦਿੰਦੇ ਹੋਏ ਦੱਸਿਆ ਗਿਆ, "ਸਰਦਾਰ ਗੋਪਾਲ ਸਿੰਘ ਮਹੰਤ ਅਕਾਲ ਬੁੰਗਾ ਸਾਹਿਬ ਨੇ ਆਪਣੇ ਫਰਜ਼ੰਦ ਦਾ ਨਾਮ ਵੇਦਕ ਸੰਸਕਾਰ ਰੀਤੀ ਨਾਲ ਬੁਲਿੰਦਰ ਸਿੰਘ ਰੱਖਿਆ ਹੈ, ਅਰ ਦੋਨੋਂ ਆਰਯਾ ਸਮਾਜਾਂ ਨੂੰ ਬੁਲਾ ਕੇ ਦਾਵਤ ਦਿੱਤੀ ਤੇ ਦਾਨ ਦਿੱਤਾ। ਉਂਜ ਤਾਂ ਸਰਦਾਰ ਸਾਹਿਬ ਨੂੰ ਵਧਾਈ ਦਿੰਦੇ ਹਾਂ, ਪਰ ਸਿੰਘਾਂ ਦੇ ਤਖ਼ਤ ਅਕਾਲ ਬੁੰਗਾ ਸਾਹਿਬ (ਸ੍ਰੀ ਅਕਾਲ ਤਖ਼ਤ ਸਾਹਿਬ) ਦੇ ਮਹੰਤ ਹੋਣ ਕਰਕੇ ਹੈਰਾਨ ਹਾਂ ਕਿ ਐਸਾ ਪੱਕਾ ਆਰਯਾ ਸਮਾਜੀ ਅਰ ਫਿਰ ਸਿੰਘਾਂ ਦੇ ਗੁਰਦੁਆਰੇ ਦਾ ਮਹੰਤ ਹੋਵੇ ਅਤੇ ਸਿੰਘਾਂ ਦੀ ਪੂਜਾ ਲੈ ਕੇ ਆਰਯਾ ਸਮਾਜੀਆਂ ਦੀ ਭੇਟਾ ਕਰੇ। ਇਸ ਪਰ ਜਿੰਨਾ ਅਫਸੋਸ ਖਾਲਸਾ ਕੌਮ ਪਰ ਕੀਤਾ ਜਾਵੇ ਥੋੜਾ ਹੈ ਕਿ ਇਧਰ ਤਾਂ ਓਹ ਅਪਨੇ ਆਪ ਨੂੰ ਹਿੰਦੂਆਂ ਤੋਂ ਭਿੰਨ ਸਾਬਤ ਕਰ ਰਹੇ ਹਨ, ਤੇ ਉਧਰ ਗੁਰਦੁਆਰਿਆਂ ਵਿਚ (ਗੁਰਦੁਆਰੇ ਵੀ ਉਹ ਜਿੱਥੇ ਸਿੰਘਾਂ ਨੂੰ ਅੰਮ੍ਰਿਤ ਛਕਾਯਾ ਜਾਵੇ) ਆਰਯਾ ਸਮਾਜੀ ਮਹੰਤ ਹੋਣ। ਕੀ ਸਿੰਘ ਕੌਮ ਇਸ ਗੱਲ ਨੂੰ ਗਵਾਰਾ ਕਰੇਗੀ?..."[੫] ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਮਹੰਤ ਦੁਆਰਾ ਕੀਤੀ ਗਈ ਇਸ ਗ਼ਲਤੀ ਦਾ ਸਮੁੱਚੇ ਪੰਥ ਵਿਚ ਭਾਰੀ ਰੋਸ ਪੈਦਾ ਹੋਇਆ। ਤਤਕਾਲੀ ਅਖ਼ਬਾਰਾਂ ਵਿਚ ਲੱਗਭਗ ਹਰ ਇਕ ਸਿੱਖ ਸੰਸਥਾ ਅਤੇ ਜਥੇਬੰਦੀ ਨੇ ਮਹੰਤ ਸਾਹਿਬ ਦੀ ਇਸ ਗ਼ਲਤੀ 'ਤੇ ਸ਼ੋਕ ਅਤੇ ਇਸ ਦੀ ਵਿਰੋਧਤਾ ਦਾ ਮਤਾ ਪਾਸ ਕੀਤਾ।

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਸਰਬਰਾਹ ਦੇ ਅਧੀਨ ਚੱਲ ਰਿਹਾ ਸੀ। ਅੰਗਰੇਜ਼ਾਂ ਦੁਆਰਾ ਅਰੰਭ ਕੀਤੀ ਇਹ ਪ੍ਰਣਾਲੀ ਇੰਨੀ ਨੁਕਸਦਾਰ ਸਾਬਿਤ ਹੋਈ ਕਿ ਗੁਰਸਿੱਖਾਂ ਨੂੰ ਸਿੱਖ ਸਿਧਾਂਤ ਧੁੰਦਲੇ ਹੁੰਦੇ ਜਾਪਣ ਲੱਗੇ। ਸੰਗਤ ਅਤੇ ਪੰਗਤ ਦੀ ਪ੍ਰਥਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਦੇ ਮੁਢਲੇ ਵਿਹਾਰਕ ਰੂਪ ਵਿਚ ਦੇਖਿਆ ਜਾਂਦਾ ਹੈ। ਸੰਗਤ ਦੀ ਮਹਾਨਤਾ ਦਾ ਪ੍ਰਗਟਾਵਾ ਕਰਦੇ ਹੋਏ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ - *ਇਕੁ ਸਿਖੁ ਦੁਇ ਸਾਧ ਸੰਗੁ*

*ਪੰਜੀਂ ਪਰਮੇਸਰੁ।*[੬] ਇਸ ਪੰਕਤੀ ਵਿਚ ਸੰਗਤ ਦੇ ਸਿਧਾਂਤ ਦੀ ਸਪੱਸ਼ਟਤਾ ਅਤੇ ਮਹਾਨਤਾ ਦਾ ਪ੍ਰਗਟਾਵਾ ਕਰਦੇ ਹੋਏ ਭਾਈ ਸਾਹਿਬ ਕਹਿੰਦੇ ਹਨ ਕਿ ਜਿੱਥੇ ਪੰਜ ਗੁਰਸਿੱਖ ਇਕੱਤਰ ਹੁੰਦੇ ਹਨ, ਉੱਥੇ ਪਰਮਾਤਮਾ ਆਪ ਮੌਜੂਦ ਹੁੰਦਾ ਹੈ। ਸੰਗਤ ਦੀ ਮਹਾਨਤਾ ਨੂੰ ਦੇਖਦੇ ਹੋਏ ਗੁਰਧਾਮਾਂ ਦਾ ਪ੍ਰਬੰਧ ਗੁਰਸਿੱਖਾਂ ਦੁਆਰਾ ਚਲਾਏ ਜਾਣ ਦੀ ਜਿਹੜੀ ਪਰੰਪਰਾ ਅਰੰਭ ਹੋਈ ਸੀ, ਸਰਬਰਾਹੀ ਪ੍ਰਬੰਧ ਅਧੀਨ ਉਸ ਵਿਚ ਅਜਿਹੇ ਨੁਕਸ ਪ੍ਰਵੇਸ਼ ਕਰ ਗਏ ਜਿਹੜੇ ਗੁਰਧਾਮਾਂ ਦੀ ਮੂਲ ਭਾਵਨਾ ਨੂੰ ਠੇਸ ਪਹੁੰਚਾਉਣ ਵਾਲੇ ਸਨ। ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਰਬਰਾਹੀ ਪ੍ਰਬੰਧ 'ਤੇ ਟਿੱਪਣੀ ਕਰਦੇ ਹੋਏ ਕਿਹਾ ਗਿਆ ਕਿ, "ਸ੍ਰੀ ਹਰਿਮੰਦਰ ਜੀ ਦੀ ਸੇਵਾ ਜਿਸ ਦਾ ਗ਼ਲਤੀ ਨਾਲ 'ਸਰਬਰਾਹੀ' ਨਾਮ ਪੈ ਗਿਆ ਹੈ। ਇਕ ਅਚਰਜ ਉਹਦਾ ਇਹ ਹੈ, ਜਿੱਥੇ ਪਹਿਲੇ ਤਾਂ ਸਭ ਕੋਈ ਦਮਗਜੇ ਮਾਰਦਾ ਆਉਂਦਾ ਹੈ, ਪਰ ਪਿੱਛੋਂ ਐਉਂ ਹੁੰਦਾ ਹੈ ਜਿਕੁਰ ਲੂਣ ਦੇ ਖਾਵੇ (ਟੋਆ/ਖਾਣ) ਵਿਚ ਜੋ ਕੁਝ ਸਿਟੀਦਾ ਹੈ, ਲੂਣ ਹੋ ਜਾਂਦਾ ਹੈ। ਕੌਮ ਦਾ ਤਾਂ ਸ੍ਰੀ ਹਰਿਮੰਦਰ ਸਾਹਿਬ ਨਾਲ ਕੇਵਲ ਐਨਾ ਸੰਬੰਧ ਦਿਸਦਾ ਹੈ ਕਿ ਆਉਣ ਤੇ ਪੈਸਾ ਚੜ੍ਹਾ ਜਾਣ। ਪੁਜਾਰੀ, ਗ੍ਰੰਥੀ, ਰਾਗੀ, ਰਬਾਬੀ, ਦਰੋਗੇ, ਸਰਬਰਾਹ ਜੋ ਚਾਹੁਣ ਕਰਨ, ਮਜਾਲ ਨਹੀਂ ਕੋਈ ਇਨ੍ਹਾਂ ਨੂੰ ਕੁਝ ਕਹ ਸਕੇ। ਏਹ ਸਭ ਥੋੜੀ ਬਹੁਤ ਡਿਪਟੀ ਕਮਿਸ਼ਨਰ ਦੀ ਪਰਵਾਹ ਭਾਵੇਂ ਕਰਨ ਹੋਰ ਤਾਂ ਕਿਸੇ ਦੀ ਪਰਵਾਹ ਨਹੀਂ ਕਰਦੇ। ਸਰਕਾਰ ਆਪਣੇ ਵੱਲੋਂ ਸਿੱਖ ਸਰਬਰਾਹ ਮੁਕਰਰ ਕਰਦੀ ਹੈ ਕਿ ਸਿੱਖਾਂ ਨੂੰ ਸ਼ਕਾਯਤ ਨ ਰਹੇ, ਤੇ ਸਰਬਰਾਹ ਅਪਨੇ ਆਪ ਨੂੰ ਕੇਵਲ ਸਰਕਾਰੀ ਮੁਲਾਜ਼ਮ ਸਮਝ ਕੇ ਪੰਥ ਨੂੰ ਤੁੱਛ ਜਾਣਦਾ ਹੈ।"[੭]

**ਹਵਾਲੇ:**


੧. *Ian J. Kerr, The British and the Administration of the Golden Temple in 1859, in The Panjab Past and Present, edited by Ganda Singh, October 1976, p. 313.*

੨. *ibid, p. 316.*

੩. *ਖਾਲਸਾ ਸਮਾਚਾਰ*, ੧੮.੦੬.੧੯੦੨, ਪੰਨਾ ੪.

੪. ਉਹੀ, ੦੨.੦੯.੧੯੦੩, ਪੰਨਾ ੧੦.

੫. ਉਹੀ, ੨੫.੦੨.੧੯੦੩, ਪੰਨਾ ੨.

੬. *ਵਾਰਾਂ ਭਾਈ ਗੁਰਦਾਸ ਜੀ*, ਵਾਰ ੧੩, ਪਉੜੀ ੧੯.

੭. *ਖਾਲਸਾ ਸਮਾਚਾਰ*, ੧੬.੦੭.੧੯੦੨, ਪੰਨਾ ੫.


**ਚਲਦਾ. . .**

# ਯੂ. ਪੀ. ਸਿੱਖ ਮਿਸ਼ਨ, ਹਾਪੁੜ ਦੀ ਸਥਾਪਨਾ

*-ਸ. ਬ੍ਰਿਜਪਾਲ ਸਿੰਘ**

**ਸਿੱਖ ਮਿਸ਼ਨ ਦੀ ਸਥਾਪਨਾ :** ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਅਧੀਨ ਯੂ. ਪੀ. ਸਿੱਖ ਮਿਸ਼ਨ ਹਾਪੁੜ ਦੀ ਸਥਾਪਨਾ ੧੯੪੦ ਈ. ਵਿਚ ਹੋਈ। ਪਹਿਲਾਂ ੨੫੦ ਗਜ ਜਗ੍ਹਾ ਖਰੀਦੀ ਗਈ। ਇਸ ਤੋਂ ਬਾਅਦ ਧਰਮ ਪ੍ਰਚਾਰ ਕਮੇਟੀ ਵੱਲੋਂ ੩੦੦੦ ਗਜ ਜਗ੍ਹਾ ਨਾਲ ਲੱਗਦੀ ਖਰੀਦ ਕੀਤੀ ਗਈ। ਸੰਗਤ ਦੇ ਸਹਿਯੋਗ ਨਾਲ ੧੯੫੫ ਈ. ਵਿਚ ਗੁਰਦੁਆਰਾ ਗੁਰੂ ਨਾਨਕ ਦਰਬਾਰ, ਹਾਪੁੜ ਦੀ ਸੇਵਾ ਮੁਕੰਮਲ ਹੋਈ। ਸ. ਈਸ਼ਰ ਸਿੰਘ ਜੀ ਮਝੈਲ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇੱਥੇ ਪੁੱਜੇ।

**ਸਿੱਖ ਮਿਸ਼ਨ ਦੇ ਸਹਿਯੋਗੀ**

੧. ਸ. ਰਘੁਵੀਰ ਸਿੰਘ ਜੀ ਸੰਧਾਵਾਲੀਏ ਰਈਸ ਰਾਜਾਸਾਂਸੀ ਮਾਲਕ ਸੰਭਾਉਲੀ ਸ਼ੂਗਰ ਮਿਲਜ਼, ਉਸ ਸਮੇਂ ਜ਼ਿਲ੍ਹਾ ਮੇਰਠ ਹਾਲ ਜ਼ਿਲ੍ਹਾ ਹਾਪੁੜ।
੨. ਕੰਵਰ ਸੁਰਜੀਤ ਸਿੰਘ ਸਪੁੱਤਰ ਰਾਓ ਦਿਗਬਿਜੈ ਸਿੰਘ ਜੀ ਰਈਸ, ਕੁਚੇਸਰ
੩. ਸ. ਨੰਦ ਸਿੰਘ ਜੀ ਇੰਜੀਨੀਅਰ, ਭਾਰਤ ਨਗਰ, ਨਵੀਂ ਦਿੱਲੀ
੪. ਸ. ਸੰਪੂਰਨ ਸਿੰਘ ਜੀ ਰਾਜੂ, ਠੇਕੇਦਾਰ, ਨਵੀਂ ਦਿੱਲੀ
੫. ਸ. ਅਰਜਨ ਸਿੰਘ ਜੀ, ਕੋਰਟ ਇੰਸਪੈਕਟਰ, ਮੇਰਠ
੬. ਸ. ਅਜਬ ਸਿੰਘ ਜੀ, ਹੈੱਡ ਮਾਸਟਰ, ਪਿੰਡ ਸਾਦੁਲਾਪੁਰ ਸਿੱਖਾਂ ਦਾ, ਜ਼ਿਲ੍ਹਾ ਮੇਰਠ
੭. ਗਿ. ਹਰਦਿੱਤ ਸਿੰਘ, ਪ੍ਰਿੰਸੀਪਲ, ਗੁਰੂ ਨਾਨਕ ਵਿੱਦਿਆ ਭੰਡਾਰ, ਗੁ. ਰਕਾਬ ਗੰਜ ਨਵੀਂ ਦਿੱਲੀ।
੮. ਸ. ਜੱਸਾ ਸਿੰਘ ਜੀ, ਮਾਲਕ ਟ੍ਰਾਂਸਪੋਰਟ ਕੰਪਨੀ, ਹਾਪੁੜ
੯. ਸ. ਸੁਮੇਰ ਸਿੰਘ ਜੀ ਯਾਦਵ, ਪਿੰਡ ਰਝੈੜਾ, ਜ਼ਿਲ੍ਹਾ ਹਾਪੁੜ

**ਸਿੱਖ ਮਿਸ਼ਨ ਦੇ ਪ੍ਰਚਾਰ ਕੇਂਦਰ**

੧. ਪਿੰਡ ਬਢਲਾ ਸਿੰਘਾਂ ਦਾ
੨. ਪਿੰਡ ਸਾਦੁੱਲਾਪੁਰ ਸਿੰਘਾਂ ਦਾ
੩. ਸੰਭਾਉਲੀ
੪. ਮਲਕਪੁਰ
੫. ਰਹਾਉਤੀ, ਗੜਮੁਕਤੇਸ਼ਵਰ
੬. ਸਿੱਖ ਇੰਟਰ ਕਾਲਜ ਨਾਰੰਗਪੁਰ ਜੋਇਆ, ਜ਼ਿਲ੍ਹਾ ਮੁਰਾਦਾਬਾਦ, ਹਾਲ ਜ਼ਿਲ੍ਹਾ

**Incharge, U.P. Sikh Mission, Hapur-247101; (U.P.) +919837652224*

ਅਮਰੋਹਾ
੭. ਗੁਰੂ ਨਾਨਕ ਇੰਟਰ ਕਾਲਜ, ਕੰਦਰਖੇੜਾ, ਮੇਰਠ
੮. ਪਿੰਡ ਖੰਡਮਾਲ ਕਲਾਂ, ਜ਼ਿਲ੍ਹਾ ਮੁਰਾਦਾਬਾਦ, ਹਾਲ ਜ਼ਿਲ੍ਹਾ ਅਮਰੋਹਾ, (ਸ. ਰਾਜੇਂਦਰ ਸਿੰਘ ਜੀ, ਜੋ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਰਹੇ, ਇੱਥੋਂ ਦੇ ਵਸਨੀਕ ਸਨ)
੯. ਪਿੰਡ ਪਨਿਆਲੀ, ਜ਼ਿਲ੍ਹਾ ਸਹਾਰਨਪੁਰ
੧੦. ਪਿੰਡ ਡਾਲੂਵਾਲਾ, ਜ਼ਿਲ੍ਹਾ ਹਰਿਦੁਆਰ
੧੧. ਪਿੰਡ ਰਝੈੜਾ, ਜ਼ਿਲ੍ਹਾ ਹਾਪੁੜ

**ਯੂ. ਪੀ. ਸਿੱਖ ਮਿਸ਼ਨ ਦੀ ਸਥਾਪਨਾ ਸਮੇਂ ਪ੍ਰਚਾਰਕਾਂ ਦੇ ਨਾਮ:**

੧. ਗਿਆਨੀ ਬਾਦਲ ਸਿੰਘ ਜੀ, ਇੰਚਾਰਜ
੨. ਗਿਆਨੀ ਸਾਧੂ ਸਿੰਘ ਭੌਰਾ
੩. ਗਿਆਨੀ ਸਰਮ ਸਿੰਘ ਜੀ
੪. ਗਿਆਨੀ ਤੇਜਾ ਸਿੰਘ ਜੀ, ਕਲਰਕ
੫. ਮਾਸਟਰ ਰਣਧੀਰ ਸਿੰਘ, ਪ੍ਰਚਾਰਕ
੬. ਭਾਈ ਪਿਆਰਾ ਸਿੰਘ, ਪ੍ਰਚਾਰਕ
੭. ਭਾਈ ਪ੍ਰਤਾਪ ਸਿੰਘ, ਰਾਗੀ
੮. ਭਾਈ ਕਰਮ ਸਿੰਘ, ਰਾਗੀ
੯. ਭਾਈ ਬਲਬੀਰ ਸਿੰਘ, ਰਾਗੀ
੧੦. ਭਾਈ ਤਾਰਾ ਸਿੰਘ ਜੀ, ਰਾਗੀ
੧੧. ਭਾਈ ਇੰਦਰ ਸਿੰਘ, ਪ੍ਰਚਾਰਕ
੧੨. ਭਾਈ ਸਿਵ ਚਰਨ ਸਿੰਘ, ਸਬ ਪ੍ਰਚਾਰਕ
੧੩. ਭਾਈ ਤੇਗ ਸਿੰਘ, ਕਲਰਕ
੧੪. ਭਾਈ ਨਿਰੰਜਨ ਸਿੰਘ, ਪ੍ਰਚਾਰਕ
੧੫. ਭਾਈ ਮੱਖਣ ਸਿੰਘ, ਪ੍ਰਚਾਰਕ
੧੬. ਭਾਈ ਫਤਿਹ ਸਿੰਘ, ਪ੍ਰਚਾਰਕ
੧੭. ਭਾਈ ਗੁਰਮੁਖ ਸਿੰਘ, ਪ੍ਰਚਾਰਕ

ਭਾਈ ਮੱਖਣ ਸਿੰਘ ਹਾਰਮੋਨੀਅਮ, ਭਾਈ ਫਤਿਹ ਸਿੰਘ ਢੋਲਕ ਅਤੇ ਭਾਈ ਨਿਰੰਜਨ ਸਿੰਘ ਚਿਮਟਾ ਵਜਾਉਂਦੇ ਸਨ। ਇਹ ਤਿੰਨ ਸਿੰਘ ਪ੍ਰੋਗਰਾਮ ਉਲੀਕ ਕੇ ਪਿੰਡਾਂ ਦਾ ਦੌਰਾ ਕਰਦੇ ਸਨ। ਇਹ ਇਕ ਸਾਜ਼, ਇਕ ਬਿਸਤਰਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਵੀ ਨਾਲ ਲੈ ਕੇ ਚੱਲਦੇ ਸਨ।

**ਪਹਿਲੀ ਸਿੱਖ ਕਾਨਫਰੰਸ :** ਪਹਿਲੀ ਸਿੱਖ ਕਾਨਫਰੰਸ ੧੯੪੦-੪੧ ਈ. ਵਿਚ

ਯੂ. ਪੀ. ਦੇ ਜ਼ਿਲ੍ਹਾ ਬੁਲੰਦ ਸ਼ਹਿਰ ਅਲੀਗੜ੍ਹ ਵਿਚ ਹੋਈ। ਜਿਸ ਵਿਚ ਤਕਰੀਬਨ ੩੫੦੦੦ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਅੰਮ੍ਰਿਤ ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ ਤੋਂ ਕਕਾਰ ਭੇਟਾ ਰਹਿਤ ਦਿੱਤੇ ਗਏ। ਇੱਕ ਲੱਖ ਦਾ ਇਕੱਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ ਯੂ. ਪੀ. ਸਿੱਖ ਮਿਸ਼ਨ ਹਾਪੁੜ ਅਲੀਗੜ੍ਹ ਦੇ ਪ੍ਰਬੰਧ ਵਿਚ ਹੋਇਆ। ਧਾਰਮਿਕ ਲੀਡਰਾਂ ਨੂੰ ਹਾਥੀ ਪੁਰ ਬਿਠਾ ਕੇ ਬੜੇ ਮਾਣ-ਸਨਮਾਨ ਨਾਲ ਲਿਆਂਦਾ ਗਿਆ। ਉਦੋਂ ਭਾਈ ਜੀ ਅਮਰ ਸਿੰਘ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗਿਆਨੀ ਬਾਦਲ ਸਿੰਘ ਇੰਚਾਰਜ ਸਨ।

**ਦੂਜੀ ਸਿੱਖ ਕਾਨਫਰੰਸ :** ਦੂਜੀ ਸਿੱਖ ਕਾਨਫਰੰਸ ੨੭ ਅਕਤੂਬਰ, ੧੯੪੦ ਈ. ਨੂੰ ਸੰਭਾਉਲੀ ਸ਼ੂਗਰ ਮਿਲਜ਼ ਰਾਜਾ ਸਾਹਿਬ ਦੇ ਕਾਰਖਾਨੇ ਵਿਚ ਹੋਈ। ਇਨ੍ਹਾਂ ਦੋਵਾਂ ਕਾਨਫਰੰਸਾਂ ਵਿਚ ਵੱਡੀ ਗਿਣਤੀ ਵਿਚ ਪੰਜਾਬ, ਦਿੱਲੀ ਅਤੇ ਯੂ.ਪੀ. ਤੋਂ ਵੱਡੇ-ਵੱਡੇ ਆਗੂ ਨਾਨਕ-ਪੰਥੀ ਸਾਧੂ-ਸੰਤ, ਸਹਿਜਧਾਰੀ, ਰਾਜੇ-ਰਈਸ, ਜ਼ਿਮੀਂਦਾਰ ਆਦਿ ਸ਼ਾਮਲ ਹੋਏ ਅਤੇ ੧੯੪੧ ਈ. ਦੀ ਮਰਦਮਸ਼ੁਮਾਰੀ ਦੀ ਰੂਪ-ਰੇਖਾ ਤਿਆਰ ਕੀਤੀ ਗਈ। ਇਨ੍ਹਾਂ ਕਾਨਫ਼ਰੰਸਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪ੍ਰਾਣੀ ਅੰਮ੍ਰਿਤ ਛਕ ਕੇ ਤਕਰੀਬਨ ੩੫੦੦੦ ਸਿੰਘ ਸਜੇ।

**ਤੀਜੀ ਸਿੱਖ ਕਾਨਫਰੰਸ :** ੧੯੪੦ ਵਿਚ ਹੀ ਯੂ. ਪੀ. ਸਿੱਖ ਬੋਰਡ ਵੱਲੋਂ ਸ. ਈਸ਼ਰ ਸਿੰਘ ਮਝੈਲ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਹੇਠ ਨੂਰਪੁਰ, ਜ਼ਿਲ੍ਹਾ ਬਿਜਨੌਰ ਵਿਖੇ ਇਕ ਭਾਰੀ ਕਾਨਫਰੰਸ ਹੋਈ। ਕਾਫੀ ਨਵੇਂ ਸਜੇ ਸਿੰਘਾਂ ਨੇ ਅੰਮ੍ਰਿਤ-ਪਾਨ ਕੀਤਾ।

**ਪਿੰਡ ਬਦਲਾ ਸਿੰਘਾਂ ਦਾ :** ਇਹ ਉਹ ਮੁਬਾਰਕ ਪਿੰਡ ਹੈ ਜਿੱਥੇ ਹਾਪੁੜ ਮਿਸ਼ਨ ਦੀ ਬੁਨਿਆਦ ਬੱਝੀ ਸੀ। ੧੯੨੯ ਈ. ਵਿਚ ਪਹਿਲਾਂ ਤਿੰਨ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਆਏ। ਉਨ੍ਹਾਂ ਵਿੱਚੋਂ ਇਕ ਦਾ ਪੱਕਾ ਹੈਡਕੁਆਟਰ ਇਸ ਪਿੰਡ ਵਿਚ ਹੀ ਰੱਖਿਆ ਗਿਆ। ਇਹ ਪਿੰਡ ੧੯੨੯ ਤੋਂ ੧੯੩੬ ਈ. ਤਕ ਪ੍ਰਚਾਰ ਦਾ ਵੱਡਾ ਸੈਂਟਰ ਰਿਹਾ। ਮਿਸਲਾਂ ਦੇ ਵਕਤ ਜਿਹੜੇ ਜਥੇ ਯੂ. ਪੀ. ਵਿਚ ਹਮਲੇ ਕਰਿਆ ਕਰਦੇ ਸਨ, ਮਲੂਮ ਹੁੰਦਾ ਹੈ ਕਿ ਉਹ ਸੁਧਾਰ ਦੇ ਨਾਲ-ਨਾਲ ਧਰਮ ਪ੍ਰਚਾਰ ਵੀ ਕਰਦੇ ਸਨ। ਜ਼ਿਲ੍ਹਾ ਮੇਰਠ ਦੇ ਨਿਹਾਇਤ ਉਪਜਾਊ ਤੇ ਰਮਣੀਕ ਇਲਾਕੇ ਪ੍ਰੀਛਤਗੜ੍ਹ ਮੁਆਨਾ ਤੇ ਬਹਿਸੂਮਾ ਆਦਿਕ ਪੁਰ ਸ. ਨੈਨ ਸਿੰਘ ਗੁਰਜਰ ਦਾ ਕਬਜ਼ਾ ਸੀ। ਕੁਝ ਬ੍ਰਾਹਮਣਾਂ ਦੀਆਂ ਛੋਟੀਆਂ-ਛੋਟੀਆਂ ਰਿਆਸਤਾਂ ਸਨ। ਇਨ੍ਹਾਂ ਨੇ ਰਾਜਾ ਨੈਨ ਸਿੰਘ ਨੂੰ ਤੰਗ ਕਰਨਾ ਚਾਹਿਆ, ਰਾਜਾ ਨੈਨ ਸਿੰਘ ਨੂੰ ਕੋਈ ਇਮਦਾਦ ਨਹੀਂ ਮਿਲੀ ਤਾਂ ਉਸ ਨੇ ਸਿੰਘਾਂ ਨਾਲ ਸੰਪਰਕ ਕੀਤਾ। ਸਿੰਘਾਂ ਨੇ ਇਕ ਸ਼ਰਤ ਪੇਸ਼ ਕੀਤੀ ਕਿ ਆਪ ਅੰਮ੍ਰਿਤ ਛਕ ਲਵੋ ਤਾਂ ਹਰ ਤਰ੍ਹਾਂ ਆਪ ਦੀ ਇਮਦਾਦ ਕੀਤੀ ਜਾਵੇਗੀ। ਰਾਜਾ ਨੈਨ ਸਿੰਘ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਤੇ ਖਾਲਸਾ ਫੌਜ ਉਨ੍ਹਾਂ ਦੀ ਇਮਦਾਦ ਲਈ

ਆਈ। ਰਾਜਾ ਨੈਨ ਸਿੰਘ ਦੇ ਦੁਸ਼ਮਣਾਂ ਦੀ ਸੋਧ ਕਰ ਕੇ ਖਾਲਸਾ ਫੌਜ ਵਾਪਸ ਜਾਣ ਲੱਗੀ ਤਾਂ ਰਾਜਾ ਨੈਨ ਸਿੰਘ ਨੇ ਦੋ ਸੂਰਬੀਰ ਸਿੰਘਾਂ ਨੂੰ, ਜੋ ਬੁਖਾਰਪੁਰ ਰਿਆਸਤ ਪਟਿਆਲਾ ਦੇ ਰਹਿਣ ਵਾਲੇ ਸਨ, ਇੱਥੇ ਹੀ ਆਪਣੇ ਪਾਸ ਰੱਖ ਲਿਆ ਤੇ ਪ੍ਰੀਛਤਗੜ ਲਾਗੇ ਪੂਰਾ ਪਿੰਡ ਉਨ੍ਹਾਂ ਦੇ ਸਪੁਰਦ ਕਰ ਦਿੱਤਾ, ਜਿਸ ਦਾ ਨਾਮ ਬਢਲਾ ਸਿੰਘਾਂ ਦਾ ਹੈ। ਜ਼ਿਲ੍ਹਾ ਮੇਰਠ ਦਾ ਇਹ ਪਿੰਡ ਸਿੱਖੀ ਦਾ ਹੁਣ ਵੀ ਕੇਂਦਰ ਹੈ। ਪ੍ਰਿੰ. ਗਿਆਨੀ ਦਿਆਲ ਸਿੰਘ ਜੋ ਗੁਰਦੁਆਰਾ ਰਕਾਬ ਗੰਜ ਦੇ ਵਿਦਿਆਲੇ ਵਿਚ ਪ੍ਰਿੰਸੀਪਲ ਰਹੇ ਸਨ, ਉਹ ਇਸੇ ਪਿੰਡ ਦੇ ਸਨ। ਗਿਆਨ ਜੀ ਨੇ ਯੂ. ਪੀ. ਵਿਚ ਗ਼ਰੀਬ ਘਰਾਂ ਦੇ ਕਈ ਬੱਚਿਆਂ ਨੂੰ ਪਿੰਡ ਸਰਕੜਾ ਕਮਾਲ, ਜ਼ਿਲ੍ਹਾ ਅਮਰੋਹਾ ਯੂ. ਪੀ. ਵਿਚ ੨ ਸਾਲ ਗੁਰਬਾਣੀ ਸੰਗੀਤ ਦੀ ਸਿਖਲਾਈ ਦੇ ਕੇ ਉਨ੍ਹਾਂ ਨੂੰ ਰੋਜ਼ੀ-ਰੋਟੀ ਦੇ ਯੋਗ ਬਣਾਇਆ। ਇਹ ਬੱਚੇ ਅੱਜ ਦੇਸ਼-ਵਿਦੇਸ਼ ਵਿਚ ਸਿੱਖੀ ਦਾ ਪ੍ਰਚਾਰ ਕਰ ਰਹੇ ਹਨ। ਫਿਰ ਤਿੰਨ ਸਾਲ ਦਾ ਕੋਰਸ (ਗੁਰੂ ਨਾਨਕ ਵਿੱਦਿਆ ਟਰੱਸਟ ਭੰਡਾਰ, ਰਕਾਬ ਗੰਜ ਤੋਂ ਕਰਵਾ ਕੇ) ਗੁਰਬਾਣੀ ਸੰਗੀਤ ਵਿੱਦਿਆ ੧੯੨੪ ਤੋਂ ਸ਼ੁਰੂ ਹੋਈ।

**ਪਿੰਡ ਸਾਦੁੱਲਾਪੁਰ ਸਿੰਘਾਂ ਦਾ :** ਉਸ ਸਮੇਂ ਇਸ ਪਿੰਡ ਵਿਚ ਸਿੱਖਾਂ ਦੀ ਗਿਣਤੀ ੩੦੦ ਦੇ ਕਰੀਬ ਸੀ। ਮਿਸ਼ਨ ਵੱਲੋਂ ਗਿਆਨੀ ਤਾਰਾ ਸਿੰਘ ਪ੍ਰਚਾਰਕ ਨੂੰ ਗ੍ਰੰਥੀ ਨਿਯੁਕਤ ਕੀਤਾ। ੧੪ ਜੁਲਾਈ, ੧੯੫੪ ਈ. ਨੂੰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਪਿੰਡ ਦਾ ਵਿਸ਼ੇਸ਼ ਦੌਰਾ ਕੀਤਾ। ਸਮੁੱਚੇ ਉੱਤਰ ਪ੍ਰਦੇਸ਼ ਵਿਚ ਇਹ ਪਿੰਡ ਗੁੱਜਰ ਸਿੱਖਾਂ ਦਾ ਇੱਕੋ ਚੜ੍ਹਦੀ ਕਲਾ ਵਾਲਾ ਪਿੰਡ ਸੀ। ਇਹ ਪਿੰਡ ਦਾਸ (ਲੇਖਕ) ਬ੍ਰਿਜਪਾਲ ਸਿੰਘ ਦਾ ਆਪਣਾ ਪਿੰਡ ਹੈ।

**(ਸਬ-ਮਿਸ਼ਨ) ਸਿੱਖ ਮਿਸ਼ਨ ਅਲੀਗੜ੍ਹ:** ਭਾਈ ਅਮਰ ਸਿੰਘ ਜੀ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਅਲੀਗੜ੍ਹ ਇਲਾਕੇ ਵਿਚ ਯੂ. ਪੀ. ਸਿੱਖ ਮਿਸ਼ਨ ਹਾਪੁੜ ਦੇ ਸਹਿਯੋਗ ਨਾਲ ਬਹੁਤ ਵੱਡਾ ਸਿੱਖੀ ਦਾ ਪ੍ਰਚਾਰ ਕੀਤਾ ਗਿਆ। ਗਿਆਨੀ ਸਾਧੂ ਸਿੰਘ ਭੌਰਾ ਅਤੇ ਗਿਆਨੀ ਧਰਮ ਸਿੰਘ ਜੀ ਨੇ ਵੀ ਬਹੁਤ ਮਿਹਨਤ ਕੀਤੀ।

**ਯੂ. ਪੀ. ਸਿੱਖ ਮਿਸ਼ਨ ਦੇ ਅਰੰਭ ਹੋਣ ਤੋਂ ਹੁਣ ਤੀਕ ਇੰਚਾਰਜ ਸਾਹਿਬਾਨ ਦੀ ਸੂਚੀ:**

੧. ਗਿਆਨੀ ਬਾਦਲ ਸਿੰਘ ਜੀ
੨. ਗਿਆਨੀ ਗੁਰਬਚਨ ਸਿੰਘ ਜੀ ਵੈਦ
੩. ਗਿਆਨੀ ਗੁਰਦਾਸ ਸਿੰਘ ਜੀ
੪. ਗਿਆਨੀ ਫੌਜਾ ਸਿੰਘ ਜੀ
੫. ਗਿਆਨੀ ਦਲੀਪ ਸਿੰਘ ਜੀ ਫੱਕਰ
੬. ਗਿਆਨੀ ਜਗਦੀਸ਼ ਸਿੰਘ ਜੀ
੭. ਗਿਆਨੀ ਮੇਘ ਸਿੰਘ ਜੀ

੮. ਗਿਆਨੀ ਮਲਕੀਤ ਸਿੰਘ ਜੀ ਡੋਲਾ
੯. ਗਿਆਨੀ ਦਲੀਪ ਸਿੰਘ ਜੀ ਫੱਕਰ
੧੦. ਗਿਆਨੀ ਹਰਭਜਨ ਸਿੰਘ ਜੀ ਲਹਿਰੀ
੧੧. ਗਿਆਨੀ ਕਰਨੈਲ ਸਿੰਘ ਜੀ (ਦਫ਼ਤਰੀ ਇੰਚਾਰਜ)
੧੨. ਗਿਆਨੀ ਜਗਤਾਰ ਸਿੰਘ ਜੀ ਮਿਸ਼ਨਰੀ
੧੩. ਗਿਆਨੀ ਹਰਿਭਜਨ ਸਿੰਘ ਲਹਿਰੀ
੧੪. ਗਿਆਨੀ ਜਗਤਾਰ ਸਿੰਘ ਜੀ ਜੰਗੀਆਣਾ
੧੫. ਗਿਆਨੀ ਕੇਸਵ ਸਿੰਘ ਜੀ
੧੬. ਸ. ਸੁਖਦੇਵ ਸਿੰਘ ਜੀ ਤੁੜ
੧੭. ਬ੍ਰਿਜਪਾਲ ਸਿੰਘ (ਯੂ. ਪੀ.) ਮੌਜੂਦਾ

**ਯੂ. ਪੀ. ਸਿੱਖ ਮਿਸ਼ਨ ਦਾ ਪ੍ਰਚਾਰ ਖੇਤਰ (ਯੂ. ਪੀ. ਮੱਧ ਪ੍ਰਦੇਸ਼)**

**ਗੁਰਦੁਆਰਾ ਬਾਗ ਕੁਚੇਸਰ :** ਰਾਓ ਦਿਗਬਿਜੈ ਸਿੰਘ ਨੇ ਗੁਰਦੁਆਰਾ ਬਾਗ ਕੁਚੇਸਰ ਦਾ ਪ੍ਰਬੰਧ ਯੂ. ਪੀ. ਸਿੱਖ ਮਿਸ਼ਨ ਹਾਪੁੜ ਨੂੰ ਦਿੱਤਾ। ੧੯੫੩ ਈ. ਵਿਚ ਪ੍ਰਬੰਧ ਵਿੱਚੋਂ ਚੱਲ ਰਹੇ ਗੁਰਦੁਆਰਾ ਸਾਹਿਬ ਦਾ ਬਾਅਦ ਵਿਚ ਪ੍ਰਬੰਧ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਪਾਸ ਆਇਆ।

**ਪ੍ਰਬੰਧ ਅਧੀਨ ਚੱਲ ਰਹੇ ਗੁਰਦੁਆਰਾ ਸਾਹਿਬਾਨ**

੧. ਗੁਰਦੁਆਰਾ ਗੁਰੂ ਨਾਨਕ ਦਰਬਾਰ, ਹਾਪੁੜ
੨. ਸਬ ਆਫ਼ਿਸ ਸਿੱਖ ਮਿਸ਼ਨ ਅਲੀਗੜ੍ਹ
੩. ਗੁਰਦੁਆਰਾ ਨੱਕਾ ਕੁਆਂ, ਗੜ੍ਹਮੁਕਤੇਸ਼ਵਰ
੪. ਗੁਰਦੁਆਰਾ ਯੱਕ ਬਗੜੀ, ਗਜਰੋਲਾ
੫. ਗੁਰਦੁਆਰਾ ਸੰਤ ਸਭਾ ਨਗੀਨਾ, ਬਿਜਨੌਰ
੬. ਗੁਰਦੁਆਰਾ ਗੁਰੂ ਨਾਨਕ ਟਿੱਲਾ ਬ੍ਰਿੰਦਾਬਨ, ਮਥੁਰਾ (ਚਰਨ ਛੋਹ ਪ੍ਰਾਪਤ ਸਥਾਨ ਪਹਿਲੀ ਪਾਤਸ਼ਾਹੀ)
੭. ਗੁਰਦੁਆਰਾ ਭਗਤ ਕਬੀਰ ਜੀ, ਮਗਹਰ (ਗੋਰਖਪੁਰ)
੮. **ਸਬ-ਆਫਿਸ ਲਖਨਊ (ਆਸਿਆਨਾ ਕੋਠੀ) :** ਅਲੀਗੜ੍ਹ ਦੇ ਨੇੜੇ-ਤੇੜੇ ਕਾਫੀ ਗਿਣਤੀ ਵਿਚ ਲੋਕ ਸਿੰਘ ਸਜੇ, ਜਿਨ੍ਹਾਂ ਵਿਚ ਸਿੱਖ ਮਿਸ਼ਨ ਦਾ ਅਹਿਮ ਰੋਲ ਹੈ।

ਯੂ. ਪੀ. ਸਿੱਖ ਮਿਸ਼ਨ ਦੀ ਪ੍ਰਾਪਤੀ ਧਰਮ ਪ੍ਰਚਾਰ ਅਧੀਨ ਚੱਲਦੇ ਸਿੱਖ ਮਿਸ਼ਨ, ਹਾਪੁੜ ਦੁਆਰਾ ਉੱਤਰ ਪ੍ਰਦੇਸ਼ ਵਿਚ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਕੰਮ ਕੀਤਾ ਹਾਪੁੜ ਦੇ ਆਸ-ਪਾਸ ਪੱਛਮੀ ਉੱਤਰ ਪ੍ਰਦੇਸ਼ ਵਿਚ ਜਥੇਦਾਰ ਬਘੇਲ ਸਿੰਘ ਜੀ ਦੇ ਨਾਲ ਆਏ ਸਿੱਖ ਸੂਰਮੇ ਜੋ ਇਸ ਇਲਾਕੇ ਵਿਚ ਵੱਸ ਗਏ, ਤਕਰੀਬਨ ੫੦੦ ਪਿੰਡ ਉਹ ਜਿਹੜੇ ਸਿਰੋ ਮੋਨੇ ਹਨ ਪਰੰਤੂ ਮੰਨਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਨੂੰ ਹੀ ਹਨ। ਦੁੱਖ-ਸੁਖ ਦੇ ਵਿਚ ਗੁਰੂ ਸਾਹਿਬ ਜੀ ਦਾ ਹੀ ਓਟ ਆਸਰਾ ਲੈਂਦੇ ਹਨ। ੧੯੮੪ ਈ. ਵਿਚ ਇਨ੍ਹਾਂ ਪਿੰਡਾਂ ਵਿਚ ਜਾਂ ਪੱਛਮੀ ਯੂ. ਪੀ. ਵਿਚ ਸਿੱਖਾਂ ਦਾ ਜਾਨੀ-ਮਾਲੀ ਨੁਕਸਾਨ ਬਹੁਤ ਘੱਟ ਹੋਇਆ ਕਿਉਂਕਿ ਇਨ੍ਹਾਂ ਪਿੰਡਾਂ ਵਿਚ ਵੱਸਦੇ ਲੋਕਾਂ ਨੇ ਸਿੱਖਾਂ ਦੀ ਮਦਦ ਕੀਤੀ। ਇਨ੍ਹਾਂ ਦੇ ਗੋਤਰ ਵੀ ਪੰਜਾਬ ਨਾਲ ਮਿਲਦੇ-ਜੁਲਦੇ ਹਨ, ਜਿਵੇਂ: ਭੁੱਲਰ, ਸਿੱਧੂ, ਸੰਧੂ, ਬਰਾੜ, ਗਿੱਲ, ਢਿੱਲੋਂ ਆਦਿ। ਇਨ੍ਹਾਂ ਦੇ ਨਾਲ ਕਾਫੀ ਗਿਣਤੀ ਵਿਚ ਹੋਰ ਬਿਰਾਦਰੀਆਂ ਵਿੱਚੋਂ ਵੀ ਸਿੱਖ ਸਜੇ, ਗੁਰਜਰ, ਜਾਟ, ਨਾਈ, ਰਵੀਦਾਸੀਏ, ਯਾਦਵ, ਲੋਧੇ (ਰਾਜਪੂਤ) ਵਣਜਾਰੇ, ਰਮਈਏ, ਸਿਕਲੀਗਰ ਆਦਿ।

**ਰਮਈਆ ਸਿੰਘਾਂ ਦੇ ੨੨ ਪਿੰਡ :** ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਬਿਜਨੌਰ ਵਿਚ ਰਮਈਆ ਸਿੰਘਾਂ ਦੇ ੨੨ ਪਿੰਡ ਨਿਵਾਸ ਕਰਦੇ ਹਨ ਜੋ ਕਿ ਪੂਰਨ ਚੜ੍ਹਦੀ ਕਲਾ ਵਾਲੇ ਸਿੱਖ ਹਨ। ਇਨ੍ਹਾਂ ਪਿੰਡਾਂ ਵਿਚ ਹਾਪੁੜ ਸਿੱਖ ਮਿਸ਼ਨ ਰਾਹੀਂ ਸਿੱਖੀ ਦਾ ਪ੍ਰਚਾਰ ਕੀਤਾ ਜਾਂਦਾ ਹੈ।

ਪੰਜਾਬ ਤੋਂ ਬਾਹਰ ਸਭ ਤੋਂ ਵੱਡਾ ਮਿਸ਼ਨ ਉੱਤਰ ਪ੍ਰਦੇਸ਼ ਸਿੱਖ ਮਿਸ਼ਨ ਹਾਪੁੜ ਹੈ। ੧੯੪੦ ਈ. ਤੋਂ ਲੈ ਕੇ ਹੁਣ ਤੀਕ ਲੱਖਾਂ ਦੀ ਗਿਣਤੀ ਵਿਚ ਲੋਕਾਂ ਨੂੰ ਯੂ. ਪੀ. ਸਿੱਖ ਮਿਸ਼ਨ ਵੱਲੋਂ ਅੰਮ੍ਰਿਤ ਛਕਾਇਆ ਗਿਆ ਅਤੇ ਲੱਖਾਂ ਦੀ ਗਿਣਤੀ ਵਿਚ ਸਿੰਘ ਸਜਾਏ ਗਏ। ਜਿਸ ਵਿਚ ਯੂ. ਪੀ. ਸਿੱਖ ਮਿਸ਼ਨ ਹਾਪੁੜ ਅਤੇ ਸਬ-ਆਫ਼ਿਸ ਸਿੱਖ ਮਿਸ਼ਨ ਅਲੀਗੜ੍ਹ ਦਾ ਵਿਸ਼ੇਸ਼ ਯੋਗਦਾਨ ਰਿਹਾ। ਧਰਮ ਪ੍ਰਚਾਰ ਕਮੇਟੀ ਵੱਲੋਂ ਯੂ. ਪੀ ਦੇ ਸਿੱਖਾਂ ਨੂੰ ਪ੍ਰਚਾਰਕ, ਰਾਗੀ, ਸੇਵਾਦਾਰ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਭਰਤੀ ਕਰ ਕੇ ਸਰਵਿਸ ਵਿਚ ਰੱਖਿਆ ਜੋ ਕਿ ਸਿੱਖੀ ਨੂੰ ਪ੍ਰਫੁਲਿਤ ਕਰਨ ਵਿਚ ਮੀਲ-ਪੱਥਰ ਸਾਬਿਤ ਹੋਇਆ।

**ਮੱਧ ਪ੍ਰਦੇਸ਼ ਸਿੱਖ ਮਿਸ਼ਨ, ਇੰਦੌਰ :** ਮੱਧ ਪ੍ਰਦੇਸ਼ ਵਿਚ ਵੀ ੫ ਪ੍ਰਚਾਰਕ ਅਤੇ ਇਕ ਰਾਗੀ ਜਥਾ ਸੇਵਾ ਨਿਭਾ ਰਹੇ ਹਨ।

**ਇਸ ਸਮੇਂ ਕੰਮ ਕਰ ਰਹੇ ਮੁਲਾਜ਼ਮ :** ਯੂ. ਪੀ. ਅਤੇ ਮੱਧ ਪ੍ਰਦੇਸ਼ ਵਿਚ ਇਸ ਸਮੇਂ ੨੫ ਪ੍ਰਚਾਰਕ ਸਿੰਘ ਪ੍ਰਚਾਰ ਦੀ ਸੇਵਾ ਨਿਭਾ ਰਹੇ ਹਨ। ਇਨ੍ਹਾਂ ਦੇ ਨਾਲ ਹੀ ੨ ਕਲਰਕ, ੦੨ ਧਾਰਮਿਕ ਟੀਚਰ, ੫ ਗ੍ਰੰਥੀ ਸਿੰਘ, ੧ ਕਵੀਸ਼ਰੀ ਜਥਾ, ੩ ਹੈਲਪਰ, ੧੭ ਸੇਵਾਦਾਰ, ੫ ਸਫਾਈ ਸੇਵਾਦਾਰ ੧ ਡਰਾਈਵਰ ਆਦਿ ਸੇਵਾ ਨਿਭਾ ਰਹੇ ਹਨ। ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਇਨ੍ਹਾਂ ਮਿਸ਼ਨਾਂ ਰਾਹੀਂ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਲੱਖਾਂ ਰੁਪਏ ਖਰਚ ਕਰ ਰਹੀ ਹੈ। ਧਰਮ ਪ੍ਰਚਾਰ ਕਮੇਟੀ ਦੇ ਇਸ ਉਪਰਾਲੇ ਦੇ ਬਹੁਤ ਸਾਰਥਕ ਸਿੱਟੇ ਨਿਕਲ ਰਹੇ ਹਨ। ■

*ਦਸੰਬਰ ੨੦੨੦ ਦਾ ਬਾਕੀ :*

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ- ਸ਼ਤਾਬਦੀ ਸਮਾਰੋਹ

*-ਸ. ਪਰਮਜੋਤ ਸਿੰਘ**

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਰਜ ਖੇਤਰ :** ੧੯੨੫ ਈ. ਵਿਚ ਗੁਰਦੁਆਰਾ ਐਕਟ ਦੇ ਪਾਸ ਹੋਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਵਿਚ ਇਕ ਬਦਲਾਅ ਵੇਖਣ ਨੂੰ ਮਿਲਿਆ। ਸ਼ੁਰੂਆਤੀ ਦਿਨਾਂ ਵਿਚ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਕੇ ਚੱਲਣ ਵਾਲੀ ਸੰਸਥਾ ਸੀ, ਜਿਸ ਦਾ ਕੰਮ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਨਾਲ ਪੈਦਾ ਹੋਏ, ਅਕਾਲੀ ਦਲ ਦੇ ਸਥਾਨਕ ਅਤੇ ਖੇਤਰ ਵਰਕਰਾਂ ਵਿਚ ਆਪਸੀ ਤਾਲਮੇਲ ਬਿਠਾਉਣਾ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਸੰਯੋਜਿਤ ਕਰਨਾ ਅਤੇ ਲੋੜ ਪੈਣ 'ਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਸਮੇਂ ਸਿਰ ਕਮੇਟੀ ਲਈ ਉਪਲੱਬਧ ਕਰਾਉਣਾ ਸੀ। ੨੨ ਫਰਵਰੀ, ੧੯੨੨ ਈ. ਨੂੰ ਸੀ. ਆਈ. ਡੀ. (ਕ੍ਰਿਮੀਨਲ ਇਨਵੈਸਟੀਗੇਸ਼ਨ ਡਿਪਾਰਮੈਂਟ) ਵੱਲੋਂ ਪੇਸ਼ ਇਕ ਰਿਪੋਰਟ ਵਿਚ ਦਲ ਨੂੰ 'ਸੈਂਟਰਲ' ਅਕਾਲੀ ਦਲ ਕਿਹਾ ਗਿਆ ਹੈ ਜੋ ਕਿ ਇਸ ਦੀ ਕੇਂਦਰੀ ਭੂਮਿਕਾ ਨਿਭਾਉਣ ਦੀ ਕਾਰਜ-ਸ਼ੈਲੀ ਨੂੰ ਦਰਸਾਉਂਦਾ ਹੈ। ਗੁਰਦੁਆਰਾ ਐਕਟ ਦੇ ਅਨੁਸਾਰ ਕਮੇਟੀ ਦੇ ਕਾਰਜ ਖੇਤਰ ਦਾ ਦਾਇਰਾ ਪੂਰੀ ਤਰ੍ਹਾਂ ਧਾਰਮਿਕ ਦਰਸਾਇਆ ਗਿਆ ਹੈ ਪਰ ਇਸ ਦੀ ਚੋਣ ਪ੍ਰਕਿਰਿਆ ਦਾ ਆਧਾਰ ਅਤੇ ਤਰੀਕਾ ਰਾਜਨੀਤਿਕ ਦਿਸਹਦਿਆਂ ਤੋਂ ਅਛੂਤਾ ਨਹੀਂ ਰਹਿ ਸਕਿਆ। ਇਸ ਕਰਕੇ ਇਹ ਸਾਰੀ ਜ਼ਿੰਮੇਵਾਰੀ ਅਕਾਲੀ ਦਲ 'ਤੇ ਆਣ ਪਈ। ਜਿਵੇਂ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਉੱਚ ਲੀਡਰਸ਼ਿਪ ਤਕਰੀਬਨ ਸਾਂਝੀ ਸੀ। ਜਿਸ ਕਾਰਨ ਦੋਵਾਂ ਸੰਸਥਾਵਾਂ ਦਾ ਇਕ-ਦੂਜੇ ਦਾ ਪੂਰਕ ਹੋਣਾ ਕੋਈ ਅਲੋਕਾਰ ਗੱਲ ਨਹੀਂ ਪਰੰਤੂ ਗੁਰਦੁਆਰਾ ਐਕਟ ਦੇ ਪਾਸ ਹੋ ਜਾਣ ਨਾਲ ਹੀ ਦੋਵਾਂ ਦਲਾਂ ਵਿਚ ਆਪਸੀ ਵਖਰੇਵੇਂ ਵੀ ਪੈਦਾ ਹੋਏ ਅਤੇ ਦਲ ਦੀਆਂ ਰਾਜਸੀ ਗਤੀਵਿਧੀਆਂ ਵਿਚ ਤੇਜ਼ੀ ਆਈ। ਇਸ ਨਵੇਂ ਪਾਸ ਹੋਏ ਐਕਟ ਤਹਿਤ ਪਹਿਲੀ ਚੋਣ ੧੮ ਜੂਨ, ੧੯੨੬ ਈ. ਨੂੰ ਹੋਈ ਜਿਸ ਵਿਚ ਪ੍ਰਮੁੱਖ ਸਾਹਮਣਾ ਸਰਦਾਰ ਬਹਾਦਰ ਮਹਿਤਾਬ ਸਿੰਘ ਦੇ ਉਦਾਰਵਾਦੀ ਦਲ ਜੋ ਕਿ ਸਰਕਾਰ ਦੁਆਰਾ ਰੱਖੀਆਂ ਗਈਆਂ ਸ਼ਰਤਾਂ ਤਹਿਤ ਗੁਰਦੁਆਰਾ ਐਕਟ ਨੂੰ ਲਿਖਤੀ ਮਾਨਤਾ ਦੇ ਕੇ ਜੇਲ੍ਹ ਵਿੱਚੋਂ ਬਾਹਰ ਆਏ ਅਤੇ ਦੂਸਰੇ ਪਾਸੇ ਉਹ ਲੋਕ ਸਨ ਜਿਨ੍ਹਾਂ ਨੇ ਸਰਕਾਰ ਦੀ ਇਸ ਸ਼ਰਤ ਨੂੰ ਨਾ-ਮਨਜ਼ੂਰ ਕਰਦੇ ਹੋਏ ਜੇਲ੍ਹ ਵਿਚ ਹੀ ਰਹਿਣਾ ਸਵੀਕਾਰ ਕੀਤਾ। ਫਲਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

**ਸਾਬਕਾ ਜੱਜ, ਕੋਆਰਡੀਨੇਟਰ, ਮੈਂਬਰ, ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ (ਮਹਾਂਰਾਸ਼ਟਰ)। ਮੋ. +੯੧੯੮੬੯੯੪੬੮੮੬*

ਦੀਆਂ ਇਨ੍ਹਾਂ ਚੋਣਾਂ ਵਿਚ ਦੂਸਰੀ ਧਿਰ ਨੂੰ ਹੂੰਝਾਂ ਫੇਰ ਜਿੱਤ ਹਾਸਲ ਹੋਈ ਤੇ ਇਹੋ ਹੀ ਅਸਲੀ ਅਕਾਲੀ ਦਲ ਬਣ ਕੇ ਉਭਰਿਆ।

**ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦਾ ਗਠਨ :** ਇਸ ਕਮੇਟੀ ਅਧੀਨ ਆਉਣ ਵਾਲੇ ਜਾਂ ਸ਼ਾਮਲ ਕੀਤੇ ਜਾਣ ਵਾਲੇ ਸਿੱਖ ਗੁਰਧਾਮਾਂ ਦੀ ਪਹਿਚਾਣ, ਵਾਦ-ਵਿਵਾਦ ਸੰਬੰਧੀ ਪੁਸ਼ਟੀ ਕਰਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇਸ ਦੇ ਅਹੁਦੇਦਾਰਾਂ ਜਾਂ ਮੈਂਬਰ ਸਾਹਿਬਾਨ ਬਾਰੇ ਸ਼ਿਕਾਇਤਾਂ ਦੇ ਨਿਪਟਾਰੇ ਲਈ ਇੱਕ ਤਿੰਨ ਮੈਂਬਰੀ ਜੁਡੀਸ਼ਲ ਕਮਿਸ਼ਨ ਦਾ ਪ੍ਰਾਵਧਾਨ ਕੀਤਾ ਗਿਆ ਹੈ। ਇਸ ਜੁਡੀਸ਼ਲ ਕਮਿਸ਼ਨ ਦੇ ਮੈਂਬਰ ਦਾ ਸਿੱਖ ਹੋਣਾ ਅਤੀ ਜ਼ਰੂਰੀ ਹੈ ਜੋ ਕਿ ਐਡਵੋਕੇਟ ਜਾਂ ਸਾਬਕਾ ਜੱਜ ਹੋਵੇ ਅਤੇ ਘੱਟੋ-ਘੱਟ ੧੦ ਸਾਲ ਦਾ ਉਸ ਪਾਸ ਆਪਣੇ ਕੰਮ ਦਾ ਤਜ਼ਰਬਾ ਹੋਵੇ। ਇਹ ਸਾਰੀਆਂ ਨਿਯੁਕਤੀਆਂ ਸਰਕਾਰ ਵੱਲੋਂ ਕੀਤੀਆਂ ਜਾਂਦੀਆਂ ਹਨ। ਇਸ ਕਮਿਸ਼ਨ ਦੇ ਘੱਟੋ-ਘੱਟ ਦੋ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੁਝਾਏ ਗਏ ੭-ਮੈਂਬਰੀ ਪੈਨਲ ਵਿੱਚੋਂ ਹੋਣੇ ਚਾਹੀਦੇ ਹਨ। ਇਸ ਕਮਿਸ਼ਨ ਦਾ ਸਾਰਾ ਖਰਚਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਕਾਰ ਵੱਲੋਂ ੨/੧ ਅਨੁਪਾਤ ਅਨੁਸਾਰ ਕੀਤਾ ਜਾਂਦਾ ਹੈ। ਇਸ ਕਮਿਸ਼ਨ ਨੂੰ ਇਕ ਕੋਰਟ ਦੇ ਅਧਿਕਾਰ ਪ੍ਰਾਪਤ ਨਹੀਂ, ਲੇਕਿਨ ਇਹ ਨਿਆਂ ਪ੍ਰਣਾਲੀ ਸੰਸਥਾ ਗੁਰਦੁਆਰਾ ਮੈਨੇਜਮੈਂਟ ਨਾਲ ਸੰਬੰਧਿਤ ਕੇਸਾਂ ਨੂੰ ਦੇਖਦਾ ਹੈ। ਇਸ ਕਮਿਸ਼ਨ ਸਾਹਮਣੇ ਰੱਖੇ ਜਾਣ ਵਾਲੇ ਕੇਸਾਂ ਨੂੰ ਸ਼ਿਕਾਇਤਾਂ ਵਜੋਂ ਗਿਣਿਆ ਜਾਂਦਾ ਹੈ ਨਾ ਕਿ ਕਿਸੇ ਮੁਕੱਦਮੇ ਜਾਂ ਦਾਅਵੇ ਵਜੋਂ। ਇਸ ਦਾ ਸਥਾਈ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਪਣੀ ਕਿਸੇ ਇਮਾਰਤ ਜੋ ਕਿ ਜ਼ਿਲ੍ਹਾ ਅਦਾਲਤ ਦੇ ਨਜ਼ਦੀਕ ਹੋਵੇ, ਵਿਖੇ ਰੱਖਿਆ ਗਿਆ ਹੈ।

**੧੯੪੭ ਈ. ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜ :** ਭਾਰਤ ਦੇਸ਼ ਦੀ ਅਜ਼ਾਦੀ ਤੋਂ ਬਾਅਦ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਿੱਖ ਪੰਥ ਨਾਲ ਜੁੜੇ ਹਰ ਮੁੱਦੇ ਨੂੰ ਬੜੇ ਬੇਹਤਰੀਨ ਢੰਗ ਨਾਲ ਉਠਾਉਂਦੀ ਰਹੀ। ਉਦਾਹਰਨ ਦੇ ਤੌਰ 'ਤੇ ਦੇਸ਼ ਦਾ ਬਟਵਾਰਾ ਹੋਣ ਤੋਂ ਬਾਅਦ ਸਰਹੱਦ ਪਾਰ ਤੋਂ ਆਪਣਾ ਘਰ ਘਾਟ, ਮਾਲ ਅਸਬਾਬ ਗੁਆ ਕੇ ਭਾਰਤੀ ਪੰਜਾਬ ਵਿਚ ਪੁੱਜੇ ਵੱਡੀ ਗਿਣਤੀ ਵਿਚ ਸ਼ਰਨਾਰਥੀਆਂ ਲਈ ਲੰਗਰ ਤੇ ਰਿਹਾਇਸ਼ ਆਦਿ ਦੇ ਪੁਖਤਾ ਪ੍ਰਬੰਧ ਕੀਤੇ। ਜਦੋਂ ਪੂਰੇ ਦੇਸ਼ ਵਿਚ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੀ ਵੰਡ ਪ੍ਰਣਾਲੀ ਲਾਗੂ ਹੋਈ ਤਾਂ ਕਈ ਨਵੇਂ ਸੂਬੇ ਹੋਂਦ ਵਿਚ ਆਏ ਪਰ ਪੰਜਾਬ ਜਿਸ ਨੂੰ ਸਿੱਖਾਂ ਦਾ 'ਹੋਮ ਲੈਂਡ' ਵੀ ਕਿਹਾ ਜਾਂਦਾ ਹੈ, ਦੇ ਲੋਕਾਂ ਨੂੰ ਕੇਂਦਰੀ ਸਰਕਾਰ ਵੱਲੋਂ ਇਸ ਹੱਕ ਤੋਂ ਵਾਂਝਿਆ ਰੱਖਿਆ ਗਿਆ। ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬੇ ਦੀ ਕਾਇਮੀ ਲਈ ਦਹਾਕੇ ਭਰ ਤੋਂ ਵੱਧ ਸਮੇਂ ਤਕ ਲੋਕਾਂ ਨੂੰ ਲਾਮਬੰਦ ਕੀਤਾ, ਕੇਂਦਰੀ ਸਰਕਾਰ ਦੀ ਵਿਤਕਰੇ ਭਰਪੂਰ ਨੀਤੀ ਵਿਰੁੱਧ ਮੋਰਚੇ ਲਾਏ, ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਵਿਚ ਅਗੇਰੇ ਹੋ ਕੇ ਭੂਮਿਕਾ ਨਿਭਾਈ ਜਿਸ ਦਾ ਸਿੱਟਾ ੧ ਨਵੰਬਰ, ੧੯੬੬ ਈ. ਵਿਚ ਪੰਜਾਬ ਨਵੇਂ ਸੂਬੇ ਵਜੋਂ ਹੋਂਦ ਵਿਚ ਆਇਆ। ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਚੱਲਣ ਵਾਲੇ

ਗੁਰਬਾਣੀ ਕੀਰਤਨ ਦਾ ਰੇਡੀਓ 'ਤੇ ਸਿੱਧਾ ਪ੍ਰਸਾਰਣ ਕਰਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ੧੯੭੩ ਈ. ਤੋਂ ਇਕ ਲੰਮਾ ਸੰਘਰਸ਼ ਕਰਨਾ ਪਿਆ। ਇਸੇ ਦੌਰਾਨ ਪੰਜਾਬ ਸੂਬੇ ਨੂੰ ਵਧੇਰੇ ਅਧਿਕਾਰ ਦੇਣ, ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਸ਼ਹਿਰ ਕਰਾਰ ਦੇਣ ਲਈ ਲਗਾਏ ਗਏ 'ਧਰਮ ਯੁੱਧ ਮੋਰਚੇ' ਵਿਚ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਤਿਹਾਸਿਕ ਭੂਮਿਕਾ ਨੂੰ ਵਿਸਾਰਿਆ ਨਹੀਂ ਜਾ ਸਕਦਾ। ੧੯੮੪ ਈ. ਵਿਚ ਭਾਰਤੀ ਫੌਜ ਵੱਲੋਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ 'ਤੇ ਕੀਤੇ ਗਏ ਹਮਲੇ ਦੌਰਾਨ ਧਾਰਮਿਕ ਭਾਵਨਾਵਾਂ ਆਹਤ ਹੋਣ ਦੀ ਸੂਰਤ ਵਿਚ ਜਿਨ੍ਹਾਂ ਕੁਝ ਸਿੱਖ ਫੌਜੀ ਜਵਾਨਾਂ ਨੇ ਰੋਸ ਵਜੋਂ ਆਪਣੀਆਂ ਬੈਰਕਾਂ ਛੱਡ ਦਿੱਤੀਆਂ ਸਨ, ਸਰਕਾਰੀ ਵਿਰੋਧ ਅਤੇ ਦਬਾਓ ਦੇ ਬਾਵਜੂਦ ਉਨ੍ਹਾਂ ਸਿੱਖ ਫੌਜੀਆਂ ਨੂੰ ਆਰਥਿਕ ਸਹਾਇਤਾ ਤੇ ਯੋਗ ਨਿਯੁਕਤੀਆਂ ਦੇ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਥ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਇਆ। ੧੯੮੪ ਈ. ਵਿਚ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਅਤੇ ਹੋਰ ਧਾਰਮਿਕ ਅਸਥਾਨਾਂ ਤੋਂ ਗ੍ਰਿਫ਼ਤਾਰ ਕੀਤੇ ਸਿੱਖ ਨੌਜਵਾਨ ਜੋ ਜੋਧਪੁਰ (ਰਾਜਸਥਾਨ) ਅਤੇ ਹੋਰ ਥਾਈਂ ਜੇਲ੍ਹਾਂ ਵਿਚ ਬੰਦ ਸਨ, ਉਨ੍ਹਾਂ ਦੇ ਮੁਕੱਦਮੇ ਲੜਨ ਤੋਂ ਲੈ ਕੇ ਉਨ੍ਹਾਂ ਦੇ ਪਰਵਾਰਾਂ ਦੀ ਪੁੱਛ-ਪੜਤਾਲ ਤੇ ਆਰਥਿਕ ਸਹਾਇਤਾ ਦੇਣ ਦੇ ਮੁੱਦਿਆਂ ਵੱਲ ਵਿਸ਼ੇਸ਼ ਤਵੱਜੋਂ ਦਿੱਤੀ। ਪਿਛਲੇ ਸਮੇਂ ੧੯੯੯ ਈ. ਵਿਚ ੩੦੦-ਸਾਲਾ ਖਾਲਸਾ ਸਾਜਨਾ ਦਿਵਸ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੪੦੦-ਸਾਲਾ ਸ਼ਤਾਬਦੀ ਸਮਾਗਮ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਛੋਟੇ ਤੇ ਵੱਡੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਦੀਆਂ ਸ਼ਹੀਦੀ ਸ਼ਤਾਬਦੀਆਂ ੨੦੦੪ ਈ., ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੦੦-ਸਾਲਾ ਗੁਰਤਾਗੱਦੀ ਸਮਾਗਮ ਸੰਨ ੨੦੦੮ ਈ., ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹੰਦ ਫਤਿਹ ਤ੍ਰੈ-ਸ਼ਤਾਬਦੀ ੨੦੧੦ ਈ. ਆਦਿ ਵਿਧੀਵਤ ਢੰਗ ਨਾਲ ਯਾਦਗਰੀ ਰੂਪ ਵਿਚ ਮਨਾਈਆਂ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿੱਦਿਅਕ ਯੋਗਦਾਨ :** ਸੰਵਿਧਾਨਕ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਨਿਰੋਲ ਧਾਰਮਿਕ ਸੰਸਥਾ ਹੈ, ਇਹ ਆਪਣੇ ਵੱਖ-ਵੱਖ ਆਰਥਿਕ ਵਸੀਲਿਆਂ ਨਾਲ ਕਈ ਖੇਤਰਾਂ ਵਿਚ ਕੰਮ ਕਰਦੀ ਹੈ। ਕਿਸੇ ਵੀ ਧਰਮ ਦੇ ਲੋਕਾਂ ਦੀ ਤਰੱਕੀ ਵਿਚ ਉਨ੍ਹਾਂ ਦੇ ਆਰਥਿਕ ਤੇ ਵਿੱਦਿਅਕ ਢਾਂਚੇ ਦਾ ਮਜ਼ਬੂਤ ਹੋਣਾ ਅਤੀ ਜ਼ਰੂਰੀ ਹੁੰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿੱਦਿਅਕ ਪੈੜਾਂ ਸਥਿਰ ਕਰਨ ਲਈ ਕਈ ਸਕੂਲ, ਕਾਲਜ ਤੇ ਅਜੋਕੇ ਸਮੇਂ ਯੂਨੀਵਰਸਿਟੀਆਂ ਵੀ ਕਾਇਮ ਕੀਤੀਆਂ। ਲੱਗਭਗ ੫੨ ਸਕੂਲ-ਕਾਲਜਾਂ ਤੋਂ ਇਲਾਵਾ ਇਕ ਡੈਂਟਲ ਕਾਲਜ ਅਤੇ ਦੋ ਉੱਤਮ ਕਿਸਮ ਦੀਆਂ ਯੂਨੀਵਰਸਿਟੀਆਂ ਜਿਨ੍ਹਾਂ ਵਿਚ ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫ਼ਤਿਹਗੜ੍ਹ ਸਾਹਿਬ ਆਦਿ ਸ਼ਾਮਲ ਹਨ। ਅਜੋਕੇ ਸਮੇਂ ੧੯ ਮਿਸ਼ਨਰੀ ਕਾਲਜ ਤੇ ਧਰਮ ਪ੍ਰਚਾਰ ਵਿਦਿਆਲੇ ਬਾਖੂਬੀ

ਚਲਾਉਣ ਦੇ ਨਾਲ-ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਸਿੱਖ ਮਿਸ਼ਨ ਵੀ ਚਲਾਏ ਜਾ ਰਹੇ ਹਨ ਜਿਨ੍ਹਾਂ ਵਿਚ ਸਿੱਖ ਮਿਸ਼ਨ ਜੰਮੂ-ਕਸ਼ਮੀਰ (ਜੰਮੂ), ਸਿੱਖ ਮਿਸ਼ਨ ਹਰਿਆਣਾ (ਕੁਰਕਸ਼ੇਤਰ), ਸਿੱਖ ਮਿਸ਼ਨ ਹਾਪੁੜ, (ਯੂ. ਪੀ.), ਸਿੱਖ ਮਿਸ਼ਨ ਉਤਰਾਖੰਡ (ਕਾਸ਼ੀਪੁਰ), ਸਿੱਖ ਮਿਸ਼ਨ ਹਿਮਾਚਲ, ਸਿੱਖ ਮਿਸ਼ਨ ਦਿੱਲੀ, ਸਿੱਖ ਮਿਸ਼ਨ ਰਾਏਪੁਰ (ਛੱਤੀਸਗੜ੍ਹ), ਸਿੱਖ ਮਿਸ਼ਨ ਬੁੱਢਾ ਜੌਹੜ ਸ੍ਰੀ ਗੰਗਾਨਗਰ (ਰਾਜਸਥਾਨ) ਅਤੇ ਸਿੱਖ ਮਿਸ਼ਨ ਕਲਕੱਤਾ ਆਦਿ ਸਿੱਖ ਧਰਮ ਦੀਆਂ ਨੀਹਾਂ ਮਜ਼ਬੂਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

**ਸਮਾਜਿਕ ਜ਼ਿੰਮੇਵਾਰੀਆਂ ਦੀ ਪੂਰਤੀ :** ਗੁਰੂ ਕੇ ਅਟੁੱਟ ਲੰਗਰਾਂ ਦੀ ਸੇਵਾ ਤੋਂ ਇਲਾਵਾ ਗੁਰਦੁਆਰਿਆਂ ਦੀ ਜ਼ਮੀਨ 'ਤੇ ਖੇਤੀਬਾੜੀ ਕਰਨ, ਖੋਜ ਵਿਦਿਆਰਥੀਆਂ ਨੂੰ ਉਤਸ਼ਾਹ ਦੇਣ ਹਿੱਤ, ਸਿੱਖ ਧਰਮ ਅਤੇ ਇਤਿਹਾਸ 'ਤੇ ਕਈ ਮੈਗਜ਼ੀਨ, ਕਿਤਾਬਾਂ ਦੀ ਛਪਾਈ ਤੇ ਪ੍ਰਕਾਸ਼ਨਾ ਕਰਨ/ਕਰਾਉਣ ਤੋਂ ਇਲਾਵਾ ਹਰ ਤਰ੍ਹਾਂ ਦੇ ਰਾਜਸੀ ਧੱਕੇਸ਼ਾਹੀ ਦਾ ਸ਼ਿਕਾਰ ਲੋਕਾਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖੁਲ੍ਹ ਕੇ ਮਦਦ ਕਰਦੀ ਹੈ। ਦੇਸ਼ ਵਿਚ ਕਈ ਥਾਂਈਂ ਕੁਦਰਤੀ ਆਫਤਾਂ ਆਉਣ ਸਮੇਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਗੇ ਹੋ ਕੇ ਵਿਚਰਦੀ ਨਜ਼ਰ ਆਉਂਦੀ ਹੈ। ਇਹ ਸੰਸਥਾ ਪਾਕਿਸਤਾਨ ਵਿਚ ਰਹਿ ਗਏ ਗੁਰਧਾਮਾਂ ਦੇ ਦਰਸ਼ਨਾਂ ਲਈ ਸਿੱਖ ਯਾਤਰੂਆਂ ਲਈ ਹਰ ਤਰ੍ਹਾਂ ਦੇ ਵੀਜ਼ੇ ਆਦਿ ਮੁਹੱਈਆ ਕਰਾਉਣ ਤੋਂ ਇਲਾਵਾ ਦੇਸ਼ ਵਿਚ ਵੱਸਦੇ ਭਾਈਚਾਰੇ ਅਤੇ ਸੰਸਥਾਵਾਂ ਨਾਲ ਬਰਾਬਰ ਰਾਬਤਾ ਕਾਇਮ ਰੱਖਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਸ਼-ਵਿਦੇਸ਼ ਵਿਚ ਵੱਸਦੇ ਸਿੱਖ ਭਾਈਚਾਰੇ ਨੂੰ ਦਰਪੇਸ਼ ਮਸਲਿਆਂ ਨੂੰ ਸਰਕਾਰ ਪਾਸ ਵਿਧੀਵਤ ਢੰਗ ਨਾਲ ਰੱਖਣ ਲਈ ਅੱਗੇ ਹੋ ਕੇ ਭੂਮਿਕਾ ਨਿਭਾਉਂਦੀ ਹੈ। ਇਸ ਸੰਬੰਧੀ ਇਹ ਸ਼੍ਰੋਮਣੀ ਅਕਾਲੀ ਦਲ ਜੋ ਕਿ ਸਿੱਖਾਂ ਦੀ ਇੱਕ ਰਾਜਸੀ ਨੁਮਾਇੰਦਾ ਜਮਾਤ ਹੈ, ਨਾਲ ਮਿਲ ਕੇ ਚੱਲਦੀ ਹੈ। ਜਿਸ ਧੜੇ ਪਾਸ ਰਾਜਨੀਤਿਕ ਸ਼ਕਤੀ ਰਹਿੰਦੀ ਹੈ, ਉਸੇ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ 'ਤੇ ਪ੍ਰਭਾਵ ਅਤੇ ਦਖ਼ਲ ਬਣਿਆ ਰਹਿੰਦਾ ਹੈ। ਇਸ ਦਾ ਮੁੱਖ ਆਧਾਰ ਸਿੱਖ ਧਰਮ ਵਿਚ ਧਰਮ ਤੇ ਰਾਜਨੀਤੀ ਦਾ ਇਕੱਠੇ ਹੋ ਕੇ ਚੱਲਣਾ ਹੈ। ਅਸਲ ਵਿਚ 'ਮੀਰੀ ਪੀਰੀ' ਦੇ ਸਿਧਾਂਤ ਨੂੰ ਮੰਨਣ ਵਾਲੀ ਸਿੱਖ ਕੌਮ ਲਈ ਧਰਮ ਅਤੇ ਰਾਜਨੀਤੀ ਇਕ ਹੀ ਸਿੱਕੇ ਦੇ ਦੋ ਪਹਿਲੂ ਹਨ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਗੇ ਭਵਿੱਖੀ ਚੁਣੌਤੀਆਂ :** ਸਿੱਖ ਕੌਮ ਲਈ ਅਜੋਕਾ ਸਮਾਂ ਸ੍ਵੈ-ਮੰਥਨ, ਬਦਲਾਓ, ਆਪਣੇ ਅਮੀਰ ਵਿਰਸੇ ਅਤੇ ਸੱਭਿਆਚਾਰ ਪ੍ਰਤੀ ਜਾਗ੍ਰਿਤ ਹੋਣ ਦਾ ਯੁੱਗ ਹੈ। ਸਿੱਖਾਂ ਦੀ ਕੇਂਦਰੀ ਜਥੇਬੰਦੀ ਹੋਣ ਦੇ ਨਾਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਹਮਣੇ ਕਈ ਗੰਭੀਰ ਚੁਣੌਤੀਆਂ ਹਨ। ਇਨ੍ਹਾਂ ਚੁਣੌਤੀਆਂ ਦੇ ਸਮਾਧਾਨ ਲਈ ਇਕ ਗੰਭੀਰ ਬਹਿਸ ਤੇ ਸਾਕਾਰਾਤਮਕ ਪਰਿਣਾਮ ਦੇਣ ਵਾਲੀ ਰਣਨੀਤੀ ਦੀ ਲੋੜ ਹੈ। ਸਭ ਤੋਂ ਮੁੱਖ ਤੇ ਵੱਡੀ ਚੁਣੌਤੀ ਸਾਡੇ ਸਿੱਖ ਨੌਜਵਾਨਾਂ ਦਾ ਆਪਣੇ ਧਾਰਮਿਕ ਅਕੀਦੇ ਅਤੇ ਸੱਭਿਆਚਾਰ ਤੋਂ ਲਗਾਤਾਰ ਬੇਮੁਖ ਹੁੰਦੇ ਜਾਣਾ ਹੈ।

ਅੱਜ ਅਸੀਂ ਦੇਖਦੇ ਹਾਂ ਕਿ ਖ਼ਾਸ ਕਰਕੇ ਪੰਜਾਬ ਪ੍ਰਾਂਤ ਦੇ ਬਹੁਤ ਸਾਰੇ ਸਿੱਖ ਪਰਵਾਰਾਂ ਵਿਚ ਜੰਮਪਲ ਨੌਜਵਾਨਾਂ ਦੇ ਸਿਰਾਂ 'ਤੇ ਕੇਸ ਦਿਖਾਈ ਨਹੀਂ ਦਿੰਦੇ। ਜਿਨ੍ਹਾਂ ਨੇ ਕੇਸ ਰੱਖੇ ਹੋਏ ਹਨ, ਉਨ੍ਹਾਂ ਵਿੱਚੋਂ ਵੀ ਕਈਆਂ ਦੇ ਸੰਪੂਰਨ ਦਾੜੇ ਨਹੀਂ ਹਨ। ਨੌਜਵਾਨ ਵਰਗ ਵਿਚ ਦਾੜੀ ਕੱਟਣਾ ਇਕ ਫੈਸ਼ਨ ਦੀ ਤਰ੍ਹਾਂ ਆਮ ਪ੍ਰਚਲਿਤ ਹੋ ਗਿਆ ਹੈ।

ਦੂਸਰੀ ਪ੍ਰਮੁੱਖ ਚੁਣੌਤੀ ਹੈ ਸਿੱਖਾਂ ਵਿਚ ਜਾਤ-ਪਾਤ ਦੇ ਕੀੜੇ ਦਾ ਦੁਬਾਰਾ ਪਨਪਣਾ। ਦੁਨੀਆ ਭਰ ਵਿਚ ਵੱਸਦੇ ਸਿੱਖਾਂ ਵੱਲੋਂ ਆਪੋ-ਆਪਣੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਅਖੌਤੀ ਜਾਤੀ ਵਰਗ ਦੇ ਆਧਾਰ 'ਤੇ ਉਸਾਰੇ ਹੋਏ ਗੁਰਧਾਮਾਂ ਦੀ ਹੋਂਦ ਤੋਂ ਅਸੀ ਮੁਨਕਰ ਨਹੀਂ ਹੋ ਸਕਦੇ। ਇਹ ਜਿੱਥੇ ਇਕ ਗੰਭੀਰ ਚੁਣੌਤੀ ਹੈ, ਉੱਥੇ ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੀ ਰੋਸ਼ਨੀ ਵਿਚ ਸਾਡੇ ਲਈ ਇੱਕ ਨਮੋਸ਼ੀ ਵਾਲੀ ਗੱਲ ਵੀ ਹੈ। ਜਿਸ ਜਾਤ-ਪਾਤ, ਵਰਣ ਵੰਡ ਪ੍ਰਣਾਲੀ ਦੀ ਸਿੱਖ ਗੁਰੂ ਸਾਹਿਬਾਨ ਨੇ ਮਾਨਵਤਾ ਦੇ ਖ਼ਿਲਾਫ ਦਸ ਕੇ ਜ਼ਾਹਰਾ ਮੁਖਾਲਫਤ ਕੀਤੀ ਹੋਵੇ ਅਸੀਂ ਫਿਰ ਉਸੇ ਬੁਰਿਆਈ ਦੀ ਡੂੰਘੀ ਖੱਡ ਵਿਚ ਡਿੱਗਦੇ ਜਾ ਰਹੇ ਹਾਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਸੰਬੰਧੀ ਬਹੁਤ ਹੀ ਗੰਭੀਰਤਾ ਨਾਲ ਚਿੰਤਨ ਕਰਨ ਅਤੇ ਇਸ ਸੰਬੰਧੀ ਵਿਸ਼ੇਸ਼ ਪੁਖਤਾ ਨੀਤੀ ਨੂੰ ਸਮੇਂ ਸਿਰ ਅਮਲੀ ਜਾਮਾ ਪਹਿਨਾਉਣ ਦੀ ਲੋੜ ਹੈ। ੧੯੯੬ ਈ. ਵਿਚ 'ਹਿੰਦੂ ਕਾਸਟ ਐਂਡ ਸੈਕਸ' ਦੇ ਲਿਖਾਰੀ ਜੇ. ਐਨ. ਭੱਟਾਚਾਰੀਆ ਦੀ ਸਿੱਖਾਂ ਬਾਰੇ ਕੀਤੀ ਲਿਖਤੀ ਟਿੱਪਣੀ ਬੜੀ ਮਹੱਤਵਪੂਰਨ ਹੈ, "ਬ੍ਰਿਟਿਸ਼ ਰਾਜ ਦੌਰਾਨ ਸਿੱਖ ਧਰਮ ਆਪਣੀ (ਪ੍ਰਮੁੱਖ ਮੂਲ ਧਾਰਮਿਕ ਅਸੂਲਾਂ ਵਾਲੀ) ਸਜੀਵਤਾ ਨੂੰ ਤੇਜ਼ੀ ਨਾਲ ਗੁਆ ਰਿਹਾ ਹੈ ਅਤੇ ਹਿੰਦੂ ਧਰਮ ਦੇ ਪੁਰਾਣੇ ਵਹਿਣ ਵਿਚ (ਦੁਬਾਰਾ) ਮਿਸ਼ਰਤ ਹੋ ਰਿਹਾ ਹੈ।" ਏਸੇ ਤਰ੍ਹਾਂ ਪ੍ਰਸਿੱਧ ਵਿਦਵਾਨ ਸ. ਖੁਸ਼ਵੰਤ ਸਿੰਘ ਦੇ ਅਲਫਾਜ਼ ਵੀ ਕੌਮ ਨੂੰ ਝੰਜੋੜਣ ਵਾਲੇ ਹਨ। ਉਹ ਲਿਖਦੇ ਹਨ ਕਿ ਸਿੱਖਾਂ ਵਿਚ ਇਕ ਪੀੜ੍ਹੀ ਦੁਆਰਾ ਥੋੜੀ ਦਾੜ੍ਹੀ ਕੱਟਣ ਦੀ ਪ੍ਰਥਾ ਦੂਸਰੀ ਪੀੜ੍ਹੀ ਤਕ ਪੂਰੀ ਦਾੜ੍ਹੀ ਕੱਟਣ ਅਤੇ ਫਿਰ ਸਿਰ ਤੋਂ ਪੂਰਨ ਮੋਨੇ ਹੋਣ ਤਕ ਪਹੁੰਚ ਸਕਦੀ ਹੈ।

ਮਹਾਰਾਸ਼ਟਰ ਰਾਜ ਦਾ ਨਿਵਾਸੀ ਹੋਣ ਦੇ ਨਾਤੇ ਇਸ ਸ਼ਤਾਬਦੀ ਸਮਾਰੋਹ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ 'ਸਿੱਖ ਮਿਸ਼ਨ' ਸਥਾਪਿਤ ਕਰਨ ਦੀ ਵਿਸ਼ੇਸ਼ ਜ਼ਰੂਰਤ ਵੱਲ ਧਿਆਨ ਦਿਵਾਉਂਦੇ ਹੋਏ ਮੈਂ ਆਪਣਾ ਇਹ ਲੇਖ ਏਥੇ ਹੀ ਸਮਾਪਤ ਕਰਦਾ ਹਾਂ।

**ਹਵਾਲੇ :**


੧. *ਇਨਸਾਈਕਲੋਪੀਡੀਆ* ਆਫ ਸਿੱਖਇਜ਼ਮ, ਪੰਜਾਬੀ ਯੂਨੀਵਰਸਿਟੀ, ਪਟਿਆਲਾ

੨. ਖੁਸ਼ਵੰਤ ਸਿੰਘ,

੩. ਜੇ. ਐਨ. ਭੱਟਾਚਾਰੀਆ

੪. *ਅਕਾਲੀ ਮੋਰਚਿਆਂ ਦਾ ਇਤਿਹਾਸ* - ਸੋਹਨ ਸਿੰਘ ਜੋਸ਼

੫. *ਮੇਰੀਆਂ ਕੁਝ ਇਤਿਹਾਸਿਕ ਯਾਦਾਂ*- ਹੀਰਾ ਸਿੰਘ ਦਰਦ ਇਤ ਆਦਿ. ■

*ਦਸੰਬਰ ੨੦੨੦ ਦਾ ਬਾਕੀ :*

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਹਿਮ ਅਦਾਰਾ: ਸਿੱਖ ਇਤਿਹਾਸ ਰੀਸਰਚ ਬੋਰਡ

*-ਡਾ. ਰਣਜੀਤ ਕੌਰ ਪੰਨਵਾਂ*

*-ਬੀਬੀ ਸਿਮਰਨਜੀਤ ਕੌਰ**

**ਸਿੱਖ ਹਿਸਟਰੀ ਸੁਸਾਇਟੀ ਦੇ ਬੋਰਡ ਆਫ ਕੰਟਰੋਲ ਦੀ ਪਲੇਠੀ ਇਕੱਤ੍ਰਤਾ:**

ਸੁਸਾਇਟੀ ਦੇ ਨਿਯਮ, ਕਾਰਜ-ਸਾਧਕ ਕਮੇਟੀ (ਬੋਰਡ ਆਫ ਕੰਟਰੋਲ) ਦੀ ਨਿਯੁਕਤੀ ਉਪਰੰਤ ਸੁਸਾਇਟੀ ਨੇ ਆਪਣੇ ਖੋਜ-ਕਾਰਜਾਂ ਦੀ ਰੂਪ-ਰੇਖਾ ਉਲੀਕਣ ਲਈ ਪਹਿਲੀ ਇਕੱਤ੍ਰਤਾ ਬੋਰਡ ਆਫ਼ ਕੰਟਰੋਲ ਦੀ ਰਹਿਨੁਮਾਈ ਹੇਠ ੨੦ ਮਈ, ੧੯੪੫ ਈ. (੭ ਜੇਠ, ੨੦੦੨ਬਿ.) ਨੂੰ ਬੁਲਾਈ। ਜਿਸ ਵਿਚ ਹੇਠ ਲਿਖੇ ਮਤਿਆਂ 'ਤੇ ਵਿਚਾਰ ਹੋਈ:

੧. ਸਭ ਤੋਂ ਪਹਿਲਾਂ ਸੁਸਾਇਟੀ ਵੱਲੋਂ ਸਿੱਖਾਂ ਦਾ ਸਮੁੱਚਾ ਇਤਿਹਾਸ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਅੱਜ ਤਕ ਲਿਖਿਆ ਜਾਵੇ।
੨. ਵਿਧੀਵਧ ਢੰਗ ਨਾਲ ਪੰਥਕ ਡਾਇਰੀ ਤਿਆਰ ਕਰਨਾ।
੩. ਸਿੱਖ ਸਾਹਿਤ ਨੂੰ ਲਿਖਣਾ, ਸੰਭਾਲਣਾ ਅਤੇ ਪ੍ਰਸਾਰਨਾ।

ਉਪਰੋਕਤ ਮਤੇ ਪ੍ਰਵਾਨ ਹੋਣ 'ਤੇ ਸਿੱਖ ਇਤਿਹਾਸ ਲਿਖਣ ਦੇ ਕਾਰਜ ਲਈ ਬੋਰਡ ਨੇ ਪ੍ਰੋ. ਤੇਜਾ ਸਿੰਘ ਅਤੇ ਪ੍ਰੋ. ਗੰਡਾ ਸਿੰਘ ਨੂੰ ਨਿਯਤ ਕੀਤਾ। ਇਨ੍ਹਾਂ ਵਿਦਵਾਨਾਂ ਦੁਆਰਾ ਕੀਤੇ ਜਾਣ ਵਾਲੇ ਖੋਜ ਕਾਰਜਾਂ ਦੀ ਖੋਜ-ਪੜਤਾਲ ਲਈ ਬਾਬਾ ਪ੍ਰੇਮ ਸਿੰਘ, ਪ੍ਰੋ. ਗੁਰਮੁਖ ਨਿਹਾਲ ਸਿੰਘ ਅਤੇ ਬਾਵਾ ਹਰਕ੍ਰਿਸ਼ਨ ਸਿੰਘ ਜੀ ਨੂੰ ਜ਼ਿੰਮੇਵਾਰੀ ਸੌਂਪੀ ਗਈ। ਇਸ ਅਨੁਸਾਰ ਇਤਿਹਾਸ ਦੀ ਪਹਿਲੀ ਜਿਲਦ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ੧੭੬੪ ਈ. ਤਕ) ਜਲਦ ਹੀ ਮੁਕੰਮਲ ਕਰ ਲਈ ਗਈ। ਉਪਰੋਕਤ ਖੋਜ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਸੁਸਾਇਟੀ ਦੇ ਵਿਦਵਾਨਾਂ ਨੂੰ ਇਸ ਸਮੇਂ ਦੌਰਾਨ ਕਾਗਜ਼ ਦੀ ਘਾਟ ਹੋਣ ਕਾਰਨ ਖੋਜ-ਕਾਰਜਾਂ ਦੇ ਪ੍ਰਕਾਸ਼ਨ ਦੀ ਸਮੱਸਿਆ ਬਣੀ ਰਹੀ।

ਸੁਸਾਇਟੀ ਦੀ ਸਲਾਨਾ ਰਿਪੋਰਟ ਜੋ ਕਿ ੫ ਮਈ, ੧੯੪੬ ਈ. ਨੂੰ ਡਾ. ਗੰਡਾ ਸਿੰਘ ਜੀ ਨੇ ਪੜ੍ਹੀ, ਵਿਚ ਜ਼ਿਕਰ ਕਰਦੇ ਹਨ ਕਿ ਸੈਂਟਰਲ ਸਿੱਖ ਲਾਇਬ੍ਰੇਰੀ ਵਿਚ ਕਾਫੀ ਗਿਣਤੀ ਵਿਚ ਪੁਸਤਕਾਂ ਖ਼ਰੀਦ ਕੇ ਰੱਖੀਆਂ ਜਾ ਚੁੱਕੀਆਂ ਹਨ ਅਤੇ ਹੋਰ ਪੁਸਤਕਾਂ ਮਹੀਨੇ ਦੇ ਅੰਦਰ-ਅੰਦਰ ਹੀ ਆਉਣੀਆਂ ਅਰੰਭ ਹੋ ਜਾਣਗੀਆਂ ਜਿਨ੍ਹਾਂ ਦੇ ਰੱਖ-ਰਖਾਵ ਲਈ ਸ੍ਰੀ ਗੁਰੂ ਰਾਮਦਾਸ ਨਿਵਾਸ ਦਾ ਇਕ ਹਾਲ ਦੇ ਦਿੱਤਾ ਜਾਵੇ।[੮] ਸੋ

**ਰੀਸਰਚ ਸਕਾਲਰਜ਼, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*
*ਮੋ. +੯੧੯੮੧੪੮-੫੧੫੧੩, +੯੧੮੫੬੮੮-੩੧੬੬੬*

ਪੁਸਤਕਾਂ ਦੀ ਬਹੁਤਾਤ ਹੋ ਜਾਣ 'ਤੇ ਕੇਂਦਰੀ ਸਿੱਖ ਲਾਇਬ੍ਰੇਰੀ ਦੀ ਲੋੜ ਮਹਿਸੂਸ ਕੀਤੀ ਗਈ ਜਿੱਥੇ ਸਿੱਖ ਸਾਹਿਤ ਸਮੱਗਰੀ ਨੂੰ ਸੰਭਾਲ ਕੇ ਰੱਖਿਆ ਅਤੇ ਸੌਖ ਨਾਲ ਵਰਤਿਆ ਜਾਵੇ। ਲਾਇਬ੍ਰੇਰੀ ਦੀ ਪਾਠ ਸਮੱਗਰੀ ਦਾ ਸੰਬੰਧ ਸਿੱਖ ਇਤਿਹਾਸ, ਧਰਮ, ਸਮਾਜ ਨਾਲ ਹੋਵੇ। ਕੁਝ ਸਮਾਂ ਪਹਿਲਾਂ 'ਬੋਰਡ ਆਫ ਕੰਟਰੋਲ' ਨੇ ੧੨ ਜਨਵਰੀ ੧੯੪੬ ਈ. ਦੀ ਇਕੱਤ੍ਰਤਾ ਵਿਚ 'ਸਿੱਖ ਰੈਫ਼ਰੈਂਸ ਲਾਇਬ੍ਰੇਰੀ' ਖੋਲ੍ਹਣ ਦਾ ਫੈਸਲਾ ਕੀਤਾ ਸੀ ਉਸੇ ਫੈਸਲੇ ਅਨੁਸਾਰ ੯ ਫਰਵਰੀ, ੧੯੪੭ ਈ. (੨੭ ਮਾਘ, ਸੰਮਤ ੨੦੦੩ ਬਿ.) ਨੂੰ 'ਸਿੱਖ ਰੈਫ਼ਰੈਂਸ ਲਾਇਬ੍ਰੇਰੀ' ਦੀ ਉਦਘਾਟਨੀ ਰਸਮ ਕੀਤੀ ਗਈ। ਇਸ ਬਾਬਤ ਡਾ. ਗੰਡਾ ਸਿੰਘ ਸੁਸਾਇਟੀ ਦੀ ਦੂਜੀ ਸਲਾਨਾ ਰਿਪੋਰਟ ਵਿਚ ਲਾਇਬ੍ਰੇਰੀ ਦੇ ਪਿਛੋਕੜ ਬਾਰੇ ਬਹੁਤ ਹੀ ਵੇਰਵੇ ਸਹਿਤ ਦਰਸਾਉਂਦੇ ਹਨ।

'ਸਿੱਖ ਰੈਫ਼ਰੈਂਸ ਲਾਇਬ੍ਰੇਰੀ' ਦੇ ਕਾਇਮ ਹੋ ਜਾਣ 'ਤੇ ਸੁਸਾਇਟੀ ਮੈਂਬਰ, ਬੋਰਡ ਆਫ ਕੰਟਰੋਲ ਦੇ ਮੈਂਬਰ, ਸੁਸਾਇਟੀ ਅਧੀਨ ਕਾਰਜ ਕਰ ਰਹੇ ਵਿਦਵਾਨਾਂ ਅਤੇ ਹੋਰ ਸੁਹਿਰਦ ਪੰਥ-ਦਰਦੀਆਂ ਨੇ ਲੋੜੀਂਦੀਆਂ ਪੁਸਤਕਾਂ ਅਤੇ ਹੋਰ ਪਾਠ-ਸਮੱਗਰੀ ਇਕੱਠੀ ਕਰਨ ਲਈ ਕਮਰਕੱਸੇ ਕਰ ਲਏ ਅਤੇ ਇਕ ਤੋਂ ਇਕ ਵਧ ਕੇ ਯੋਗਦਾਨ ਪਾਉਣ ਲੱਗੇ ਬਦਕਿਸਮਤੀ ਨਾਲ ੧੯੪੭ ਈ. ਨੂੰ ਦੇਸ਼ ਵੰਡ ਦੇ ਉਜਾੜੇ ਸਮੇਂ ਇਸ ਅਤਿ ਜ਼ਰੂਰੀ ਕਾਰਜ ਵਿਚ ਕਈ ਵਿਘਨ ਅਤੇ ਰੁਕਾਵਟਾਂ ਤਾਂ ਜ਼ਰੂਰ ਪਈਆਂ ਪਰ ਸਿਰੜੀ ਵਿਦਵਾਨਾਂ ਸੁਸਾਇਟੀ ਦੀ ਸਥਾਪਤੀ ਦੇ ਉਦੇਸ਼ ਨੂੰ ਮੁੱਖ ਰੱਖਦਿਆਂ ਹੋਇਆਂ ਖੋਜ ਕਾਰਜਾਂ ਅਤੇ ਲਾਇਬ੍ਰੇਰੀ ਦੀ ਪ੍ਰਫੁੱਲਤਾ ਦੇ ਕਾਰਜ ਨੂੰ ਜਾਰੀ ਰੱਖਣ ਲਈ ਨਿਰੰਤਰ ਯਤਨਸ਼ੀਲ ਰਹੇ, ਜਿਸ ਦਾ ਪ੍ਰਤੱਖ ਪ੍ਰਮਾਣ ਲਾਇਬ੍ਰੇਰੀ ਵਿਚ ਸੰਗ੍ਰਹਿਤ ਪਾਠ-ਸਮੱਗਰੀ ਅਤੇ ਹੋਰ ਵਡਮੁੱਲੇ ਰਿਕਾਰਡ ਆਦਿਕ ਸਨ। ਇਸ ਲਾਇਬ੍ਰੇਰੀ ਵਿਚ ਕੇਵਲ ਇੱਥੇ ਬੈਠ ਕੇ ਹੀ ਪੁਸਤਕਾਂ ਪੜ੍ਹੀਆਂ ਅਤੇ ਰੈਫ਼ਰੈਂਸ (ਹਵਾਲੇ) ਲਈ ਵਰਤੀਆਂ ਜਾ ਸਕਦੀਆਂ ਹਨ। ਕਿਸੇ ਵੀ ਹਾਲਤ ਵਿਚ ਪੁਸਤਕਾਂ ਲਾਇਬ੍ਰੇਰੀ ਤੋਂ ਬਾਹਰ ਦਿੱਤੀਆਂ ਅਤੇ ਭੇਜੀਆਂ ਨਹੀਂ ਜਾਣਗੀਆਂ। ਸ੍ਰੀ ਗੁਰੂ ਰਾਮਦਾਸ ਨਿਵਾਸ ਦੇ ਹਾਲ ਨੰ. ੪ ਵਿਚ ਲਾਇਬ੍ਰੇਰੀ ਨੂੰ ਨਿਮਨ ਅਨੁਸਾਰ ਭਾਗਾਂ ਵਿਚ ਗਠਿਤ ਕੀਤਾ ਗਿਆ:-

੧. ਲਿਖਤੀ ਪੁਸਤਕਾਂ, ਰੀਕਾਰਡ, ਹੁਕਮਨਾਮੇ, ਪਟੇ, ਸਨਦਾਂ ਆਦਿ।
੨. ਪੁਰਾਤਨ ਤਸਵੀਰਾਂ
੩. ਛਪੀਆਂ ਪੁਸਤਕਾਂ
੪. ਪੁਰਾਤਨ ਸਿੱਖ ਯਾਦਗਾਰਾਂ, ਜਿਨ੍ਹਾਂ ਵਿਚ ਪੁਰਾਤਨ ਸਿੰਘਾਂ ਦੀਆਂ ਵਰਦੀਆਂ, ਬਸਤਰ, ਹਥਿਆਰ ਆਦਿ ਸ਼ਾਮਲ ਸਨ।

ਇੰਝ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦਾ ਵਿਕਾਸ ਬੜੇ ਉਤਸ਼ਾਹ ਨਾਲ ਹੋਣ ਲੱਗਾ ਅਤੇ ਬੜੀ ਸੁਹਿਰਦਤਾ ਨਾਲ ਸ੍ਰੋਤ ਸਮੱਗਰੀ ਇਕੱਠੀ ਹੋਣੀ ਸ਼ੁਰੂ ਹੋ ਗਈ। ਰੀਸਰਚ ਸਕਾਲਰ ਸ. ਰਣਧੀਰ ਸਿੰਘ ਸਿੱਖ ਹਿਸਟਰੀ ਸੁਸਾਇਟੀ ਦੇ ਅੰਤਰਗਤ ਚੱਲ ਰਹੀ

'ਸਿੱਖ ਰੈਫ਼ਰੈਂਸ ਲਾਇਬ੍ਰੇਰੀ' ਦੀ ਸਥਾਪਤੀ ਬਾਰੇ ਲਿਖਦੇ ਹਨ ਕਿ "ਇਸ ਸੁਸਾਇਟੀ ਨੇ ਸਭ ਤੋਂ ਪਹਿਲਾਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੇ ਮੁਖੀ ਅਹੁਦੇਦਾਰਾਂ ਨੂੰ ਪ੍ਰੇਰ ਕੇ, 'ਸਿੱਖ ਰੈਫ਼ਰੈਂਸ ਲਾਇਬ੍ਰੇਰੀ', ਅਪ੍ਰੈਲ ੧੯੪੬ ਈ. ਵਿਚ ਹੀ ਕਾਇਮ ਕਰਵਾਈ। ਜਿਸ ਦੀ ਪੂਰਣਤਾ 'ਤੇ ਸੰਭਾਲ ਦੀ ਜ਼ਿੰਮੇਵਾਰੀ ਭੀ 'ਸਿੱਖ ਹਿਸਟਰੀ ਸੁਸਾਇਟੀ ਨੂੰ ਸੌਂਪੀ ਗਈ।"[੯] ਪਰ ਪ੍ਰੋ. ਪ੍ਰਕਾਸ਼ ਸਿੰਘ[੧੦] ਅਤੇ ਸਰਮੁਖ ਸਿੰਘ ਅਮੋਲ[੧੧] ਦੇ ਅਨੁਸਾਰ 'ਸਿੱਖ ਰੈਫ਼ਰੈਂਸ ਲਾਇਬ੍ਰੇਰੀ' ੧੯੫੦ ਈ. ਵਿਚ ਬਣਾਈ ਗਈ। ਇਨ੍ਹਾਂ ਵਿਦਵਾਨਾਂ ਅਨੁਸਾਰ ੧੯੫੦ ਈ. ਨੂੰ ਸੈਂਟਰਲ ਸਿੱਖ ਲਾਇਬ੍ਰੇਰੀ ਦਾ ਨਾਮ ਬਦਲ ਕੇ ਸਿੱਖ ਰੈਂਫਰੈਸ ਲਾਇਬ੍ਰੇਰੀ ਰੱਖ ਦਿੱਤਾ ਗਿਆ ਜਦ ਕਿ ਡਾ. ਗੰਡਾ ਸਿੰਘ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੇ ਖੁੱਲ੍ਹਣ ਦੀ ਰਸਮ ਸਮੇਂ ਫਰਵਰੀ ੧੯੪੭ ਈ. ਨੂੰ ਸਿੱਖ ਹਿਸਟਰੀ ਸੁਸਾਇਟੀ ਦੀ ਦੂਜੀ ਸਲਾਨਾ ਰਿਪੋਰਟ ਪੜ੍ਹਦੇ ਹਨ। ਜਿਸ ਤੋਂ ਇਹ ਅੰਦਾਜ਼ਾ ਲਗਦਾ ਹੈ ਕਿ ਸਿੱਖ ਰੈਫ਼ਰੈਂਸ ਲਾਇਬ੍ਰੇਰੀ ੯ ਫਰਵਰੀ, ੧੯੪੭ ਈ. ਨੂੰ ਖੋਲ੍ਹੀ ਗਈ। ਇਹ ਵੀ ਹੋ ਸਕਦਾ ਹੈ ਕਿ ਲਾਇਬ੍ਰੇਰੀ ਖੋਲ੍ਹਣ ਦੀ ਰਸਮ ੧੯੪੭ ਈ. ਨੂੰ ਹੋ ਗਈ ਹੋਵੇ ਪਰ ੧੯੪੭ ਈ. ਵਿਚ ਦੇਸ਼ ਵੰਡ ਹੋਣ ਕਾਰਨ ਸਾਰੇ ਹੀ ਖੇਤਰ ਅਤੇ ਕਾਰਜ ਪ੍ਰਭਾਵਿਤ ਹੋਏ। ਸਿੱਟੇ ਵਜੋਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੀ ਸਥਾਪਤੀ ਇਸ ਪ੍ਰਭਾਵ ਤੋਂ ਅਛੂਤੀ ਨਾ ਰਹੀ ਹੋਵੇ ਅਤੇ ਲਾਇਬ੍ਰੇਰੀ ਦੇ ਸਮੁੱਚੇ ਕਾਰਜ ੧੯੫੦ ਈ. ਤਕ ਪਹੁੰਚ ਗਏ ਹੋਣ ਕਿਉਂਕਿ ਲੱਗਭਗ ੪ ਮਾਰਚ ਤੋਂ ੧੭ ਅਗਸਤ ਤਕ ਸਾਰੇ ਹੀ ਸ਼ਹਿਰਾਂ ਵਿਚ ਹਾਲ ਦੁਹਾਈ ਮੱਚ ਗਈ ਅਤੇ ਹਰ ਪ੍ਰਕਾਰ ਦੇ ਕਾਰੋਬਾਰ ਤਕਰੀਬਨ ਠੱਪ ਹੀ ਹੋ ਗਏ, ਖ਼ਾਸ ਕਰ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਸਾਰੇ ਰਸਤੇ ਬੰਦ ਹੋ ਗਏ ਅਤੇ ਅਣਸੁਖਾਵਾਂ ਮਹੌਲ ਹੋਣ ਕਾਰਨ ਆਵਾਜਾਈ ਨਾਮਾਤਰ ਹੀ ਸੀ। ਸਭ ਤੋਂ ਵੱਡੀ ਸਮੱਸਿਆ ਸ਼ਰਨਾਰਥੀਆਂ ਨੂੰ ਠਹਿਰਾਉਣ ਦੀ ਸੀ ਜਿਸ ਕਾਰਨ ਥਾਂ ਦੀ ਘਾਟ ਨੇ ਸ੍ਰੀ ਦਰਬਾਰ ਸਾਹਿਬ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਕਦਰ ਲਾਚਾਰ ਕਰ ਦਿੱਤਾ ਕਿ ਉਨ੍ਹਾਂ ਨੇ ਸਿੱਖ ਹਿਸਟਰੀ ਸੁਸਾਇਟੀ ਦੇ ਦਫ਼ਤਰ ਵਾਲਾ ਕਮਰਾ ਸ਼ਰਨਾਰਥੀਆਂ ਨੂੰ ਠਹਿਰਾਉਣ ਲਈ ਕੁਝ ਸਮੇਂ ਲਈ ਸੁਸਾਇਟੀ ਤੋਂ ਲੈ ਲਿਆ। ਇਸ ਅਣਹੋਣੀ ਸਮੇਂ ਕੁਝ ਸਮਾਂ ਸੁਸਾਇਟੀ ਦਾ ਦਫ਼ਤਰ ਅਤੇ ਲਾਇਬ੍ਰੇਰੀ ਬੰਦ ਰਹੇ ਜਿਸ ਕਾਰਨ ਖੋਜ ਕਾਰਜ ਮਿੱਥੇ ਟੀਚੇ 'ਤੇ ਨਾ ਹੋ ਸਕੇ। ਇੱਥੋਂ ਤਕ ਕਿ ਸੁਸਾਇਟੀ ਦੇ ਬੋਰਡ ਆਫ਼ ਕੰਟਰੋਲ ਦੇ ਮੈਂਬਰ ਇੰਨੇ ਬੇਵੱਸ ਹੋ ਗਏ ਕਿ ਉਹ ਨਿੱਜੀ ਸਮੱਸਿਆਵਾਂ ਕਾਰਨ ਮਾਰਚ ੧੯੪੮ ਈ. ਤਕ ਵੀ ਸੁਸਾਇਟੀ ਦੀ ਕੋਈ ਖ਼ਬਰ ਸਾਰ ਨਾ ਲੈ ਸਕੇ। ਪ੍ਰਧਾਨ ਸਾਹਿਬ ਬਾਬਾ ਪ੍ਰੇਮ ਸਿੰਘ ਜੀ ਹੋਤੀ ਵੀ ਸੁਸਾਇਟੀ ਨੂੰ ਛੱਡਣ ਲਈ ਬੇਵੱਸ ਹੋ ਗਏ ਅਤੇ ਸਰਦਾਰ ਸੋਹਨ ਸਿੰਘ ਜੀ ਨੂੰ 'ਦਿਆਲ ਸਿੰਘ ਕਾਲਜ ਲਾਹੌਰ' ਤੋਂ ਆਉਣਾ ਪੈ ਗਿਆ ਅਤੇ ਦਫ਼ਤਰ ਨੂੰ ਹਾਲੇ ਤਕ ਉਨ੍ਹਾਂ ਦਾ ਪਤਾ ਨਹੀਂ ਮਿਲ ਸਕਿਆ।[੧੨] ਜੋ ਕਿ ਬਹੁਤ ਹੀ ਦੁਖਦਾਈ ਸੀ। ਇਸ ਤੋਂ ਇਲਾਵਾ ਮੁਨਸ਼ੀ

ਫ਼ੈਜ਼ੁਲ ਹੱਕ ਜੋ ਉਰਦੂ-ਫ਼ਾਰਸੀ ਦੇ ਚੰਗੇ ਵਿਦਵਾਨ ਲਿਖਾਰੀ ਸਨ, ਰਾਹੀਂ ਫ਼ਾਰਸੀ ਦੀਆਂ ਦੁਰਲੱਭ ਪੁਸਤਕਾਂ ਦੇ ਉਤਾਰੇ ਕਰਵਾਉਣ ਦਾ ਕਾਰਜ ਅਰੰਭਿਆ ਗਿਆ। ਉਨ੍ਹਾਂ ਕੁਝ ਸਮੇਂ ਵਿਚ ਹੀ ਗੁਰੂ ਨਾਨਕ ਜੰਤਰੀ ਦੀਆਂ ਚਾਰ ਜਿਲਦਾਂ (੧੪੬੯ ਤੋਂ ੧੯੫੦ ਈ.) ਤਿਆਰ ਕਰ ਲਈਆਂ ਸਨ, ਪਰ ਅਗਸਤ ੧੯੪੭ ਈ. ਦੀ ਤ੍ਰਾਸਦੀ ਕਾਰਨ ਉਨ੍ਹਾਂ ਨੂੰ ਵੀ ਆਪਣੇ ਪਿੰਡ ਜਾਣਾ ਪੈ ਗਿਆ ਜਿਸ ਕਾਰਨ ਇਹ ਕਾਰਜ ਵੀ ਅਧੂਰਾ ਰਹਿ ਗਿਆ। ਚੜ੍ਹਦੀ ਕਲਾ ਵਾਲੀ ਗੱਲ ਇਹ ਸੀ ਕਿ ਇੰਨੇ ਦਰਦਨਾਕ ਮੰਜ਼ਰ ਦੌਰਾਨ ਵੀ ਸੁਹਿਰਦ ਵਿਦਵਾਨ ਕੌਮ ਦੀ ਇਸ ਲਾਇਬ੍ਰੇਰੀ ਲਈ ਪੁਸਤਕਾਂ ਇਕੱਠੀਆਂ ਕਰਨ ਦੇ ਬਿਖਮ ਕਾਰਜ ਲਈ ਗਾਹੇ-ਬਗਾਹੇ ਯਤਨਸ਼ੀਲ ਰਹੇ। ੯ ਫਰਵਰੀ, ੧੯੪੭ ਈ. ਤੋਂ ੧੪ ਮਾਰਚ, ੧੯੪੮ ਈ. ਤਕ ਪੁਸਤਕਾਂ ਦੀ ਗਿਣਤੀ ੫੯੨ ਤਕ ਪਹੁੰਚ ਗਈ ਸੀ। ਖੁਸ਼ਕਿਸਮਤੀ ਦੀ ਗੱਲ ਇਹ ਸੀ ਕਿ ਇਸ ਲਾਇਬ੍ਰੇਰੀ ਨੂੰ ਸਭ ਤੋਂ ਦੁਰਲੱਭ ਅਤੇ ਇਕੱਠੀਆਂ ਪੁਸਤਕਾਂ ਦਾ ਖ਼ਜ਼ਾਨਾ ਮਹਾਨ ਇਤਿਹਾਸਕਾਰ ਦੀਵਾਨ ਬਹਾਦੁਰ ਪ੍ਰੋਫੈਸਰ ਸੀ. ਐਸ. ਸ੍ਰੀ ਨਿਵਾਸਾਚਾਰੀ, ਐਮ. ਏ., ਅੱਨਾਮਲਾਈ ਯੂਨੀਵਰਸਿਟੀ ਤੋਂ ਮਿਲਿਆ।

ਦੂਜੀ ਸਲਾਨਾ ਰਿਪੋਰਟ ਅਨੁਸਾਰ ਫਰਵਰੀ ੧੯੪੭ ਈ. ਤੋਂ ਪਹਿਲਾਂ ਸੁਸਾਇਟੀ ਦੀ ਰਹਿਨੁਮਾਈ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਦੋ ਖੋਜੀ ਵਿਦਵਾਨ ਸ. ਰਣਧੀਰ ਸਿੰਘ ਜੀ ਅਤੇ ਸ. ਸ਼ਮਸ਼ੇਰ ਸਿੰਘ ਜੀ ਅਸ਼ੋਕ ਕਾਰਜਰਤ ਸਨ। ਇਸ ਸਮੇਂ ਦੌਰਾਨ ਸ. ਰਣਧੀਰ ਸਿੰਘ ਜੀ 'ਸ੍ਰੀ ਦਸਮ ਗ੍ਰੰਥ' ਦੇ ਸੰਬੰਧ ਵਿਚ ਦਸਮ ਪਿਤਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਮਕਾਲ ਸਥਿਤੀ ਬਾਰੇ ਖੋਜ ਕਰ ਰਹੇ ਸਨ ਅਤੇ ਸ. ਸ਼ਮਸ਼ੇਰ ਸਿੰਘ ਅਸ਼ੋਕ ਲੰਮੇਰੇ ਸਮੇਂ ਤੋਂ ਪੰਜਾਬ ਸਰਕਾਰ ਦੇ ਰਿਕਾਰਡਜ਼ ਦੀ ਘੋਖ ਪੜ੍ਹਤਾਲ ਵੱਖ-ਵੱਖ ਲਾਇਬ੍ਰੇਰੀਆਂ ਵਿਚ ਜਾ ਕੇ ਕਰ ਰਹੇ ਸਨ।[੧੩]

ਸਿੱਖ ਹਿਸਟਰੀ ਸੁਸਾਇਟੀ ਦਾ ਖੋਜ ਕਾਰਜ ਪ੍ਰਮੁੱਖ ਰੂਪ ਵਿਚ ਡਾ. ਗੰਡਾ ਸਿੰਘ, ਸ. ਰਣਧੀਰ ਸਿੰਘ (ਰੀਸਰਚ ਸਕਾਲਰ), ਸ. ਸ਼ਮਸ਼ੇਰ ਸਿੰਘ ਅਸ਼ੋਕ ਅਤੇ ਮੁਨਸ਼ੀ ਫੈਜ਼ੁਲ ਹੱਕ (ਉਰਦੂ, ਫਾਰਸੀ ਦੇ ਵਿਦਵਾਨ) ਦੇ ਉੱਦਮਾਂ ਅਤੇ ਮਿਹਨਤ ਰਾਹੀਂ ਹੀ ਚਲ ਰਿਹਾ ਸੀ। ਬੋਰਡ ਆਫ਼ ਕੰਟਰੋਲ ਦੀ ਰਹਿਨੁਮਈ ਹੇਠ ਸੁਸਾਇਟੀ ਦੇ ਵਿਦਵਾਨਾਂ ਨੇ ਇਤਿਹਾਸਿਕ ਖੋਜ ਦੇ ਦਾਇਰੇ ਨੂੰ ਹੋਰ ਪ੍ਰਫੁਲਿਤ ਕਰਨ ਲਈ 'ਤਿਮਾਹੀ ਪੱਤ੍ਰ' ਅਰੰਭ ਕਰਨ ਦਾ ਫ਼ੈਸਲਾ ਕੀਤਾ ਗਿਆ। ਜਿਸ ਦਾ ਨਾਮ 'ਇਤਿਹਾਸਕ ਪੱਤ੍ਰ' ਰੱਖਿਆ ਗਿਆ। ਇਸ ਤਿਮਾਹੀ ਪੱਤ੍ਰ ਦਾ ਮਨੋਰਥ ਸਿੱਖ ਤਵਾਰੀਖ਼ ਦੇ ਮੁਢਲੇ ਸ੍ਰੋਤਾਂ ਨੂੰ ਪ੍ਰਕਾਸ਼ਿਤ ਕਰ ਕੇ ਪਾਠਕਾਂ ਅਤੇ ਇਤਿਹਾਸ ਲਿਖਾਰੀਆਂ ਲਈ ਪੁਖ਼ਤਾ ਜਾਣਕਾਰੀ ਉਪਲਬਧ ਕਰਾਉਣਾ ਸੀ। 'ਇਤਿਹਾਸਕ ਪੱਤ੍ਰ' ਦੀ ਸੈਂਚੀ ੧ (ਪਹਿਲੀ), ਅੰਕ ੧ (ਵੈਸਾਖ, ਜੇਠ, ਹਾੜ੍ਹ) ੪੮੧ ਸੰ: ਨਾ:= ੨੦੦੬ ਬਿ:=੧੯੪੯ ਈ: ਨੂੰ ਸਿੱਖ

ਹਿਸਟਰੀ ਸੁਸਾਇਟੀ ਅੰਮ੍ਰਿਤਸਰ ਰਾਹੀਂ ਪ੍ਰਕਾਸ਼ਿਤ ਹੋਈ ਅਤੇ ਪਹਿਲੇ ਸੰਪਾਦਕ ਸ. ਸਰਮੁਖ ਸਿੰਘ ਅਮੋਲ ਸਨ। ਸਿੱਖ ਹਿਸਟਰੀ ਸੁਸਾਇਟੀ ਦੇ 'ਇਤਿਹਾਸਕ – ਪੱਤ੍ਰ' ਵਿਚ ਸਮੇਂ-ਸਮੇਂ 'ਤੇ ਛਪੀ ਇਤਿਹਾਸਿਕ ਸਮੱਗਰੀ ਨੂੰ ਬਾਅਦ ਵਿਚ ਕਿਤਾਬੀ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ।

ਸਿੱਖ ਇਤਿਹਾਸ ਅਤੇ ਸਾਹਿਤ ਦੇ ਪਾਠਕਾਂ ਅਤੇ ਵਿਦਵਾਨਾਂ ਵਿਚ ਇਤਿਹਾਸ ਪ੍ਰਤੀ ਹੋਰ ਦਿਲਚਸਪੀ ਵਧਾਉਣ ਅਤੇ ਸੁਸਾਇਟੀ ਦੇ ਪ੍ਰਸਾਰ ਲਈ ੧੯੪੭ ਈ. ਵਿਚ ਸੁਘੜ ਸਿਆਣੇ ਮੈਂਬਰਾਂ ਨੇ ਇਕ ਲੈਕਚਰ ਲੜੀ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ। ਜਿਸ ਵਿਚ ਇਹ ਵਿਚਾਰਿਆ ਗਿਆ ਕਿ ਇਹ ਲੈਕਚਰ ਪੰਦਰ੍ਹਾਂ ਦਿਨ ਦੇ ਵਕਫੇ ਨਾਲ ਹੋਇਆ ਕਰਨਗੇ। ਜੇਕਰ ਸ਼ੁਰੂਆਤੀ ਦੌਰ ਵਿਚ ਪੰਦਰਾਂ ਦਿਨ ਬਾਅਦ ਲੈਕਚਰ ਕਰਵਾਉਣਾ ਸੰਭਵ ਨਾ ਹੋ ਸਕਿਆ ਤਾਂ ਘੱਟੋ-ਘੱਟ ਮਹੀਨੇ ਵਿਚ ਇਕ ਲੈਕਚਰ ਤਾਂ ਲਾਜ਼ਮੀ ਕਰਵਾਇਆ ਜਾਵੇਗਾ। ਲੈਕਚਰ ਲਿਖੇ ਹੋਣਗੇ ਜੋ ਪੜ੍ਹਨ ਉਪਰੰਤ ਵਿਚਾਰ ਵਿਮਰਸ਼ ਲਈ ਵਿਦਵਾਨਾਂ ਸਨਮੁਖ ਪੇਸ਼ ਕੀਤੇ ਜਾਇਆ ਕਰਨਗੇ ਜੋ ਸਾਲ ਦੇ ਅੰਤ 'ਤੇ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕੀਤੇ ਜਾਣਗੇ ਜਿਸ ਨਾਲ ਸੁਸਾਇਟੀ ਦੀ ਖੋਜ ਪ੍ਰਕ੍ਰਿਆ ਅਤੇ ਖੋਜ ਭੰਡਾਰ ਦਿਨ-ਬ-ਦਿਨ ਹੋਰ ਅਮੀਰ ਹੁੰਦੇ ਜਾਣਗੇ ਅਤੇ ਭਵਿੱਖ ਵਿਚ ਇਹ ਇਤਿਹਾਸ ਖੋਜੀਆਂ ਲਈ ਲਾਹੇਵੰਦ ਸਾਬਿਤ ਹੋਣਗੇ। ਰੀਸਰਚ ਸਕਾਲਰ ਰਣਧੀਰ ਸਿੰਘ ਜੀ ਇਸ ਲੈਕਚਰ ਲੜੀ ਲਈ ਬਹੁਤ ਭਾਵਪੂਰਤ ਸ਼ਬਦ 'ਕਮਰਾ ਲੈਕਚਰ ਦੀ ਪ੍ਰਥਾ' ਵਰਤਦੇ ਹੋਏ ਲਿਖਦੇ ਹਨ ਕਿ ਇੰਞ ਤਿਆਰ ਹੋਏ ਲੈਕਚਰ, ਪੁਰਾਤਨ ਅਣਛਪੇ ਲੇਖ ਤੇ ਬਾਹਰੋਂ ਆਈਆਂ ਇਤਿਹਾਸਿਕ ਪੁੱਛਾਂ ਦੇ ਉੱਤਰ ਇਸ ਮੈਗਜ਼ੀਨ ਵਿਚ ਪ੍ਰਕਾਸ਼ਿਤ ਕਰਨੇ ਅਰੰਭੇ। ਅਰੁ ਉਨ੍ਹਾਂ ਨੂੰ ਨਾਲੋਂ ਨਾਲ 'ਪੁਸਤਕ' ਰੂਪ ਦੇਣਾ ਭੀ ਸ਼ੁਰੂ ਕਰ ਦਿੱਤਾ।[੧੪]

੧੯੪੭ ਈ. ਦੀ ਉਥਲ-ਪੁਥਲ ਕਾਰਨ ਇਸ ਲੈਕਚਰ ਲੜੀ ਦਾ ਆਗ਼ਾਜ਼ ਮਿੱਥੇ ਸਮੇਂ ਅਨੁਸਾਰ ਸੰਭਵ ਨਾ ਹੋ ਸਕਿਆ। ਉਪਰੰਤ ੧੯੪੯ ਈ. ਨੂੰ ਇਸ ਤਜਵੀਜ਼ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਲੈਕਚਰ ਲੜੀ ਸ਼ੁਰੂ ਕੀਤੀ ਗਈ। ਗੁਰਦੁਆਰਾ ਗਜ਼ਟ[੧੫] ਮੈਗਜ਼ੀਨ ਵਿੱਚੋਂ ਮਿਲਦੇ ਹਵਾਲੇ ਅਨੁਸਾਰ ੧੯ ਜੁਲਾਈ, ੧੯੪੯ ਈ. ਤਕ ਅੱਠ ਲੈਕਚਰ ਹੋਏ ਸਨ।

ਲਾਇਬ੍ਰੇਰੀ ਦਾ ਕਾਰਜ ਲੱਗਭਗ ੧੯੫੯ ਈ. ਤਕ ਸ੍ਰੀ ਗੁਰੂ ਰਾਮਦਾਸ ਨਿਵਾਸ ਵਿਚ ਹੀ ਚੱਲਦਾ ਰਿਹਾ, ਉਪਰੰਤ ਲਾਇਬ੍ਰੇਰੀ ਨੂੰ ਸ੍ਰੀ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਸਮੇਂ ਘੰਟਾ ਘਰ ਦੇ ਦੂਜੇ ਪਾਸੇ, ਆਟਾ ਮੰਡੀ (ਘੰਟਾ ਘਰ ਦੱਖਣੀ ਬਾਹੀ) ਤਬਦੀਲ ਕਰ ਦਿੱਤਾ ਗਿਆ, ਇਸ ਲਾਇਬ੍ਰੇਰੀ ਵਾਲੀ ਇਮਾਰਤ ਦਾ ਨਾਂ ਪੰਥਕ ਕਵੀ ਦੇ ਨਾਮ 'ਤੇ 'ਮਹਾਂ ਕਵੀ ਸੰਤੋਖ ਸਿੰਘ ਜੀ ਹਾਲ' ਰੱਖ ਦਿੱਤਾ ਗਿਆ। ਇਸ ਤੋਂ ਪਹਿਲਾਂ 'ਗੁਰੂ ਰਾਮਦਾਸ ਲਾਇਬ੍ਰੇਰੀ' ਵੀ ਲੱਗਭਗ ਸੰਨ ੧੯੨੯ਈ.

ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਸੀ।

ਸਿੱਖ ਹਿਸਟਰੀ ਸੁਸਾਇਟੀ ਦੇ ਵਿਦਵਾਨਾਂ ਨੇ ਆਪਣੇ ਮੰਤਵ ਦੀ ਪੂਰਤੀ ਹਿੱਤ ਮਾਰਚ ੧੯੪੮ ਈ. ਤਕ 'ਮਾਖ਼ਿੱਜ਼ਿ ਤਵਾਰੀਖ਼ਿ-ਸਿੱਖਾਂ' (ਫ਼ਾਰਸੀ) ਦੀ ਪਹਿਲੀ ਜਿਲਦ ਤਿਆਰ ਕਰ ਲਈ ਸੀ। ਜੋ ਕਾਗਜ਼ ਦੀ ਕਿੱਲਤ ਖ਼ਤਮ ਹੋਣ ਤੋਂ ਬਾਅਦ ਛਾਪੀ ਗਈ। ਰੀਸਰਚ ਸਕਾਲਰ ਸ. ਰਣਧੀਰ ਸਿੰਘ ਜੀ ਨੇ ਇਸੇ ਸਮੇਂ ਦੌਰਾਨ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੂਚੀ ਬੜੀ ਲਗਨ ਨਾਲ ਤਿਆਰ ਕਰਨੀ ਸ਼ੁਰੂ ਕਰ ਦਿੱਤੀ।

'ਸਿੱਖ ਹਿਸਟਰੀ ਸੁਸਾਇਟੀ' ਨੇ ਛੇ-ਸਤ ਸਾਲਾਂ ਦਰਮਿਆਨ ਹੀ ਕਈ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ, ਜਿਨ੍ਹਾਂ ਵਿਚ 'ਮਾਖ਼ਿਜ਼ਿ ਤਵਾਰੀਖ਼ਿ-ਸਿੱਖਾਂ' (ਫ਼ਾਰਸੀ), 'ਔਰਾਕਿ ਪ੍ਰੀਸ਼ਾਨ-ਤਵਾਰੀਖ਼ਿ ਪੰਜਾਬ' (ਫ਼ਾਰਸੀ), 'ਮੁਖ਼ਤਿਸਰ ਨਾਨਕ ਸ਼ਾਹੀ ਜੰਤਰੀ' (ਉਰਦੂ), 'ਸਿੱਖ ਇਤਿਹਾਸਕ ਯਾਦਗਾਰਾਂ', 'ਗੁਰਪ੍ਰਣਾਲੀਆਂ', 'ਵਾਰ ਅੰਮ੍ਰਿਤਸਰ ਕੀ', 'ਸ਼ਾਹਨਾਮਾ-ਇ-ਰਣਜੀਤ ਸਿੰਘ', 'ਤਵਾਰੀਖ ਅੰਮ੍ਰਿਤਸਰ' (ਉਰਦੂ, ਫ਼ਾਰਸੀ), 'ਪ੍ਰੇਮ ਸੁਮਾਰਗ ਗ੍ਰੰਥ', 'ਸੂਚੀ-ਪੱਤ੍ਰ' (ਦੋ ਭਾਗ), 'ਅਫ਼ਗਾਨਿਸਤਾਨ ਵਿਚ ਇਕ ਮਹੀਨਾ' ਆਦਿ ਹਨ।

ਡਾ. ਗੰਡਾ ਸਿੰਘ ਦੁਆਰਾ ਪਟਿਆਲਾ ਆਰਕਾਇਵ, ਮਹਿਕਮਾ ਪੰਜਾਬੀ (ਭਾਸ਼ਾ ਵਿਭਾਗ) ਅਤੇ ਖਾਲਸਾ ਕਾਲਜ (ਪਟਿਆਲਾ) ਦਾ ਕਾਰਜਭਾਰ ਸੰਭਾਲਣ ਕਾਰਨ 'ਸਿੱਖ-ਹਿਸਟਰੀ ਸੁਸਾਇਟੀ' ਦਾ ਕਾਰਜ ਸੰਕੁਚਿਤ ਹੁੰਦਾ ਗਿਆ। ਇਸੇ ਸਮੇਂ ਦੌਰਾਨ ਇਹ ਗੱਲ ਵੀ ਉੱਠ ਰਹੀ ਸੀ ਕਿ 'ਸਿੱਖ-ਹਿਸਟਰੀ ਸੁਸਾਇਟੀ' ਦਾ ਕਾਰਜ ਸਮੁੱਚੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਪ੍ਰਬੰਧ ਹੇਠ ਲੈ ਆਉਣਾ ਚਾਹੀਦਾ ਹੈ। ਸਿੱਖ ਇਤਿਹਾਸ ਨੂੰ ਸੰਭਾਲਣ ਦੀ ਪ੍ਰਮੁੱਖ ਲੋੜ ਨੂੰ ਪੂਰਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਚੇਚਾ ਧਿਆਨ ਦੇ ਕੇ ਫਿਰ ਯਤਨ ਅਰੰਭ ਕੀਤੇ ਗਏ। ਪ੍ਰੋ. ਪ੍ਰਕਾਸ਼ ਸਿੰਘ ਅਨੁਸਾਰ ੧੯੬੩ ਈ. ਵਿਚ ਸਿੱਖ ਹਿਸਟਰੀ ਸੁਸਾਇਟੀ ਦਾ ਨਾਂ ਬਦਲ ਕੇ ਮੌਜੂਦਾ ਨਾਂ ਸਿੱਖ ਇਤਿਹਾਸ ਰੀਸਰਚ ਬੋਰਡ ਰੱਖਿਆ ਗਿਆ। ਜਿਸ ਦਾ ਪਹਿਲਾ ਸਮਾਗਮ 'ਸਿੱਖ ਇਤਿਹਾਸ ਸੰਮੇਲਨ' ਦੇ ਨਾਂ ਹੇਠ ੨੮ ਮਾਰਚ, ੧੯੬੪ ਈ. ਨੂੰ ਸ੍ਰੀ ਅੰਮ੍ਰਿਤਸਰ ਦੀ ਧਰਤੀ 'ਤੇ ਅਲੀਗੜ੍ਹ ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਮਿਸਟਰ ਬਦਰੁਦੀਨ ਤਯੁੱਬ ਦੀ ਪ੍ਰਧਾਨਗੀ ਹੇਠ ਹੋਇਆ। ਜਿਸ ਵਿਚ ਡਾ. ਗੰਡਾ ਸਿੰਘ ਜੀ ਨੂੰ ਸਿਰੋਪਾਉ ਅਤੇ ਇਕ ਹਜ਼ਾਰ ਰੁਪਏ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੰਜਾਬ ਭਰ ਤੋਂ ਵਿਦਵਾਨਾਂ ਨੇ ਸ਼ਮੂਲੀਅਤ ਕੀਤੀ। ਇਸ ਸਮੇਂ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਮੈਂਬਰ-ਪ੍ਰਧਾਨ ਸੰਤ ਚੰਨਣ ਸਿੰਘ ਜੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ), ਡਾ. ਹਰਬੰਤ ਸਿੰਘ, ਪ੍ਰੋ. ਸਤਿਬੀਰ ਸਿੰਘ, ਸ. ਜਸਬੀਰ ਸਿੰਘ, ਜਥੇ. ਜੀਵਨ ਸਿੰਘ ਉਮਰਾਨੰਗਲ ਸਨ। ਉਸ ਸਮੇਂ ਬੋਰਡ ਦੇ ਇੰਚਾਰਜ ਸ. ਸ਼ਮਸ਼ੇਰ ਸਿੰਘ ਅਸ਼ੋਕ ਸਨ ਜੋ ਕਿ ਸਿੱਖ

ਰੈਫਰੈਂਸ ਲਾਇਬ੍ਰੇਰੀ ਦੇ ਲਾਇਬ੍ਰੇਰੀਅਨ ਵੀ ਸਨ।[੧੬]

ਸੰਮੇਲਨ ਕਰਵਾਉਣ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਦੂਜਾ ਸਿੱਖ ਇਤਿਹਾਸ ਸੰਮੇਲਨ ੨੯ ਜਨਵਰੀ, ੧੯੬੬ ਈ. ਨੂੰ ਅੰਮ੍ਰਿਤਸਰ ਵਿਖੇ ਪ੍ਰੋ. ਗੁਰਮੁਖ ਨਿਹਾਲ ਸਿੰਘ ਜੀ ਦੀ ਪ੍ਰਧਾਨਗੀ ਵਿਚ ਹੋਇਆ। ਇਸ ਸੰਮੇਲਨ ਵਿਚ ਡਾ. ਹਰੀ ਰਾਮ ਗੁਪਤਾ ਜੀ ਨੂੰ ਅਭਿਨੰਦਨ ਪੱਤਰ, ਸਿਰੋਪਾਉ ਅਤੇ ਇੱਕ ਹਜ਼ਾਰ ਰੁਪਏ ਨਾਲ ਸਨਮਾਨਿਤ ਕੀਤਾ ਗਿਆ।

ਸਿੱਖ ਹਿਸਟਰੀ ਸੁਸਾਇਟੀ ਦੁਆਰਾ ੧੯੫੦ ਈ. ਵਿਚ ਛਪੀ ਪੁਸਤਕ-ਸੂਚੀ ਅਨੁਸਾਰ ਲਾਇਬ੍ਰੇਰੀ ਵਿਖੇ ੨੩੩੫ ਪੰਜਾਬੀ ਪੁਸਤਕਾਂ, ੧੫੪੮ ਅੰਗਰੇਜ਼ੀ ਪੁਸਤਕਾਂ ਤੋਂ ਇਲਾਵਾ ਆਸਾਮੀ, ਹਿੰਦੀ, ਉਰਦੂ, ਫ਼ਾਰਸੀ, ਸਿੰਧੀ, ਬੰਗਾਲੀ ਪੁਸਤਕਾਂ ਉਪਲਬਧ ਸਨ। 'ਸਾਡਾ ਹੱਥ ਲਿਖਤ ਪੰਜਾਬੀ ਸਾਹਿਤ' ਅਨੁਸਾਰ ੧੯੬੮ ਈ. ਸਮੇਂ ਇੱਥੇ ੩੯੨ ਹੱਥ-ਲਿਖਤਾਂ ਮੌਜੂਦ ਸਨ।[੧੭] ਇਸ ਤੋਂ ਬਿਨਾਂ ਗੁਰੂ ਸਾਹਿਬਾਨ ਦੁਆਰਾ ਜਾਰੀ ਕੀਤੇ ਹੁਕਮਨਾਮੇ, ੪੦੦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ-ਲਿਖਤ ਬੀੜਾਂ ਵੀ ਸ਼ਾਮਲ ਸਨ। ਸਿੱਖ ਇਤਿਹਾਸ ਸੰਬੰਧੀ ਵੱਡੀ ਮਾਤਰਾ ਵਿਚ ਜਮ੍ਹਾਂ ਦੁਰਲੱਭ ਖ਼ਜ਼ਾਨਾ ਅਤੇ ਤਾਰੀਖ਼ੀ ਰਿਕਾਰਡ ਨੂੰ ਕੇਂਦਰ ਸਰਕਾਰ ਵੱਲੋਂ ਜੂਨ ੧੯੮੪ ਈ. ਦੇ ਖੂਨੀ ਸਾਕੇ ਵੇਲੇ ਇਸ ਲਾਇਬ੍ਰੇਰੀ ਵਿੱਚੋਂ ਖੁਰਦ-ਬੁਰਦ ਕੀਤਾ ਗਿਆ। ਇਸ ਤਬਾਹੀ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਹੁਤ ਰੀਕਾਰਡ ਸੜ ਗਿਆ। ਭਾਵੇਂ ਕਿ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦਾ ਪੁਨਰ-ਗਠਨ ਕੀਤਾ ਗਿਆ ਹੈ ਪਰ ਜੋ ਦੁਰਲੱਭ ਖ਼ਜ਼ਾਨਾ ਨਸ਼ਟ ਹੋ ਗਿਆ ਉਸ ਦੀ ਭਰਪਾਈ ਕਦੇ ਵੀ ਨਹੀਂ ਹੋ ਸਕਦੀ।

*ਅਸੀਂ ਮੰਨੂ ਦੇ ਸੋਏ* ਅਨੁਸਾਰ ਹੁਣ ਫਿਰ ਲਾਇਬ੍ਰੇਰੀ ਦੇ ਪੁਨਰ-ਗਠਨ ਤਹਿਤ ਨਿਰੰਤਰ ਇਸ਼ਤਿਹਾਰਾਂ ਦੇ ਮਾਧਿਅਮ ਨਾਲ ਸਮਾਜਿਕ ਸੰਸਥਾਵਾਂ, ਅਕਾਦਮਿਕ ਸੰਸਥਾਵਾਂ ਅਤੇ ਵਿਅਕਤੀਆਂ ਦੇ ਸਹਿਯੋਗ ਰਾਹੀਂ ਪੁਸਤਕਾਂ ਅਤੇ ਖਰੜੇ ਇਕੱਤਰ ਕੀਤੇ ਗਏ ਹਨ ਅਤੇ ਨਿਰੰਤਰ ਕੀਤੇ ਜਾ ਰਹੇ ਹਨ। ਬਹੁਤ ਸਾਰੇ ਵਿਦਵਾਨਾਂ ਵੱਲੋਂ ਆਪਣੀਆਂ ਨਿੱਜੀ ਲਾਇਬ੍ਰੇਰੀਆਂ 'ਸਿੱਖ ਰੈਫ਼ਰੈਂਸ ਲਾਇਬ੍ਰੇਰੀ' ਨੂੰ ਭੇਟ ਕੀਤੀਆਂ ਗਈਆਂ ਹਨ। ਮੌਜੂਦਾ ਸਮੇਂ ਲਾਇਬ੍ਰੇਰੀ ਵਿਖੇ ੨੫੫੦੦ ਤੋਂ ਉੱਪਰ ਕਿਤਾਬਾਂ (ਪੰਜਾਬੀ, ਅੰਗਰੇਜ਼ੀ, ਉਰਦੂ, ਫ਼ਾਰਸੀ, ਹਿੰਦੀ, ਗੁਜਰਾਤੀ, ਤੇਲਗੂ ਆਦਿ ਭਾਸ਼ਾਵਾਂ), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਤੇ ਹੋਰ ਹੱਥ-ਲਿਖਿਤ ਪੋਥੀਆਂ ਮੌਜੂਦ ਹਨ। ਲੰਬੇ ਸਮੇਂ ਤੋਂ ਮੌਜੂਦ ਵੱਖ-ਵੱਖ ਪੁਰਾਤਨ ਅਖ਼ਬਾਰਾਂ ਇੱਥੇ ਸੁਚੱਜੇ ਢੰਗ ਨਾਲ ਆਪਟੀਮਾਇਜ਼ਰ ਵਿਚ ਸੰਭਾਲ ਤਹਿਤ ਰੱਖੀਆਂ ਹਨ। ਇਸ ਲਾਇਬ੍ਰੇਰੀ ਵਿਖੇ ਫ਼ੋਟੋ ਐਲਬਮ ਵੀ ਮੌਜੂਦ ਹਨ ਜੋ ਕਿ ਧਰਮ ਯੁੱਧ ਮੋਰਚਿਆਂ, ਅਕਾਲੀ ਮੋਰਚਿਆਂ ਅਤੇ ਸ਼ਤਾਬਦੀਆਂ ਨਾਲ ਸੰਬੰਧਿਤ ਹਨ। ਲਾਇਬ੍ਰੇਰੀ ਵਿਖੇ ਸਿੱਖ ਇਤਿਹਾਸ ਤੇ ਸਾਹਿਤ ਸੰਬੰਧੀ ਵਿਭਿੰਨ ਮੈਗਜ਼ੀਨ ਵੀ ਉਪਲਬਧ ਹਨ। ਇਸ ਅਨਮੋਲ ਖ਼ਜ਼ਾਨੇ ਦੀ ਸੰਭਾਲ,

ਟਰੀਟਮੈਂਟ ਅਤੇ ਪ੍ਰੀਜ਼ਰਵ ਕਰਨ ਲਈ ਫਿਊਮੀਗੇਸ਼ਨ ਚੈਂਬਰ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਖਜ਼ਾਨੇ ਦਾ ਡਿਜ਼ੀਟਾਈਜੇਸ਼ਨ ਕਾਰਜ ਵੀ ਲਗਾਤਾਰ ਚੱਲ ਰਿਹਾ ਹੈ।

'ਸਿੱਖ ਇਤਿਹਾਸ ਰੀਸਰਚ ਬੋਰਡ'ਦੇ ਕਾਰਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਨਿਯਤ ਕੀਤੇ ਬੋਰਡ ਦੇ ਮੈਂਬਰਾਂ ਦੀ ਅਗਵਾਈ ਹੇਠ ਚੱਲਦੇ ਹਨ। ਇਸ ਸਮੇਂ (੨੦੨੦ ਈ.) ਬੋਰਡ ਦੇ ਮੈਂਬਰਾਂ ਵਜੋਂ ਪ੍ਰਿੰ. ਪ੍ਰਭਜੋਤ ਕੌਰ, ਡਾ. ਬਲਵੰਤ ਸਿੰਘ (ਢਿੱਲੋਂ), ਡਾ. ਪਰਮਵੀਰ ਸਿੰਘ, ਸ. ਹਰਵਿੰਦਰ ਸਿੰਘ ਖਾਲਸਾ ਸੇਵਾਵਾਂ ਨਿਭਾਅ ਰਹੇ ਹਨ। ਬੋਰਡ ਵਿਚ ਹੁਣ ਅੱਠ ਰੀਸਰਚ ਸਕਾਲਰ ਵੱਖ-ਵੱਖ ਖੋਜ -ਕਾਰਜਾਂ 'ਤੇ ਕਾਰਜ ਕਰ ਰਹੇ ਹਨ। ਸਿੱਖ ਇਤਿਹਾਸ ਰੀਸਰਚ ਬੋਰਡ ਵਿਖੇ ਚਾਰ ਖੋਜ ਕਾਰਜਸ਼ਾਲਾ ਲੱਗ ਚੁੱਕੀਆਂ ਹਨ ਅਤੇ ਲੈਕਚਰ ਲੜੀ ਵੀ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਤਿੰਨ ਲੈਕਚਰ ਹੋ ਚੁੱਕੇ ਹਨ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਇਹ ਵਿਭਾਗ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰੇ।

**ਹਵਾਲੇ :-**


੮. ਡਾ. ਗੰਡਾ ਸਿੰਘ, *ਸਿੱਖ ਹਿਸਟਰੀ ਸੁਸਾਇਟੀ ਦੀ ਪਹਿਲੀ ਸਲਾਨਾ ਰਿਪੋਰਟ,* ਸਰਮੁਖ ਸਿੰਘ ਅਮੋਲ (ਸੰਪਾ.), ਇਤਿਹਾਸਕ ਪੱਤ੍ਰ, ਅੰਕ ੧, ਸਿੱਖ ਹਿਸਟਰੀ ਸੁਸਾਇਟੀ, ਅੰਮ੍ਰਿਤਸਰ, ੧੯੪੯ ਪੰ. ੧੩.

੯. ਰਣਧੀਰ ਸਿੰਘ (ਸੰਪਾ.), *ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੪੭, ਪੰ. ਘ.

੧੦. ਪ੍ਰਕਾਸ਼ ਸਿੰਘ (ਪ੍ਰੋ.), (ਸੰਪਾ.), *ਪਹਿਲਾ ਸਿੱਖ ਇਤਿਹਾਸ ਸੰਮੇਲਨ*, ਗੁਰਮਤਿ ਪ੍ਰਕਾਸ਼, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਮਈ, ੧੯੬੪. ਪੰ. ੬.

੧੧. ਸ਼ਮਸ਼ੇਰ ਸਿੰਘ, ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ* ਦੀ ਸ਼ੁਰੂਆਤ ਵਿਚ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਇੰਚਾਰਜ ਐਸ. ਐਸ. ਅਮੋਲ ਲਾਇਬ੍ਰੇਰੀ ਦੀ ਸਥਾਪਨਾ ੧੯੫੦ ਈ. ਲਿਖਦੇ ਹਨ।

੧੨. *ਇਤਿਹਾਸਕ ਪੱਤ੍ਰ*, ਅੰਕ੧, ਸੈਂਚੀ ੧, ਸਿੱਖ ਹਿਸਟਰੀ ਸੁਸਾਇਟੀ, ਅੰਮ੍ਰਿਤਸਰ, ੧੯੪੯, ਪੰ. ੩੧

੧੩. *ਉਹੀ,* ਪੰ. ੨੬.

੧੪. ਰਣਧੀਰ ਸਿੰਘ, *ਉਕਤ,* ਪੰ. ਘ,ਙ.

੧੫. *ਗੁਰਦੁਆਰਾ ਗਜ਼ਟ,* ਅਗਸਤ, ੧੯੪੮. ਪੰਨਾ ੫੩.

੧੬. ਪ੍ਰਕਾਸ਼ ਸਿੰਘ (ਪ੍ਰੋ.), *ਉਕਤ,* ਪੰ. ੬.

੧੭. ਸ਼ਮਸ਼ੇਰ ਸਿੰਘ ਅਸ਼ੋਕ, *ਸਾਡਾ ਹੱਥ ਲਿਖਿਤ ਪੰਜਾਬੀ ਸਾਹਿੱਤ,* ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ, ੧੯੬੮. ਭੂਮਿਕਾ ■

# ਕਿਸਾਨ ਅੰਦੋਲਨ ਦੀ ਪ੍ਰੇਰਕ ਸ਼ਕਤੀ

*-ਸ. ਜਗਰੂਪ ਸਿੰਘ ਛੀਨਾ ਬਿਧੀ ਚੰਦ**

ਜ਼ਾਬਰ ਹਕੂਮਤਾਂ ਨੇ ਜਦੋਂ ਜਦੋਂ ਵੀ ਲੋਕਾਈ ਉੱਤੇ ਜ਼ੁਲਮ ਢਾਹਿਆ ਹੈ, ਉਸ ਨੂੰ ਠੱਲ੍ਹ ਪਾਉਣ ਲਈ ਕਿਸੇ ਨਾ ਕਿਸੇ ਕ੍ਰਾਂਤੀ ਦਾ ਜਨਮ ਹੋਇਆ ਹੈ। ਐਸੀਆਂ ਕ੍ਰਾਂਤੀਆਂ ਇਤਿਹਾਸਿਕ ਹੋ ਨਿਬੜਦੀਆਂ ਹਨ। ਇਸ ਵਿਚ 'ਫਰਾਂਸ ਦੀ ਕ੍ਰਾਂਤੀ', 'ਰੂਸ ਦੀ ਕ੍ਰਾਂਤੀ' ਤੇ ਮੌਜੂਦਾ ਸਮੇਂ ਦਿੱਲੀ ਵਿਚ ਚੱਲ ਰਹੀ ਦੇਸ਼ ਭਰ ਦੇ 'ਕਿਸਾਨਾਂ ਦੀ ਕ੍ਰਾਂਤੀ' ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।

ਹਰੇਕ ਕ੍ਰਾਂਤੀ ਕਿਸੇ ਨਾ ਕਿਸੇ ਵਿਚਾਰਧਾਰਾ ਨੂੰ ਪ੍ਰਣਾਈ ਹੁੰਦੀ ਹੈ। ਭਾਵ ਉਹ ਆਪਣੇ ਸੰਘਰਸ਼ ਨੂੰ ਕਿਸੇ ਨਾ ਕਿਸੇ ਵਿਚਾਰਧਾਰਾ ਦੀ ਰੋਸ਼ਨੀ ਵਿਚ ਅੱਗੇ ਵੱਲ ਵਧਾਉਂਦੀ ਹੈ। ਉਹੋ ਵਿਚਾਰਧਾਰਾ ਉਸ ਸੰਘਰਸ਼ ਦੀ ਪ੍ਰੇਰਕ ਸ਼ਕਤੀ ਬਣ ਜਾਂਦਾ ਹੈ। ਹਥਲੇ ਲੇਖ ਵਿਚ ਮੌਜੂਦਾ ਸਮੇਂ ਚੱਲ ਰਹੇ ਕਿਸਾਨ ਸੰਘਰਸ਼ ਦੀ ਪ੍ਰੇਰਕ ਸ਼ਕਤੀ ਤੇ ਇਸ ਅੰਦੋਲਨ ਦੀਆਂ ਸਥਾਪਨਾਵਾਂ ਬਾਰੇ ਚਰਚਾ ਕੀਤੀ ਜਾਵੇਗੀ।

ਲੇਖ ਦੀਆਂ ਸੀਮਾਵਾਂ ਨੂੰ ਧਿਆਨ 'ਚ ਰੱਖਦਿਆਂ ਹੋਇਆਂ ਅਸੀਂ ਇਸ ਦੇ ਪੰਜਾਬ ਤੋਂ ਸ਼ੁਰੂ ਹੋ ਕੇ ਦਿੱਲੀ ਰਵਾਨਾ ਹੋਣ ਤਕ ਦਾ ਸਫਰ ਛੱਡ ਰਹੇ ਹਾਂ। ਗੱਲ ਕਰਾਂਗੇ ਪੂਰੀ ਤਰ੍ਹਾਂ ਮਘੇ ਹੋਏ ਅੰਦੋਲਨ ਦੀ। ਪੰਜਾਬ ਦੇ ਕਿਸਾਨਾਂ ਵੱਲੋਂ ਵਿੱਢੇ ਹੋਏ ਸੰਘਰਸ਼ ਨੂੰ ਇਸ ਵੇਲੇ ਦੇਸ਼ ਭਰ ਦੇ ਕਿਸਾਨਾਂ ਦੇ ਨਾਲ ਨਾਲ ਸਮੁੱਚੀ ਲੋਕਾਈ ਦਾ ਡਟਵਾਂ ਸਮਰਥਨ ਆਪਣੇ ਪੂਰੇ ਜਲੌਅ ਵਿਚ ਪ੍ਰਕਾਸ਼ਮਾਨ ਹੋ ਰਿਹਾ ਹੈ। ਇਸ ਅੰਦੋਲਨ ਨੂੰ ਹਰ ਪੱਖ ਤੋਂ ਜਿੱਥੇ ਜਨਤਾ ਦਾ ਪੂਰਨ ਸਹਿਯੋਗ ਮਿਲ ਰਿਹਾ ਹੈ, ਉੱਥੇ ਹਕੂਮਤ ਪੱਖੀ ਕੁਝ ਬਦਹਵਾਸ ਕਿਸਮ ਦੇ ਲੋਕ ਇਸ 'ਜਨ-ਸੈਲਾਬ' ਨੂੰ 'ਜਵਾਨੀ ਦੇ ਜ਼ੋਸ਼ ਦਾ ਉਬਾਲ' ਤੇ ਕਈ 'ਲੋਕਾਂ ਦਾ ਭਾਵਕ ਇਕੱਠ' ਦੱਸ ਰਹੇ ਹਨ। ਉਨ੍ਹਾਂ ਨੂੰ ਇਹ ਸਵਾਲ ਕਰਨਾ ਬਣਦਾ ਹੈ ਕਿ ਕੀ ਦੇਸ਼ ਦੇ ਕਿਸੇ ਹੋਰ ਖਿੱਤੇ 'ਚ 'ਜਵਾਨੀ ਦਾ ਜੋਸ਼' ਤੇ 'ਭਾਵੁਕਤਾ ਦੀ ਫ਼ਸਲ' ਪੈਦਾ ਨਹੀਂ ਹੁੰਦੀ? ਇਹ ਜਵਾਨੀ ਦੇ ਜੋਸ਼ ਦਾ ਉਬਾਲ ਜਾਂ ਭਾਵੁਕ ਲੋਕਾਂ ਦਾ ਇਕੱਠ ਨਹੀਂ ਹੈ, ਇਹ ਤਾਂ ਆਪਣੀ ਮਿੱਟੀ ਦੇ ਮੋਹ 'ਚ ਬੱਝੇ ਤੇ ਜ਼ੁਲਮ ਦਾ ਟਾਕਰਾ ਕਰਨ ਵਾਲੇ ਜੁਝਾਰੂਆਂ ਦਾ ਕਾਫ਼ਲਾ ਹੈ ਜੋ ਜ਼ੁਲਮ ਨੂੰ ਬਹੁਤੀ ਦੇਰ ਬਰਦਾਸ਼ਤ ਨਹੀਂ ਕਰਦੇ। ਇਹ ਬਚਪਨ ਤੋਂ ਹੀ *'ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ। ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।'* ਦਾ ਪਾਠ ਪੜ੍ਹਦੇ ਆਏ ਹਨ।

---

**ਪਿੰਡ ਤੇ ਡਾਕਖਾਨਾ: ਛੀਨਾ ਬਿਧੀ ਚੰਦ, ਨਜ਼ਦੀਕ ਭਾਰਤ-ਪਕਿ ਸਰਹੱਦ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ-੧੪੩੩੦੫; ਮੋ. +੯੧੯੪੬੫੨੭੫੪੨੧*

ਜੇਕਰ ਸੰਸਾਰ ਦੀਆਂ ਵੱਡੀਆਂ ਵੱਡੀਆਂ ਕ੍ਰਾਂਤੀਆਂ ਦੇ ਇਤਿਹਾਸ 'ਤੇ ਘੋਖਵੀਂ ਨਜ਼ਰ ਮਾਰੀ ਜਾਵੇ ਤਾਂ ਇਹ ਜਨ-ਅੰਦੋਲਨ ਹੁਣ ਤਕ ਦੇ ਸਭ ਅੰਦੋਲਨਾਂ ਨੂੰ ਮਾਤ ਦੇ ਰਿਹਾ ਹੈ।ਅਗਵਾਈ ਪੱਖੋਂ, ਇਕੱਠ ਪੱਖੋਂ, ਪ੍ਰਬੰਧਾਂ ਪੱਖੋਂ, ਗੱਲ ਕੀ ਕਿਸੇ ਵੀ ਕੋਣ ਤੋਂ ਵੇਖ ਲਓ, ਇਸ ਅੰਦੋਲਨ ਦੇ ਹਾਣ ਦਾ ਅੰਦੋਲਨ ਦੂਰ ਇਤਿਹਾਸ ਵਿਚ ਕਿਧਰੇ ਨਜ਼ਰ ਨਹੀਂ ਆਉਂਦਾ। ਉੱਘੇ ਮਾਰਕਸਵਾਦੀ ਚਿੰਤਕ ਸੁਖਵਿੰਦਰ ਨੇ ਆਪਣੇ ਕਿਤਾਬਚੇ 'ਭਾਰਤ ਵਿਚ ਗਿਆਨ ਪ੍ਰਸਾਰ ਦੀ ਲੋੜ ਕਿਉਂ' ਦੇ ਪੰਨਾ ੧੯ 'ਤੇ ਫਰਾਂਸ ਵਿਚ ੧੯੯੫ ਵਿਚ 'ਫਰੈਂਚ ਵਿੰਟਰ ਆਫ ਡਿਸਕੰਟੈਂਟ' ਨਾਮ ਦੀ ਇਕ ਹੜਤਾਲ ਬਾਰੇ ਇਕ ਉਕਤੀ ਦਰਜ ਕੀਤੀ ਹੈ। ਉਸ ਅੰਦੋਲਨ ਦੀਆਂ ਬਹੁਤ ਸਾਰੀਆਂ ਖਾਸੀਅਤਾਂ ਭਾਰਤ ਵਿਚ ਚੱਲ ਰਹੇ ਅੰਦੋਲਨ ਨਾਲ ਹੂ-ਬ-ਹੂ ਮਿਲਦੀਆਂ ਹਨ। ਉਹ ਹੜਤਾਲ ਭਰ-ਸਿਆਲ ਵਿਚ ਫਰਾਂਸ ਦੇ ਸਿਹਤ ਕਾਮਿਆਂ ਵੱਲੋਂ ਸ਼ੁਰੂ ਕੀਤੀ ਗਈ ਸੀ ਤੇ ਹੌਲੀ-ਹੌਲੀ ਸਾਰਾ ਫਰਾਂਸ ਉਸ ਵਿਚ ਸ਼ਾਮਲ ਹੋ ਗਿਆ ਲਿਖਿਆ ਹੈ। ਠੀਕ ਇਸੇ ਤਰ੍ਹਾਂ ਭਰ-ਸਿਆਲ ਵਿਚ ਕਿਸਾਨਾਂ ਵੱਲੋਂ ਭਾਰਤ ਵਿਚ ਸ਼ੁਰੂ ਕੀਤੇ ਅੰਦੋਲਨ ਵਿਚ ਸਾਰਾ ਭਾਰਤ ਸ਼ਾਮਲ ਹੋ ਗਿਆ ਹੈ। ਲੱਗਭਗ ਦੋ ਮਹੀਨੇ ਚੱਲੀ ਫਰਾਂਸ ਦੀ ਇਨਕਲਾਬੀ ਕ੍ਰਾਂਤੀ ਸਮੇਂ ਸਰਕਾਰ ਉੱਪਰ ਇੰਨਾ ਦਬਾਅ ਸੀ ਕਿ ਲੱਖਾਂ ਦੇ ਇਕੱਠ ਵਿਚ ਇਕ ਵੀ ਲਾਠੀ ਨਹੀਂ ਚੱਲੀ। ਗ਼ੈਰ-ਕੁਦਰਤੀ ਤਰੀਕੇ ਨਾਲ ਹੋਈਆਂ ਇਕ ਦੋ ਸ਼ਹੀਦੀਆਂ ਨੂੰ ਛੱਡ ਦੇਈਏ ਤਾਂ ਸੁਖਵਿੰਦਰ ਦੀ ਉਕਤ ਟੂਕ ਮੌਜੂਦਾ ਸਮੇਂ ਚੱਲ ਰਹੀ ਇਨਕਲਾਬੀ ਲਹਿਰ 'ਤੇ ਇੰਨ-ਬਿੰਨ ਲਾਗੂ ਹੁੰਦੀ ਹੈ। ਪਰ ਭਾਰਤ ਦੀ ਸਰਕਾਰ ਫਰਾਂਸ ਦੀ ਸਰਕਾਰ ਵਰਗੀ ਉੱਕਾ ਹੀ ਨਹੀਂ। ਉਸ ਨੇ ਦਿੱਲੀ ਵੱਲ ਵਧ ਰਹੇ ਯੋਧਿਆਂ 'ਤੇ ਤਸ਼ੱਦਦ ਢਾਹੁਣ ਵਿਚ ਕੋਈ ਕਸਰ ਨਹੀਂ ਛੱਡੀ। ਇਸ ਵਿਚ ਕੇਂਦਰ ਦੀ ਭਾਈਵਾਲ ਸਟੇਟ ਨੇ ਉਨ੍ਹਾਂ ਦਾ ਪੂਰਾ ਸਾਥ ਦਿੱਤਾ। ਪਰ ਪੰਜਾਬ ਦੇ ਯੋਧਿਆਂ ਨੇ ਸਰਕਾਰ ਦੇ ਅੰਤ ਘਿਣਾਉਣੇ ਜਬਰ ਦਾ ਪੂਰੇ ਸਬਰ ਨਾਲ ਸਾਹਮਣਾ ਕੀਤਾ।

ਜੇ ਇਹ ਦੋਸ਼ ਲਾਇਆ ਜਾਵੇ ਕਿ ਕਿਸਾਨ ਅੰਦੋਲਨ ਸ਼ੁਰੂ ਕਰਨ ਤੋਂ ਪਹਿਲਾਂ ਸਰਕਾਰੀ ਪੱਖ ਜਾਣ ਲੈਂਦੇ ਤਾਂ ਇਹ ਦੋਸ਼ ਬਿਲਕੁਲ ਹੀ ਨਿਰਮੂਲ ਹੈ ਕਿਉਂਕਿ ਸਰਕਾਰ ਨੇ ਇਸ ਅੰਦੋਲਨ ਨੂੰ ਆਪ ਜਨਮ ਦਿੱਤਾ ਹੈ। ਬਿਨਾਂ ਕਿਸੇ ਕਿਸਮ ਦਾ ਤਹੱਮਲ ਵਿਖਾਇਆਂ ਕਰੋਨਾ ਦੌਰ ਵਿਚ ਕਾਹਲ਼ੀ ਨਾਲ ਪਾਸ ਕੀਤੇ ਤਿੰਨੇ ਕਾਨੂੰਨਾਂ ਨੇ ਸਰਕਾਰ ਦੀ ਨੀਅਤ ਉੱਤੇ ਕਿਸਾਨਾਂ ਨੂੰ ਸ਼ੱਕ ਕਰਨ ਲਈ ਮਜ਼ਬੂਰ ਕਰ ਦਿੱਤਾ। ਭੋਲੇ-ਭਾਲੇ ਕਿਸਾਨਾਂ ਨੂੰ ਜਦ ਇਨ੍ਹਾਂ ਬਿੱਲਾਂ ਦੀਆਂ ਮਾਰੂ ਮੱਦਾਂ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਦਾ ਸਬਰ ਦਾ ਨੱਕੋ-ਨੱਕ ਭਰਿਆ ਪਿਆਲਾ ਛਲਕ ਪਿਆ ਤੇ ਉਹ ਆਪ ਮੁਹਾਰੇ ਹੀ ਅੰਦੋਲਨ ਦਾ ਭਾਗ ਬਣਦੇ ਗਏ। 'ਖੇਤੀ ਸੁਧਾਰ' ਨਾਂ ਦੇ ਬਿੱਲ ਕਿਸਾਨਾਂ ਨੂੰ 'ਖੇਤੀ ਉਜਾੜ' ਬਿੱਲ ਲੱਗਣ ਲੱਗ ਪਏ। ਇੱਥੋਂ ਹੀ ਕਿਸਾਨਾਂ ਦਾ ਸੰਘਰਸ਼

ਅਰੰਭ ਹੋਇਆ। ਸਰਕਾਰ ਨੇ ਵੱਖ-ਵੱਖ ਤਰ੍ਹਾਂ ਦੀਆਂ ਗਾਰਦਾਂ ਤੇ ਜ਼ਰ-ਖਰੀਦ ਮੀਡੀਏ ਦੇ ਜ਼ਰੀਏ ਇਸ ਅੰਦੋਲਨ ਨੂੰ ਅਰੰਭ ਤੋਂ ਲੈ ਕੇ ਹੁਣ ਤਕ ਕੁਚਲਣ/ਬਦਨਾਮ ਕਰਨ ਲਈ ਹਰ ਅਨੈਤਿਕ ਹੀਲਾ ਵਰਤਿਆ ਹੈ। ਪਰ ਉਸ ਨੂੰ ਮੂੰਹ ਦੀ ਖਾਣੀ ਪਈ। ਪੰਜਾਬੀਆਂ ਦੀ ਖਾਸ ਕਰਕੇ ਸਿੱਖਾਂ ਦੀ ਅਗਵਾਈ ਵਾਲੇ ਇਸ ਅੰਦੋਲਨ ਨੇ ਆਪਣੀ ਉੱਤਮ ਸੂਝ-ਬੂਝ ਦਾ ਪ੍ਰਮਾਣ ਦਿੰਦਿਆਂ ਜਿੱਥੇ ਅੰਤਰ-ਰਾਸ਼ਟਰੀ ਹਮਦਰਦੀ ਹਾਸਲ ਕੀਤੀ ਹੈ, ਉੱਥੇ ਰਾਜਨੀਤੀ ਦੀ ਪੰਜਾਲੀ ਪਾ ਕੇ ਭਗਵਾਂਕਰਨ ਦੀ ਫ਼ਸਲ ਬੀਜਦੇ ਆਉਂਦੇ ਸਾਨ੍ਹਾਂ ਨੂੰ ਵੀ ਨੱਥ ਪਾਈ ਹੈ।

ਪੰਜਾਬ ਸਿਹੁੰ ਨੂੰ ਮਰਿਆ ਜਾਂ ਸਹਿਕਦਾ ਦੱਸਣ ਵਾਲੇ ਮਸਨੂਈ ਪੰਜਾਬ-ਪ੍ਰੇਮੀਆਂ ਦੇ ਚਿਹਰਿਆਂ ਉੱਤੇ ਵੀ ਪਿਲੱਤਣ ਸਾਫ ਨਜ਼ਰ ਆ ਰਹੀ ਹੈ। ਬਿਪਰਵਾਦੀਆਂ ਦਾ ਸਮੁੱਚਾ ਲਾਣਾ ਇਹ ਸੋਚਣ ਲਈ ਵੀ ਮਜਬੂਰ ਹੋਇਆ ਹੈ ਕਿ ਆਖਰ ਇਹ ਲੋਕ ਕਿਸ ਮਿੱਟੀ ਦੇ ਜਾਏ ਨੇ...? ਪਹਿਲਾਂ ਸੰਤਾਲੀ 'ਚ ਇਨ੍ਹਾਂ ਦੇ ਟੋਟੇ ਕੀਤੇ, ਫਿਰ ਛਿਆਹਠ 'ਚ ਕੀਤੇ, ਉਦੋਂ ਬਾਅਦ ਇਨ੍ਹਾਂ ਦੇ ਵਿਹੜਿਆਂ 'ਚ ਜ਼ਹਿਰ (ਕਾਲਾ, ਚਿੱਟਾ ਤੇ ਕੀਟਨਾਸ਼ਕ) ਧੂੜਿਆ, ਪਰ ਇਹ ਹਰ ਵਾਰ ਜਿਉਂਦੇ ਕਿਵੇਂ ਬਚ ਜਾਂਦੇ ਨੇ..? ਪਰ ਉਹ ਸ਼ਾਇਦ ਇਹ ਭੁੱਲ ਗਏ ਨੇ ਇਨ੍ਹਾਂ ਦੇ ਵਡੇਰੇ ਨੇ ਤਾਂ ਆਪਣਾ ਸਰਬੰਸ ਵਾਰ ਕੇ, ਕੰਡਿਆਂ ਦੀ ਸੇਜ ਨੂੰ ਰੱਬ ਦੀ ਰਜ਼ਾ ਸਮਝ ਕੇ ਮਾਛੀਵਾੜੇ ਦੇ ਜੰਗਲਾਂ 'ਚ '*ਯਾਰੜੇ ਦਾ ਸਾਨੂੰ ਸੱਥਰ ਚੰਗਾ. . .*' ਮਿੱਠੀ ਤੇ ਪਵਿੱਤਰ ਹੂਕ ਵਿਚ ਉਚਾਰਿਆ ਸੀ। ਇਹ ਹੈ ਇਸ ਅੰਦੋਲਨ ਦੀ ਪ੍ਰੇਰਕ ਸ਼ਕਤੀ।

ਜਿਵੇਂ ਕਿ ਸ਼ੁਰੂ ਵਿਚ ਵੀ ਗੱਲ ਕੀਤੀ ਗਈ ਸੀ ਕਿ ਹਰੇਕ ਅੰਦੋਲਨ ਕਿਸੇ ਨਾ ਕਿਸੇ ਵਿਚਾਰਧਾਰਾ ਨੂੰ ਪ੍ਰਣਾਇਆ ਹੁੰਦਾ ਹੈ। ਹੌਲੀ-ਹੌਲੀ ਉਸ ਵਿਚ ਸਾਂਝ ਵਾਲੇ ਹੋਰ ਵਿਚਾਰ ਰਲਦੇ ਜਾਂਦੇ ਹਨ। ਅਜਿਹਾ ਹੋਣ ਨਾਲ ਭਾਵੇਂ ਅੰਦੋਲਨ ਦੀ ਵਿਚਾਰਧਾਰਾ ਦਾ ਦਾਇਰਾ ਤਾਂ ਮੋਕਲਾ ਹੁੰਦਾ ਜਾਂਦਾ ਹੈ, ਪਰ ਇਕੱਲੀ ਵਿਚਾਰਧਾਰਾ ਅੰਦੋਲਨ ਨੂੰ ਸਫਲਤਾ ਨਹੀਂ ਦਿਵਾ ਸਕਦੀ। ਵਿਚਾਰਧਾਰਾ ਨੂੰ ਸਫਲਤਾ ਤਕ ਪਹੁੰਚਾਉਣ ਲਈ ਵਿਚਾਰਧਾਰਾ ਦੇ ਨਾਲ ਨਾਲ ਕੁਝ ਕਦਰਾਂ-ਕੀਮਤਾਂ ਵੀ ਆਪਣਾ ਢੁਕਵਾਂ ਯੋਗਦਾਨ ਪਾਉਂਦੀਆਂ ਹਨ। ਅਜਿਹੀਆਂ ਲਹਿਰਾਂ ਦੀ ਸਫਲਤਾ ਨੂੰ ਸਮਝਣ ਲਈ ਜ਼ਹੀਨ ਸਿੱਖ ਵਿਦਵਾਨ ਪ੍ਰੋ. ਜਗਜੀਤ ਸਿੰਘ ਦੀ ਟਿੱਪਣੀ ਜ਼ਰੂਰੀ ਹੈ। ਉਹ ਆਪਣੀ ਬਹੁਤ ਹੀ ਮਹੱਤਵਪੂਰਨ ਕਿਤਾਬ 'ਇਨਕਲਾਬੀ ਲਹਿਰਾਂ ਦੇ ਪ੍ਰਸੰਗ ਵਿਚ ਸਿੱਖ ਲਹਿਰ' ਵਿਚ ਲਿਖਦੇ ਹਨ, "ਇਨਕਲਾਬੀ ਕਾਮਯਾਬੀ ਲਈ ਵਿਚਾਰਧਾਰਾ ਨਾਲ ਉਨ੍ਹਾਂ ਕਦਰਾਂ-ਕੀਮਤਾਂ ਦਾ ਸੁਮੇਲ ਲਾਜ਼ਮੀ ਹੈ ਜੋ ਲਹਿਰ ਵਿਚ ਜਜ਼ਬਾਤੀ ਹੁਲਾਰਾ ਪੈਦਾ ਕਰਨ। ਇਨਕਲਾਬ ਨੂੰ ਧੱਕਣ ਜਾਂ ਖਿੱਚਣ ਵਾਲੇ ਇੰਜਣ ਦੀ ਸ਼ਕਤੀ ਤਾਂ ਹੀ ਬਣਦੀ ਹੈ ਜੇ ਵਿਚਾਰਧਾਰਾ ਨਾਲ ਜਜ਼ਬਾਤ ਦਾ ਸੁਮੇਲ ਹੋਵੇ।" ਅੰਦੋਲਨ ਦੀਆਂ ਵਿਸ਼ੇਸ਼ਤਾਵਾਂ ਨੂੰ ਵੇਖ ਕੇ ਕੋਈ ਦੋ ਰਾਏ ਨਹੀਂ ਰਹਿ ਜਾਂਦੀ ਕਿ ਨਿਤਾਣੇ ਭਾਰਤੀ ਸਮਾਜ ਨੂੰ ਇਸ ਵੇਲੇ

ਜਿਸ ਪੁਰਜੋਸ਼ ਹੁਲਾਰੇ ਦੀ ਭਰਪੂਰ ਲੋੜ ਸੀ , ਉਹ ਕੇਵਲ ਤੇ ਕੇਵਲ ਸਿੱਖਾਂ ਨੇ ਦਿੱਤਾ ਹੈ ਤੇ ਉਨ੍ਹਾਂ ਦੀ ਪ੍ਰੇਰਨਾ ਦਾ ਸੋਮਾ ਉਨ੍ਹਾਂ ਦਾ ਕੁਰਬਾਨੀਆਂ ਤੇ ਸ਼ਹਾਦਤਾਂ ਭਰਿਆ ਮਾਣਮੱਤਾ ਇਤਿਹਾਸ ਹੈ।

ਚੱਲ ਰਹੀ ਲਹਿਰ ਵਿਚ ਰੀੜ੍ਹ ਦੀ ਹੱਡੀ ਵਾਂਗ ਕੰਮ ਕਰ ਰਹੀਆਂ ਕਦਰਾਂ-ਕੀਮਤਾਂ ਵਿੱਚੋਂ ਕੁਝ ਸਥਾਪਨਾਵਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜਿਸ ਦੀਆਂ ਦੀਆਂ ਕੁਝ ਉਦਾਹਰਨਾਂ ਅੱਗੇ ਦਿੱਤੀਆਂ ਗਈਆਂ ਹਨ:-

ɸ ਬੰਦੂਕਾਂ ਤਾਣੀਂ ਗਾਰਦਾਂ ਦੇ ਸਾਹਮਣੇ ਸੜਕ ’ਤੇ ਪਏ ਮਣਾਂ ਮੂੰਹੀਂ ਭਾਰੇ ਬੈਰੀਕੇਡਾਂ ਨੂੰ ਟਰੈਕਟਰਾਂ ਨਾਲ ਪਰ੍ਹਾਂ ਕਰਨ ਲਈ ਜਿਸ ਹੌਂਸਲੇ ਦੀ ਲੋੜ ਸੀ ਉਹ ਮਸਤੇ ਹਾਥੀ ਨਾਲ ਮੱਥਾ ਲਾਉਣ ਵਾਲੇ ਸਿੱਖਾਂ ਨੇ ਹੀ ਵਿਖਾਇਆ ਹੈ।

ɸ ਇਕ ਪਾਸੇ ਸੰਘਰਸ਼ ਕਰਨ ਵਾਲੇ ਯੋਧਿਆਂ ’ਤੇ ਬੰਦੂਕਾਂ ਤਾਣ ਕੇ ਪਾਣੀ ਵਾਲੀਆਂ ਤੋਪਾਂ ਮਾਰੀਆਂ ਜਾ ਰਹੀਆਂ ਸਨ ਤੇ ਦੂਜੇ ਪਾਸੇ ਭਾਈ ਘਨੱਈਆ ਜੀ ਦੇ ਵਾਰਸ ਸਿਪਾਹੀਆਂ ਨੂੰ ਜਲ ਤੇ ਪਰਸ਼ਾਦੇ ਛਕਾ ਰਹੇ ਸਨ।

ɸ ਪੰਜਾਬ ਦੇ ਯੋਧਿਆਂ ਨੂੰ ਸਰਕਾਰੀ ਜਬਰ ਦਾ ਟਾਕਰਾ ਸਬਰ ਨਾਲ ਕਰਨ ਦਾ ਬਲ ਸਿੱਖ ਫ਼ਲਸਫ਼ੇ, ਸਿੱਖ ਸਿਧਾਂਤਾਂ ਤੇ ਸਿੱਖ ਰਵਾਇਤਾਂ ਤੋਂ ਮਿਲਿਆ ਹੈ

ɸ ਜੰਗਲ ’ਚ ਮੰਗਲ ਲਾਉਣ ਵਾਲਿਆਂ ਦੇ ਚਿਹਰੇ ਉੱਤੇ ਆਪਣੇ ਨਿੱਜੀ ਭਵਿੱਖ ਨੂੰ ਲੈ ਕੇ ਪਦਾਰਥਵਾਦੀ ਲੋਕਾਂ ਵਾਂਗ ਰਤੀ ਭਰ ਵੀ ਸ਼ਿਕਨ ਨਹੀਂ।

ɸ ਲੰਗਰ (ਬਿਨਾਂ ਭੇਦਭਾਵ ਵੰਡ ਛਕਣ) ਤੇ ਦਾਨ ਵਰਗੀਆਂ ਪਵਿੱਤਰ ਸਿੱਖ ਸੰਸਥਾਵਾਂ ਨੂੰ ਵਿਸ਼ਵ ਪੱਧਰ ਉੱਤੇ ਵਡਿਆਈ ਮਿਲੀ ਹੈ।

ਸੋ ਚੱਲ ਰਹੇ ਇਤਿਹਾਸਿਕ ਅੰਦੋਲਨ ਵਿੱਚੋਂ ਸਿੱਖੀ ਨੂੰ ਪ੍ਰਣਾਏ ਬਹੁਤ ਸਾਰੇ ਉੱਚੇ ਅਸੂਲਾਂ ਦੀ ਪ੍ਰਤੀਤੀ ਸਹਿਵਨ ਹੀ ਹੋ ਜਾਂਦੀ ਹੈ। ਉੱਚੇ ਇਖਲਾਕ ਤੇ ਉੱਚੇ ਆਦਰਸ਼ ਇਸ ਅੰਦੋਲਨ ਦੀ ਰੂਹ ਹਨ। ਜਨ-ਮਾਨਸ ਦਾ ਯਕੀਨ ਹੈ ਕਿ ਮਹਾਨ ਅਸੂਲਾਂ ਦੀ ਰੋਸ਼ਨੀ ਵਿਚ ਅੱਗੇ ਵਧ ਰਿਹਾ ਇਹ ਅੰਦੋਲਨ ਜ਼ਰੂਰ ਸਫਲ ਹੋਵੇਗਾ।

ਇਤਿਹਾਸਿਕ ਅੰਦੋਲਨ ਦਾ ਸ਼ਿੰਗਾਰ ਬਣੇ ਬੱਚੇ, ਨੌਜਵਾਨ, ਬਜ਼ੁਰਗ ਅਤੇ ਬੀਬੀਆਂ ਦੀ ਘਾਲਣਾ ਤੇ ਜਜ਼ਬੇ ਨੂੰ ਪ੍ਰਣਾਮ, ਦਾਨੀਆਂ, ਸੁਹਿਰਦ ਮੀਡੀਆ-ਕਰਮੀਆਂ, ਕਲਾਕਾਰਾਂ ਤੇ ਸਹਾਇਤਾ ਕਰ ਰਹੀਆਂ ਸੰਸਥਾਵਾਂ ਤੇ ਜਥੇਬੰਦੀਆਂ ਦਾ ਕੋਟ ਕੋਟ ਧੰਨਵਾਦ। ਅੰਦੋਲਨ ’ਚ ਸ਼ਾਮਲ ਉੱਦਮੀ ਯੋਧਿਓ, ਘਰਾਂ ’ਚ ਬੈਠਾ ਪੰਜਾਬ ਹਰ ਪਲ ਤੁਹਾਡੀ ਜਿੱਤ ਦੀ ਅਰਦਾਸ ਕਰ ਰਿਹਾ ਹੈ! ■

# ਦਾੜ੍ਹੀ ਵਾਲੇ ਫਰਿਸ਼ਤੇ

*-ਸ. ਹਰਦੀਪ ਸਿੰਘ ਸ਼ੁੱਭ**

ਸੜਕਾਂ ਤੋਂ ਲਿਫ਼ਾਫ਼ੇ, ਗੱਤੇ, ਬੋਤਲਾਂ, ਕੱਚ ਚੁਗਣ ਵਾਲਾ ਦਸ-ਬਾਰ੍ਹਾਂ ਸਾਲ ਦਾ ਬੱਚਾ ਜਦੋਂ ਦੇਰ ਨਾਲ ਆਪਣੀ ਝੌਂਪੜੀ ਵਿਚ ਆਇਆ ਤਾਂ ਮਾਂ ਫ਼ਿਕਰ ਕਰਦੀ ਪਈ ਸੀ ...ਦੇਖਦੇ ਹੀ ਬੋਲੀ-

"....ਕਿੱਥੇ ਰਹਿ ਗਿਆ ਸੀ ਬੰਸੀ ?...

ਮੈਂ ਕਿੰਨੇ ਚਿਰ ਦੀ ਫ਼ਿਕਰ ਕਰ ਰਹੀ ਸਾਂ ਅੱਗੇ ਤੇ ਕਦੀ ਇੰਨੀ ਦੇਰ ਨਾਲ ਨੀ ਆਇਆ, ਆ ਸਿਰ 'ਤੇ ਕੀ ਬੰਨ੍ਹਿਆ ਏ..?? ਤੇ ਨਾਲੇ ਆ ਜੈਕੇਟ ਕਿੱਥੋਂ ਆਈ??"

ਬੰਸੀ- ... "ਮਾਂ ਸ਼ਹਿਰ ਵਿਚ ਤਾਂ ਜਿਵੇਂ ਸਿੱਖਾਂ ਦਾ ਸੈਲਾਬ ਆਇਆ ਏ ...ਅੱਗੇ ਤਾਂ ਕਦੀ ਕੋਈ ਵਿਰਲਾ ਟਾਵਾਂ ਸਰਦਾਰ ਦਿਸਦਾ ਸੀ ...ਹੁਣ ਸਾਰੇ ਸਰਦਾਰ ਨੇ, ਬਹੁਤੇ ਚਿੱਟੀਆਂ ਦਾੜ੍ਹੀਆਂ ਵਾਲੇ ਨੇ...ਤੇ ਮਾਂ ਹੈ ਵੀ ਬਹੁਤ ਚੰਗੇ ਨੇ ...ਮੈਨੂੰ ਨਾਲ ਬਿਠਾ ਕੇ ਖਾਣਾ ਖੁਆਇਆ... ਮੈਨੂੰ ਠਰਦੇ ਨੂੰ ਵੇਖ ਮੇਰੇ ਸਿਰ ਦੇ ਉੱਤੇ ਕੱਪੜਾ ਬੰਨ੍ਹ ਦਿੱਤਾ। ਉਹਨਾਂ ਦਾ ਹੀ ਇਕ ਬੱਚਾ ਆਪਣੇ ਬੈਗ 'ਚੋਂ ਲਿਆ ਕੇ ਮੈਨੂੰ ਆਪਣੀ ਜੈਕੇਟ ਵੀ ਦੇ ਗਿਆ....ਮਾਂ ਇਹ ਕੌਣ ਨੇ...... ਐਨੀ ਵੱਡੀ ਸੰਖਿਆ ਵਿੱਚ ਕਿਉਂ ਆਏ ਨੇ.. ਕੀ ਇਹ ਸਿਰ ਉੱਤੇ ਕੱਪੜਾ ਠੰਢ ਤੋਂ ਬਚਣ ਲਈ ਬੰਨ੍ਹਦੇ ਨੇ... ਸੜਕਾਂ 'ਤੇ ਭੁੰਜੇ ਹੀ ਸੁੱਤੇ ਨੇ ਕੀ ਇਨ੍ਹਾਂ ਕੋਲ ਸਾਡੇ ਵਰਗਾ ਵੀ ਘਰ ਨਹੀਂ?... ...(ਇੱਕੋ ਸਾਹੇ ਬੰਸੀ ਆਪਣੀ ਮਾਂ ਨੂੰ ਕਈ ਸਵਾਲ ਕਰ ਗਿਆ)

ਟੁੱਟੀ ਜਿਹੀ ਮੰਜੀ 'ਤੇ ਜੁੱਲਾ ਵਿਛਾ ਮਾਂ ਬੰਸੀ ਨੂੰ ਲੰਮੇ ਪਾ ਕੇ ਉੱਤੇ ਪਾਟਾ ਜਿਹਾ ਕੰਬਲ ਦੂਹਰਾ ਕਰ ਦੇਂਦੀ ਤੇ ਨਾਲ ਪੈਂਦੀ ਹੋਈ ਬੋਲੀ- "ਨਾ ਪੁੱਤਰਾ ਨਾ, ਸਿਰ 'ਤੇ ਕੱਪੜਾ ਨਹੀਂ ਹੈ, ਦਸਤਾਰ/ਪਗੜੀ ਏ, ਜੋ ਇਨ੍ਹਾਂ ਦੇ ਵਡੇਰਿਆਂ ਨੇ ਕਮਾਈ ਤੇ ਇਨ੍ਹਾਂ ਨੇ ਬਚਾਈ ਏ! ਇਹੀ ਇਨ੍ਹਾਂ ਨੂੰ ਪੂਰੀ ਦੁਨੀਆ ਵਿਚ ਵਿਲੱਖਣ ਪਹਿਚਾਣ ਦੇਂਦੀ ਏ!!"...

ਹੌਲੀ-ਹੌਲੀ ਸਿਰ ਥਾਪੜਦੀ ਮਾਂ ਬੋਲੀ "ਪੁੱਤਰਾ! ਘਰ ਦੀ ਗੱਲ ਕਰਦਾ ਏਂ... ਇਹ ਕੌਮ ਬਾਦਸ਼ਾਹਾਂ ਦੀ ਏ, ਇਨ੍ਹਾਂ ਵਿੱਚੋਂ ਬਹੁਤੇ ਕਰੋੜਾਂਪਤੀ ਹੋਣਗੇ, ਵਧੀਆ ਘਰ-ਕੋਠੀਆਂ ਮਹਿਲ ਵੀ ਹੋਣਗੇ, ਪਰ ਹੱਕ ਦੀ ਸੱਚ ਦੀ ਲੜਾਈ ਲਈ ਖੁੱਲ੍ਹੇ ਅਸਮਾਨ ਥੱਲੇ ਪੈਣੋਂ ਵੀ ਗੁਰੇਜ਼ ਨਹੀਂ ਕਰਦੇ....!!"

ਬੰਸੀ- "ਹੱਕ? ....ਕੀ ਚਾਹੁੰਦੇ ਨੇ... ਇਨ੍ਹਾਂ ਦੀ ਮੰਗ ਕੀ ਹੈ... ਹੱਕ ਮੰਗਣ ਆਏ ਵੀ ਕੁਝ ਨਾ ਕੁਝ ਵੰਡੀ ਜਾ ਰਹੇ ਨੇ... ਕੀ ਇਹ ਸਾਡੇ ਸ਼ਹਿਰ ਲਈ ਖ਼ਤਰਾ ਨੇ...????

ਅੱਗੋਂ ਮਾਂ ਨੇ ਜਵਾਬ ਦਿੱਤਾ- ...."ਨਹੀਂ ਪੁੱਤਰਾ! ਇਹ ਸ਼ਹਿਰ ਲਈ ਖ਼ਤਰਾ

*ਮਾਰਫ਼ਤ/ਸ਼ੁੱਭ ਪੇਂਟਰ, ਨੇੜੇ ਐਚ. ਡੀ. ਐਫ. ਸੀ. ਬੈਂਕ, ਖਡੂਰ ਸਾਹਿਬ ਰੋਡ, ਗੋਇੰਦਵਾਲ ਸਾਹਿਬ-੧੪੩੪੨੨; (ਜ਼ਿਲ੍ਹਾ ਤਰਨ ਤਾਰਨ ਸਾਹਿਬ) ਮੋ. ੯੮੧੫੩-੩੮੯੯੩

ਨਹੀਂ ਬਲਕਿ ਜਿੰਨਾ ਚਿਰ ਸ਼ਹਿਰ 'ਚ ਰਹਿਣਗੇ ਸ਼ਹਿਰ ਨੂੰ ਕੋਈ ਖ਼ਤਰਾ ਨਹੀਂ ...!!

ਵੇਖੀਂ ਇਨ੍ਹਾਂ ਸਾਹਮਣੇ ਕੋਈ ਕਿਸੇ ਨਾਲ ਧੱਕਾ ਨਹੀਂ ਕਰ ਸਕੇਗਾ...... ਜਿੰਨਾ ਚਿਰ ਇਹ ਇੱਥੇ ਨੇ ਕੋਈ ਸ਼ਹਿਰ ਵਾਸੀ ਭੁੱਖਾ ਨਹੀਂ ਸੌਂਵੇਗਾ ....ਇਨ੍ਹਾਂ ਦੇ ਹੁੰਦਿਆਂ ਕੋਈ ਵੀ ਧੀ, ਕੋਈ ਵੀ ਬੇਟੀ ਭਾਵੇਂ ਕਿਸੇ ਵੀ ਧਰਮ ਦੀ ਹੋਵੇ ਬੇਪੱਤ ਨਹੀਂ ਹੋਵੇਗੀ...!!! ਬਸ ਤੂੰ ਇੰਨਾ ਸਮਝ ਲੈ ਪੁੱਤਰਾ! ਕਿ ਜੇ ਇਹ ਵਧੀਕੀ ਕਰਦੇ ਨਹੀਂ! ਤਾਂ ਹੋਇਆ ਵਾਧਾ ਜਰਦੇ ਵੀ ਨਹੀਂ..!!! ....ਇਹਨਾਂ ਦਾ ਇੰਨੀ ਵੱਡੀ ਗਿਣਤੀ ਵਿਚ ਸਾਡੇ ਸ਼ਹਿਰ ਆਉਣਾ ਮਜਬੂਰੀ ਹੈ ਕਿਉਂਕਿ ਗੰਦੇ ਹਾਕਮਾਂ ਨੇ ਜੋ ਫੁਰਮਾਨ ਜਾਰੀ ਕੀਤੇ ਨੇ ਜੇ ਉਹ ਲਾਗੂ ਹੋ ਗਏ ਤਾਂ ਇਹ ਹਮੇਸ਼ਾ ਵੰਡਣ ਵਾਲੀ ਕੌਮ ਕਿਤੇ ਮੰਗਣ ’ਤੇ ਮਜਬੂਰ ਨਾ ਹੋ ਜਾਵੇ...

(ਭਰੇ ਜਿਹੇ ਮਨ ਨਾਲ ਮਾਂ ਨੇ ਬੰਸੀ ਵੱਲ ਤੱਕਿਆ ਤਾਂ ਉਹ ਕਦੋਂ ਦਾ ਸੁੱਤਾ ਨੀਂਦ ਵਿਚ ਬੁੜਬੁੜਾ ਰਿਹਾ ਸੀ)

"ਦਾੜ੍ਹੀ ਵਾਲੇ ਫਰਿਸ਼ਤੇ!" ■

---

# ਪੁਰਖਿਆਂ ਦੀ ਰੀਤ

*-ਸ. ਹਰਪ੍ਰੀਤ ਸਿੰਘ ਨਿਰਗੁਨ**

*ਮੇਰਾ ਦਿਲ ਕਰਦਾ ਮੈਂ ਥੋੜੇ ਲਈ ਇੱਕ ਗੀਤ ਲਿਖਾਂ।*
*ਮੁੱਦਤਾਂ ਬਾਅਦ ਨਿਭਾਈ ਤੁਸਾਂ ਜੋ ਪੁਰਖਿਆਂ ਦੀ ਉਹ ਰੀਤ ਲਿਖਾਂ।*
*ਦੇ ਥਾਪੜਾ ਕਲਗੀਆਂ ਵਾਲੇ ਨੇ ਥੋਨੂੰ ਬੜਾ ਈ ਨਿਡਰ ਬਣਾਇਆ ਸੀ।*
*ਉਸ ਐਸੀ ਕਿਰਪਾ ਕੀਤੀ ਸੀ, ਚਿੜੀਆਂ ਨਾਲ ਬਾਜ਼ ਲੜਾਇਆ ਸੀ।*
*ਓਸ ਅਨੰਦਪੁਰ ਵਾਲੀ ਸ਼ਕਤੀ ਦਾ, ਕੋਈ ਹੋਇਆ ਅੰਸ਼ ਸੁਰਜੀਤ ਲਿਖਾਂ।*
*ਮੇਰਾ ਦਿਲ ਕਰਦਾ ਮੈਂ ਥੋੜੇ ਲਈ. . .*
*ਲੱਦਾਖ ਤੋਂ ਲੈ ਕੇ ਖੈਬਰ ਤਕ ਇੱਕ ਵਾਰੀ ਜਦ ਤੁਸੀਂ ਗੱਜੇ ਸੀ।*
*ਇੱਕ ਵਾਰੀ ਨਹੀਂ ਤੁਸੀਂ ਕਈ ਵਾਰੀ ਦਿੱਲੀ ਵਿਚ ਝੰਡੇ ਗੱਡੇ ਸੀ।*
*ਤੁਸੀਂ ਹੀ ਸੀ ਬਾਬਾ ਬੋਤਾ ਗਰਜਾ, ਨਲੂਆ ਤੇ ਸਿੰਘ ਰਣਜੀਤ ਲਿਖਾਂ।*
*ਮੇਰਾ ਦਿਲ ਕਰਦਾ ਮੈਂ ਥੋੜੇ ਲਈ . . .*
*ਓਸ ਮਰਦ ਅਗੰਮੜੇ ਦਿੱਤੀ ਜੋ ਸਿੱਖਿਆ ਨੂੰ ਤੁਸੀਂ ਵਿਸਾਰੋ ਨਾ।*
*ਜੋ ਸੂਰਤ ਸੀਰਤ ਰੰਗ ਦਿੱਤਾ, ਤੁਸੀਂ ਉਸ ਨੂੰ ਕਦੇ ਵਿਗਾੜੋ ਨਾ।*
*ਗੁਰੂ ਕਹੇ ਜੇ ਖਾਲਸ ਬਣ ਜੋ, ਜਿੱਥੇ ਕਹੋ ਤੁਹਾਡੀ ਜੀਤ ਲਿਖਾਂ।*
*ਮੇਰਾ ਦਿਲ ਕਰਦਾ ਮੈਂ ਥੋੜੇ ਲਈ ਇੱਕ ਗੀਤ ਲਿਖਾਂ।*
*ਮੁੱਦਤਾਂ ਬਾਅਦ ਨਿਭਾਈ ਤੁਸਾਂ ਜੋ ਪੁਰਖਿਆਂ ਦੀ ਉਹ ਰੀਤ ਲਿਖਾਂ।*

---

**#੧੭੦, ਰੋਸ਼ਨ ਵਿਹਾਰ, ਬਾਊਲੀ ਇੰਦਰਜੀਤ, ਬਟਾਲਾ-੧੪੩੫੦੫ (ਜ਼ਿਲ੍ਹਾ ਗੁਰਦਾਸਪੁਰ); ਮੋ. ੯੮੧੪੨-੭੩੧੪੩*

# ਪੁਸਤਕ ਰੀਵਿਊ



**ਪੁਸਤਕ** : ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ
**ਲੇਖਕ** : ਗੁਰਚਰਨਜੀਤ ਸਿੰਘ (ਲਾਂਬਾ)
**ਪ੍ਰਕਾਸ਼ਕ** : ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ
**ਪੰਨੇ** : ੪੭੩
**ਕੀਮਤ** : ੫੫੦ ਰੁਪਏ
**ਸਾਲ** : ੨੦੨੦

ਸ. ਗੁਰਚਰਨਜੀਤ ਸਿੰਘ (ਲਾਂਬਾ) ਰਾਹੀਂ ਰਚਿਤ ਇਹ ਵੱਡ-ਆਕਾਰੀ ਪੁਸਤਕ ਸਿੱਖ ਰਹਿਤ ਮਰਯਾਦਾ ਦੀਆਂ ਪ੍ਰਮੁੱਖ ਹਸਤੀਆਂ ਅਕਾਲੀ ਕੌਰ ਸਿੰਘ ਨਿਹੰਗ, ਪੰਥ-ਰਤਨ ਮਾਸਟਰ ਤਾਰਾ ਸਿੰਘ ਅਤੇ ਗਿਆਨੀ (ਸੰਤ) ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਨੂੰ ਸਮਰਪਿਤ ਕੀਤੀ ਗਈ ਹੈ। ਲੇਖਕ 'ਸੰਤ ਸਿਪਾਹੀ' ਮੈਗਜ਼ੀਨ ਦਾ ਸੰਪਾਦਕ ਤੇ ਗੁਰਮਤਿ ਵਿਚਾਰਧਾਰਾ ਦਾ ਧਾਰਨੀ ਹੈ। ਅਜੋਕੇ ਸਮੇਂ ਵਿਚ ਅਜਿਹੀਆਂ ਪੁਸਤਕਾਂ ਲਿਖਣ ਦੀ ਬਹੁਤ ਲੋੜ ਹੈ ਕਿਉਂਕਿ ਸਾਡੀ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਨਾਲੋਂ ਟੁੱਟ ਕੇ ਕੁਰਾਹੇ ਪੈ ਰਹੀ ਹੈ, ਸਿੱਖੀ ਤੇ ਗੁਰਮਤਿ ਮਰਯਾਦਾ ਤੋਂ ਬੇਮੁਖ ਹੋ ਰਹੀ ਹੈ।

ਇਹ ਪੁਸਤਕ ਚਾਰ ਭਾਗਾਂ ਵਿਚ ਵੰਡੀ ਹੋਈ ਹੈ। ਪਹਿਲੇ ਭਾਗ ਵਿਚ ਪੰਜ ਤਖ਼ਤ ਸਾਹਿਬਾਨ ਦੇ ਸਿੰਘ ਸਾਹਿਬਾਨ, ਜਥੇਦਾਰ ਸਾਹਿਬਾਨ, ਨਨਕਾਣਾ ਸਾਹਿਬ ਦੇ ਭਾਈ ਬਲਵੰਤ ਸਿੰਘ ਜੀ, ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ ਦੇ ਜਥੇਦਾਰ, ਚੀਫ਼ ਖ਼ਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ, ਸੰਤ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਬਾਬਾ ਸਰਬਜੋਤ ਸਿੰਘ ਬੇਦੀ, ਭਾਈ ਪਿੰਦਰਪਾਲ ਸਿੰਘ ਜੀ ਤੇ ਹੋਰ ਮਹਾਂਪੁਰਖਾਂ ਤੇ ਵਿਦਵਾਨਾਂ ਵੱਲੋਂ ਲੇਖਕ ਨੂੰ ਦਿੱਤੀਆਂ ਗਈਆਂ ਅਸੀਸਾਂ ਹਨ ਜਿਸ ਨੇ ਇੰਨਾ ਮਹਾਨ ਕਾਰਜ ਹੱਥਾਂ ਵਿਚ ਲੈ ਕੇ ਨੇਪਰੇ ਚਾੜ੍ਹਿਆ ਹੈ।

ਦੂਸਰਾ ਭਾਗ ਭੂਮਿਕਾ ਅਤੇ ਇਤਿਹਾਸ ਹੈ ਕਿ ਇਸ ਪੁਸਤਕ ਨੂੰ ਲਿਖਣ ਦੀ ਲੋੜ ਕਿਉਂ ਪਈ ਤੇ ਸਿੱਖ ਰਹਿਤ ਮਰਯਾਦਾ ਦਾ ਪਿਛੋਕੜ ਕੀ ਹੈ? ਇਸ ਲੋੜ ਬਾਰੇ ਗੁਰਬਾਣੀ ਦੀ ਇਹ ਤੁਕ ਇੰਨ-ਬਿੰਨ ਢੁਕਦੀ ਹੈ— *ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ॥ ਸਦਾ ਸਮਾਲੇ ਕੋ ਨਾਹੀ ਖਾਲੀ ॥*

ਸਿੱਖ ਰਹਿਤ ਮਰਯਾਦਾ ਸਾਡਾ ਕੌਮੀ ਕਾਨੂੰਨ ਹੈ, ਸਾਡਾ ਸੰਵਿਧਾਨ ਹੈ, ਇਹ ਸਾਡੀ ਪੰਥਕ ਰਾਮਕਾਰ ਹੈ ਜਿਸ ਦਾਇਰੇ ਅੰਦਰ ਰਹਿ ਕੇ ਅਸੀਂ ਜੀਵਨ ਬਸਰ ਕਰਨਾ ਹੈ। ਇਹ ਰਹਿਤ ਮਰਯਾਦਾ ਗੁਰੂ ਸਾਹਿਬਾਨ ਦੀ ਬਾਣੀ ਦੇ ਆਸ਼ੇ ਨੂੰ ਮੁੱਖ ਰੱਖ ਕੇ ਬਣਾਈ ਗਈ ਨਿਯਮਾਵਲੀ ਹੈ ਜੋ ਮੌਜੂਦਾ ਸਮੇਂ ਦੀ ਲੋੜ ਹੈ। ਲੇਖਕ ਨੇ ਸਿੱਖ+ਰਹਿਤ+ਮਰਯਾਦਾ ਤਿੰਨਾਂ ਸ਼ਬਦਾਂ ਨੂੰ ਵਿਆਖਿਆ ਸਹਿਤ ਪੇਸ਼ ਕੀਤਾ ਹੈ,ਜੋ ਜਾਣਕਾਰੀ ਭਰਪੂਰ ਵਿਸ਼ਾ ਹੈ।

ਤੀਸਰਾ ਭਾਗ ਸਿੱਖ ਰਹਿਤ ਮਰਯਾਦਾ ਮੂਲ ਪਾਠ ਤੇ ਵਿਆਖਿਆ ਨਾਲ ਸੰਬੰਧਿਤ ਹੈ,

ਜਿਸ ਵਿਚ ਮਨੁੱਖ ਦੀ ਸ਼ਖ਼ਸੀ ਰਹਿਣੀ-ਬਹਿਣੀ ਤੇ ਪੰਥਕ ਰਹਿਣੀ-ਬਹਿਣੀ ਨੂੰ ਵਿਸਥਾਰ ਨਾਲ ਪੇਸ਼ ਕੀਤਾ ਹੈ। ਸ਼ਖ਼ਸੀ ਰਹਿਣੀ ਵਿਚ ਨਾਮ ਬਾਣੀ ਦਾ ਅਭਿਆਸ (ਅੰਮ੍ਰਿਤ ਵੇਲਾ, ਨਿੱਤਨੇਮ ਤੇ ਅਰਦਾਸ), ਗੁਰਦੁਆਰਾ ਸਾਹਿਬ ਦੀ ਮਰਯਾਦਾ, ਕੀਰਤਨ ਕਰਨ ਦੇ ਨਿਯਮ, ਹੁਕਮ ਲੈਣ ਦੀ ਮਰਯਾਦਾ, ਸਾਧਾਰਨ ਪਾਠ ਤੇ ਅਖੰਡ ਪਾਠ ਕਰਦੇ ਹੋਏ ਗੁਰਮਤਿ ਦੀ ਮਰਯਾਦਾ ਨੂੰ ਕਿਵੇਂ ਕਾਇਮ ਰੱਖਣਾ ਹੈ, ਭੋਗ ਸਮੇਂ ਕੜਾਹ ਪ੍ਰਸ਼ਾਦਿ ਤਿਆਰ ਕਰਨ ਦੀ ਵਿਧੀ, ਗੁਰਬਾਣੀ ਦੀ ਕਥਾ ਕੇਵਲ ਸਿੱਖ ਹੀ ਕਰ ਸਕਦਾ ਹੈ, ਗੁਰਮੁਖ ਦੀ ਰਹਿਣੀ-ਬਹਿਣੀ ਤੇ ਵੱਖ-ਵੱਖ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ ਆਦਿ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਗਿਆ ਹੈ। ਲੇਖਕ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਗੁਰਬਾਣੀ ਦੇ ਅਨੁਸਾਰ ਜਨਮ-ਮਰਨ, ਨਾਮ ਸੰਸਕਾਰ ਤੇ ਅਨੰਦ ਕਾਰਜ ਵੇਲੇ ਕਿਹੜੀ ਵਿਧੀ ਅਪਨਾਉਣੀ ਚਾਹੀਦੀ ਹੈ। ਮਨਮਤ ਤੇ ਵਹਿਮ-ਭਰਮ ਤੋਂ ਦੂਰ ਰਹਿ ਕੇ ਰੱਬ ਦੀ ਰਜ਼ਾ ਵਿਚ ਰਾਜੀ ਰਹਿਣਾ ਗੁਰਮਤਿ ਦੀ ਰਹਿਤ ਮਰਯਾਦਾ ਹੈ। ਗੁਰੂ ਕਾ ਲੰਗਰ ਤੇ ਲੰਗਰ ਵਿਚ ਇਕਸਾਰਤਾ ਵੀ ਗੁਰੂ ਸਾਹਿਬਾਨ ਦੀ ਬਖ਼ਸ਼ੀ ਮਰਯਾਦਾ ਹੈ, ਜੋ ਹੁਣ ਤਕ ਚੱਲ ਰਹੀ ਹੈ।

ਪੰਥਕ ਰਹਿਣੀ-ਬਹਿਣੀ ਵਿਚ ਅੰਮ੍ਰਿਤ ਸੰਸਕਾਰ ਤੇ ਹੋਰ ਕਈ ਪਹਿਲੂ ਆ ਜਾਂਦੇ ਹਨ ਜਿਵੇਂ ਕਿ— ਅੰਮ੍ਰਿਤ ਤਿਆਰ ਕਰਨਾ ਤੇ ਅੰਮ੍ਰਿਤ ਛਕਾਉਣਾ, ਧਰਮ ਦੇ ਅਸੂਲਾਂ ਦੀ ਜਾਣਕਾਰੀ, ਅਰਦਾਸ ਕਰਨੀ, ਅੰਮ੍ਰਿਤ ਤਿਆਰ ਕਰਨ ਸਮੇਂ ਬਾਣੀਆਂ ਦਾ ਪਾਠ, ਮੂਲ ਮੰਤਰ ਦਾ ਰਟਨ ਤੇ ਦੇਗ ਕੜਾਹ ਪ੍ਰਸ਼ਾਦ ਦੀ ਇੱਕੋ ਬਾਟੇ ਵਿਚ ਹੋਵੇ ਬਾਰੇ ਵਿਸ਼ਲੇਸ਼ਣਾਤਮਿਕ ਢੰਗ ਨਾਲ ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਭੁੱਲ ਬਖਸ਼ਾਉਣ ਲਈ ਤਨਖਾਹ ਲਾਉਣ ਦੀ ਵਿਧੀ, ਅਰਦਾਸਾ ਸੋਧਣਾ, ਗੁਰਮਤਾ ਕਰਨ ਦਾ ਅਧਿਕਾਰੀ ਕੌਣ ਤੇ ਸਥਾਨਕ ਫੈਸਲਿਆਂ ਦੀ ਅਪੀਲ ਬਾਰੇ ਵੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ।

ਇਸ ਪੁਸਤਕ ਦੇ ਚੌਥੇ ਭਾਗ ਵਿਚ ਅੰਤਿਕਾ ਹੈ ਜਿਸ ਵਿਚ ਮਹੱਤਵਪੂਰਨ ਤਾਰੀਖਾਂ ਤੇ ਸੰਖੇਪ ਵੇਰਵੇ, ਰਹਿਤ ਮਰਯਾਦਾ ਦਾ ਪਹਿਲਾ ਖਰੜਾ (੧੯੩੧), ਪ੍ਰਵਾਨਿਤ ਸਿੱਖ ਰਹਿਤ ਮਰਯਾਦਾ 'ਗੁਰਦੁਆਰਾ ਗਜ਼ਟ' ਪਹਿਲੀ ਐਡੀਸ਼ਨ ਤੇ ਇਸ ਵਿਚ ਕੀਤੀਆਂ ਗਈਆਂ ਤਬਦੀਲੀਆਂ ਦੀ ਸੂਚੀ ਅਤੇ ਅੰਤ ਵਿਚ ਸਹਾਇਕ ਗ੍ਰੰਥ ਤੇ ਪੁਸਤਕ ਸੂਚੀ ਦਿੱਤੀ ਗਈ ਹੈ। ਇੰਨੀ ਵੱਡ-ਅਕਾਰੀ ਪੁਸਤਕ ਤਿਆਰ ਕਰਨੀ ਤੇ ਹਰ ਵਿਸ਼ੇ ਉੱਤੇ ਬਹੁਪੱਖੀ ਅਤੇ ਭਰਪੂਰ ਚਾਨਣਾ ਪਾਉਣਾ, ਸਿੱਖ ਰਹਿਤ ਮਰਯਾਦਾ ਨੂੰ ਵਿਸਥਾਰ ਨਾਲ ਪੇਸ਼ ਕਰਨਾ, ਗੁਰਬਾਣੀ ਨੂੰ ਆਧਾਰ ਬਣਾ ਕੇ ਹਰ ਵਿਸ਼ੇ ਦੀ ਪੁਸ਼ਟੀ ਕਰਨੀ ਲੇਖਕ ਦਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਪੁਸਤਕ ਰਾਹੀਂ ਅਜੋਕੀ ਨੌਜਵਾਨ ਪੀੜ੍ਹੀ ਨੂੰ ਗੁਰਮਤਿ/ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇ ਕੇ ਸਿੱਖੀ ਨਾਲ ਜੋੜਨਾ ਇਕ ਵਿਲੱਖਣ ਢੰਗ ਹੈ। ਇਹ ਪੁਸਤਕ ਸਮੁੱਚੇ ਸਮਾਜ ਲਈ ਮਾਰਗ-ਦਰਸ਼ਕ ਹੈ ਤੇ ਸੁਚੱਜੀ ਜੀਵਨ-ਜਾਚ ਜਿਊਣ ਦਾ ਰਾਹ ਦਰਸਾਉਂਦੀ ਹੈ। ਇਸ ਮਹਾਨ ਕਾਰਜ ਲਈ ਲੇਖਕ ਸ਼ਲਾਘਾ ਦਾ ਪਾਤਰ ਹੈ।

***ਰੀਵਿਊਕਾਰ***

*ਡਾ. ਜਗਦੀਸ਼ ਕੌਰ (ਵਾਡੀਆ)*

*ਮੋ. +੯੧੯੮੫੫੫-੮੪੨੯੮*

# ਪੁਸਤਕ ਰੀਵਿਊ




**ਪੁਸਤਕ** : ਗਿ: ਦਿੱਤ ਸਿੰਘ ਰਵਨਾਵਲੀ : ਗੁਰੂ ਗੋਬਿੰਦ ਸਿੰਘ ਜੀਵਨ ਤੇ ਫ਼ਲਸਫ਼ਾ
**ਸੰਪਾਦਕ** : ਡਾ. ਇੰਦਰਜੀਤ ਸਿੰਘ ਗੋਗੋਆਣੀ
**ਪ੍ਰਕਾਸ਼ਕ** : ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ
**ਐਡੀਸ਼ਨ/ਪੰਨੇ/ਭੇਟਾ** : ਅਗਸਤ ੨੦੨੦/੩੯੨/੫੦੦ ਰੁਪਏ

ਗਿਆਨੀ ਦਿੱਤ ਸਿੰਘ ਅਤੇ ਡਾ. ਇੰਦਰਜੀਤ ਸਿੰਘ ਗੋਗੋਆਣੀ ਪਾਠਕਾਂ ਲਈ ਕਿਸੇ ਪਛਾਣ ਦੇ ਮੁਥਾਜ ਨਹੀਂ। ਵਿਚਾਰ-ਅਧੀਨ ਪੁਸਤਕ ਗਿਆਨੀ ਦਿੱਤ ਸਿੰਘ ਜੀ ਦੀਆਂ ਤਿੰਨ ਰਚਨਾਵਾਂ— 'ਦੁਰਗਾ ਪ੍ਰਬੋਧ', 'ਕਲਗੀਧਰ ਉਪਕਾਰ' ਤੇ 'ਭਾਰਤ ਮੰਗਲ' ਦਾ ਸੰਗ੍ਰਹਿ ਹੈ। ਤਿੰਨੇ ਰਚਨਾਵਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਫ਼ਲਸਫ਼ੇ ਨੂੰ ਬੜੇ ਰੌਚਕ ਢੰਗ ਨਾਲ ਪੇਸ਼ ਕਰਦੀਆਂ ਹਨ। 'ਦੁਰਗਾ ਪ੍ਰਬੋਧ' ਰਚਨਾ ਪ੍ਰਸ਼ਨ-ਉੱਤਰ ਸ਼ੈਲੀ ਵਿਚ ਹੈ। ਇਸ ਵਿਚ ਦੁਰਗਾ ਭਗਤ ਪ੍ਰਸ਼ਨ ਕਰਦਾ ਹੈ ਅਤੇ ਤੱਤ ਖਾਲਸਾ ਉੱਤਰ ਦਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਬਾਣੀ ਦੇ ਹਵਾਲੇ ਦੇ ਕੇ ਵਿਰੋਧੀਆਂ ਦੇ ਸ਼ੰਕੇ ਖ਼ਤਮ ਕੀਤੇ ਹਨ। ਇੱਕ ਅਕਾਲ ਦੀ ਪੂਜਾ ਅਤੇ ਮਨੁੱਖਤਾ ਦੀ ਸੇਵਾ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ। 'ਕਲਗੀਧਰ ਉਪਕਾਰ' ੪੧ ਬੰਦਾਂ ਦੀ ਕਾਵਿ ਰਚਨਾ ਹੈ। ਇਸ ਵਿਚ ਜਾਤ-ਪਾਤ, ਮੜੀਆਂ-ਮਸਾਣਾਂ, ਵਹਿਮਾਂ-ਭਰਮਾਂ, ਪਾਖੰਡਾਂ ਅਤੇ ਅਖੌਤੀ ਗੁਰੂ ਡੰਮ੍ਹ ਦਾ ਤਿਆਗ ਕਰ ਕੇ ਖਾਲਸੇ ਨੂੰ ਨਿਰੋਈ ਗੁਰਮਤਿ ਜੀਵਨ-ਜਾਚ ਦੇ ਧਾਰਨੀ ਬਣਨ ਦਾ ਉਪਦੇਸ਼ ਦਿੱਤਾ ਹੈ। 'ਭਾਰਤ ਮੰਗਲ' ਲੰਮੀ ਕਵਿਤਾ ਵਾਲੀ ਰਚਨਾ ਹੈ। ਇਸ ਵਿਚ ਹਿੰਦੂ, ਮੁਸਲਿਮ ਆਦਿ ਲੋਕਾਂ ਨੂੰ ਕਿਹਾ ਗਿਆ ਹੈ ਕਿ ਤੁਹਾਡੇ ਉੱਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਹੁਤ ਸਾਰੇ ਉਪਕਾਰ ਹਨ। ਇਸ ਲਈ ਤੁਸੀਂ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਮਨਾਓ! ਭਾਰਤ-ਵਾਸੀਆਂ ਨੂੰ ਸੰਬੋਧਨ ਕਰ ਕੇ ਕਿਹਾ ਹੈ ਕਿ ਤੁਹਾਡੀ (ਮਨੁੱਖਤਾ ਦੀ) ਖ਼ਾਤਰ ਹੀ ਕਲਗੀਧਰ ਪਿਤਾ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦੀ ਲਈ ਤੋਰਿਆ ਸੀ। ਤੁਹਾਡੀ ਖ਼ਾਤਰ ਹੀ ਗੁਰੂ ਜੀ ਨੇ ਅਪਣਾ ਸਰਬੰਸ ਵਾਰ ਦਿੱਤਾ ਸੀ। ਭਾਰਤੀ ਕੌਮ ਨੂੰ ਕਿਹਾ ਹੈ ਕਿ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੁਹਾਨੂੰ ਤੁਰਕਾਂ ਦੇ ਜ਼ੁਲਮ ਤੋਂ ਨਾ ਛੁਡਵਾਇਆ ਹੁੰਦਾ ਤਾਂ ਤੁਹਾਡੀਆਂ ਨਾਰਾਂ ਅੱਜ ਨੂਰਾਂ ਤੇ ਫਾਤਮਾਂ ਬਣ ਗਈਆਂ ਹੁੰਦੀਆਂ। ਇਸ ਲਈ ਤੁਸੀਂ ਗੁਰੂ ਸਾਹਿਬ ਜੀ ਦੇ ਜਸ ਗਾਇਆ ਕਰੋ। ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਗਿਆਨੀ ਜੀ ਦੀਆਂ ਇਨ੍ਹਾਂ ਤਿੰਨੇ ਰਚਨਾਵਾਂ ਦਾ ਤਕਰੀਬਨ ੧੨੧ ਸਾਲ ਬਾਅਦ ਪੁਨਰ-ਸੰਪਾਦਨ ਕਰ ਕੇ ਪ੍ਰਕਾਸ਼ਿਤ ਕਰਨ ਦਾ ਜੋ ਉੱਦਮ ਕੀਤਾ ਹੈ ਉਹ ਬਹੁਤ ਹੀ ਸ਼ਲਾਘਾਯੋਗ ਹੈ। ਸਧਾਰਨ ਪਾਠਕ ਤੋਂ ਲੈ ਕੇ ਵਿਦਿਆਰਥੀ/ਖੋਜਾਰਥੀ, ਪ੍ਰਚਾਰਕ ਅਤੇ ਕਥਾਵਾਚਕ ਇਸ ਪੁਸਤਕ ਤੋਂ ਭਰਪੂਰ ਲਾਹਾ ਲੈਣਗੇ।

***-ਸਤਵਿੰਦਰ ਸਿੰਘ ਫੂਲਪੁਰ***
*ਮੋ. +੯੧੯੯੧੪੪-੧੯੪੮੪*

# ਦਸਮੇਸ਼ ਪ੍ਰਤੀ: ਕੀ ਲਿਖਾਂ ?

*-ਸਵਰਗੀ ਬੀਬੀ ਪਰਮਜੀਤ ਕੌਰ**

*ਦਿਲ ਨੂੰ ਪੁੱਛਦੀ ਗੁਰੂ ਦਸਮੇਸ਼ ਜੀ ਨੂੰ, ਈਸ਼ਵਰ ਲਿਖਾਂ ਕਿ ਦੱਸ ਅਵਤਾਰ ਲਿਖਾਂ?*
*ਲਿਖਾਂ ਕਰਣੀਆਂ ਵਾਲਾ ਜਾਂ ਕਰਣ ਕਾਰਣ, ਰੱਬ ਲਿਖਾਂ ਕਿ ਰੱਬ ਦਾ ਯਾਰ ਲਿਖਾਂ ?*
*ਲਿਖਾਂ ਪੀਰ ਪੈਗੰਬਰ, ਅਉਲੀਆ ਕੋਈ, ਗੁਰੂ ਲਿਖਾਂ ਕਿ ਸੱਤ ਕਰਤਾਰ ਲਿਖਾਂ?*
*ਲਿਖਾਂ ਕੀ ਮੈਂ, ਅਹੁੜਦਾ ਕੁਝ ਵੀ ਨਹੀਂ, ਕੀ ਕੁਝ ਓਸ ਨੂੰ ਸੋਚ ਵਿਚਾਰ ਲਿਖਾਂ?*

*ਲਿਖਾਂ ਓਸ ਦੀ ਸਿਫਤ ਤੇ ਆਪਣੀ ਸਹੁੰ, ਛਾਤੀ ਧੜਕਦੀ ਤੇ ਕਲਮ ਥਿੜਕਦੀ ਏ।*
*ਲੂੰ ਲੂੰ ਦੇ ਖ਼ੂਨ ਨੂੰ ਜਿੰਦ ਮੇਰੀ, ਬੈਠੀ ਵਾਂਗ ਮਧਾਣੀ ਦੇ ਰਿੜਕਦੀ ਏ।*
*ਸੱਚ ਲਿਖਾਂ ਕਿ ਸੱਚਦਾਨੰਦ ਲਿਖਾਂ, ਨਿਰੰਕਾਰ ਜਾਂ ਓਹਨੂੰ ਸਾਕਾਰ ਲਿਖਾਂ?*
*ਵੇਦ ਲਿਖਾਂ ਜਾਂ ਵੇਦਾਂ ਦਾ ਲਿਖਾਂ ਕਰਤਾ, ਕਰਤਾ ਪੁਰਖੁ ਜਾਂ ਮੈਂ ਇਕ ਓਅੰਕਾਰ ਲਿਖਾਂ?*

*ਗੁਜਰੀ ਮਾਤਾ ਦੇ ਨੈਣਾਂ ਦਾ ਨੂਰ ਲਿਖਾਂ, ਗੁਰੂ ਤੇਗ ਦੇ ਦਿਲ ਦਾ ਕਰਾਰ ਲਿਖਾਂ?*
*ਲਿਖਾਂ ਗੁਰੂ ਦਸਮੇਸ਼ ਨੂੰ ਬਾਦਸ਼ਾਹ ਮੈਂ, ਕਿ ਆਪ ਨੂੰ ਕਾਮਲ ਫ਼ਕੀਰ ਲਿਖਾਂ?*
*ਤਾਕਤ ਲਿਖਣ ਵਾਲੀ ਲਿਖਣ ਖੋਹ ਬੈਠੀ, ਲਿਖਾਂ ਕਿਸ ਤਰ੍ਹਾਂ ਲੇਖ ਅਲੇਖ ਦੇ ਮੈਂ?*
*ਹੰਝੂ ਕਲਮ ਦੇ ਨੈਣਾਂ 'ਚੋਂ ਵਗਣ ਲੱਗੇ, ਬਿੱਟ ਬਿੱਟ ਕਰ ਕੇ ਰਹੀ ਦੇਖਦੀ ਮੈਂ।*

*ਸਿਫਤ ਲਿਖਾਂ ਜਾਂ ਸਿਫਤੀ ਦਾ ਘਰ ਲਿਖਾਂ, ਸਮਝ ਕੁਝ ਵੀ ਆਂਵਦਾ ਨਹੀਂ ਮੈਨੂੰ?*
*ਲਿਖਾਂ ਤਰਨ ਤਾਰਨ ਕਿ ਅੰਮ੍ਰਿਤਸਰ ਲਿਖਾਂ, ਲਿਖਾਂ ਪੁਰੀ ਅਨੰਦ ਦਾ ਵਸਨੀਕ ਤੈਨੂੰ?*
*ਕੀਤੇ ਆਪ ਉਚਾਰਨ ਜੋ ਸਤਿਗੁਰਾਂ ਨੇ, ਉਸ ਇੱਕ ਇੱਕ ਸਲੋਕ ਨੂੰ ਚੁੰਮਦੀ ਮੈਂ।*
*ਲਿਖੇ ਪ੍ਰੇਮ ਸੇਤੀ ਕਲਗੀਧਰ ਜੀ ਦਾ, ਉਸ ਕਲਮ ਦੀ ਨੋਕ ਨੂੰ ਚੁੰਮਦੀ ਮੈਂ।* ■

*ਮਾਰਫਤ ਮੋਹਨ ਸਿੰਘ ਉਰਲਾਣਾ, ਮਕਾਨ ਨੰ. ਐਲ ੬/੯੦੫, ਗਲੀ ਨੰ. ੩/੪, ਨਿਊ ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ। ਮੋ: +੯੧੯੭੭੯੬੦੮੦੫੦

# ਦੱਸ ਕਰੀਏ ਕੀ ਤੇਰਾ ਇਤਬਾਰ ਦਿੱਲੀਏ

-ਸ. ਸਤਿਨਾਮ ਸਿੰਘ ਕੋਮਲ*

*ਦੱਸ ਕਰੀਏ ਕੀ ਤੇਰਾ ਇਤਬਾਰ ਦਿੱਲੀਏ।*
*ਰੱਖੇਂ ਤੇਗ ਦੀ ਤੂੰ ਤਿੱਖੀ ਸਦਾ ਧਾਰ ਦਿੱਲੀਏ।*

*ਤੇਰੇ ਤਖਤ ਅੱਗੇ ਕਦੇ ਅਸੀਂ ਧੌਣ ਨਹੀਂ ਝੁਕਾਈ,*
*ਗਵਾਹ ਸੀਸ ਗੰਜ ਵੇਖ ਹੈ ਖੜ੍ਹਾ ਅੱਜ ਤਾਈਂ,*
*ਨੌਂਵੇਂ ਗੁਰੂ ਦੀ ਨਾ ਝੱਲੀ ਤੂੰ ਵੰਗਾਰ ਦਿੱਲੀਏ*
*ਰੱਖੇਂ ਤੇਗ ਦੀ ਤੂੰ. . .*

*ਸਤਾਰਾਂ  ਅਠਾਰਾਂ ਵਾਰ ਅਸਾਂ, ਤੈਨੂੰ ਜਿੱਤ ਕੇ ਵਿਖਾਇਆ,*
*ਨਿਸ਼ਾਨ ਕੇਸਰੀ ਸੀ ਲਾਲ ਕਿਲ੍ਹੇ 'ਤੇ ਝੁਲਾਇਆ,*
*ਤਾਬੇਦਾਰ ਤੂੰ ਸੀ, ਅਸੀਂ ਸਰਦਾਰ ਦਿੱਲੀਏ।*
*ਰੱਖੇਂ ਤੇਗ ਦੀ ਤੂੰ. . .*

*ਤਖਤ ਅਕਾਲ ਦਾ ਸੀ ਢਾਹਿਆ, ਝੂਠੇ ਲਾ ਕੇ ਬਹਾਨੇ,*
*ਉਹ ਨਿਸ਼ਾਨਚੀ ਸੀ ਅੰਨੇ, ਗ਼ਲਤ ਲੱਗ ਗਏ ਨਿਸ਼ਾਨੇ,*
*ਰਹੀ ਮੁੱਕਰਦੀ ਤੂੰ  ਕਰ, ਇਕਰਾਰ ਦਿੱਲੀਏ।*
*ਰੱਖੇਂ ਤੇਗ ਦੀ ਤੂੰ. . .*

*ਹੱਕ ਸੱਚ ਲਈ ਏਥੇ ਅਸੀਂ, ਮੋਰਚੇ ਨੇ ਲਾਏ,*
*ਹਨ ਵਿਰਸੇ 'ਚੋਂ ਦੋਵੇਂ ਜੋਸ਼ ਹੋਸ਼ ਇਹ ਕਮਾਏ,*
*ਸਿੱਖ ਗੁਰੂ ਦੇ ਹਾਂ ਕੋਮਲ,ਖੁਦਦਾਰ ਦਿੱਲੀਏ।*
*ਰੱਖੇਂ ਤੇਗ ਦੀ ਤੂੰ. . .*

*ਦੱਸ ਕਰੀਏ ਕੀ ਤੇਰਾ ਇਤਬਾਰ ਦਿੱਲੀਏ।*
*ਰੱਖੇਂ ਤੇਗ ਦੀ ਤੂੰ ਤਿੱਖੀ ਸਦਾ ਧਾਰ ਦਿੱਲੀਏ।* ■

*#੨੪੮, ਅਰਬਨ ਅਸਟੇਟ, ਫੇਜ਼-੧, ਫੋਕਲ ਪੁਆਇੰਟ, ਲੁਧਿਆਣਾ-੧੪੧੦੧੦; ਮੋ. +੯੧੯੮੭੨੬੦੯੯੨੧*

ਖ਼ਬਰਨਾਮਾ

## ਬੀਬੀ ਜਗੀਰ ਕੌਰ ਨੇ ਗਿਆਨੀ ਮੋਹਨ ਸਿੰਘ ਭਿੰਡਰ ਕਲਾਂ ਵਾਲਿਆਂ ਦੇ ਚਲਾਣੇ 'ਤੇ ਦੁੱਖ ਪ੍ਰਗਟਾਇਆ

ਸ੍ਰੀ ਅੰਮ੍ਰਿਤਸਰ, ੨ ਦਸੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਸੰਤ ਗਿਆਨੀ ਮੋਹਨ ਸਿੰਘ ਭਿੰਡਰ ਕਲਾਂ ਟਕਸਾਲ ਵਾਲਿਆਂ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸੰਤ ਗਿਆਨੀ ਮੋਹਨ ਸਿੰਘ ਨੇ ਧਰਮ ਪ੍ਰਚਾਰ ਦੇ ਖੇਤਰ ਵਿਚ ਲੰਮਾ ਅਰਸਾ ਸੇਵਾ ਨਿਭਾਈ ਅਤੇ ਇਸ ਦੌਰਾਨ ਉਨ੍ਹਾਂ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ-ਪਾਨ ਕਰਵਾਇਆ। ਉਨ੍ਹਾਂ ਆਖਿਆ ਕਿ ਸੰਤ ਗਿਆਨੀ ਮੋਹਨ ਸਿੰਘ ਦੇ ਚਲਾਣੇ ਨਾਲ ਧਰਮ ਪ੍ਰਚਾਰ ਖੇਤਰ ਵਿਚ ਵੱਡਾ ਘਾਟਾ ਪਿਆ ਹੈ, ਜਿਸ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ।

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਦੀਵਾਰਾਂ ਨੂੰ ਸਲ੍ਹਾਬ ਤੋਂ ਬਚਾਉਣ ਲਈ ਸੇਵਾ ਅਰੰਭ

ਸ੍ਰੀ ਅੰਮ੍ਰਿਤਸਰ, ੨ ਦਸੰਬਰ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀਆਂ ਦੀਵਾਰਾਂ ਨੂੰ ਸਲ੍ਹਾਬ ਤੋਂ ਬਚਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਹਿਰਾਂ ਦੀ ਰਾਇ ਨਾਲ ਰੱਖ-ਰਖਾਅ ਅਤੇ ਸਾਂਭ-ਸੰਭਾਲ ਦਾ ਕਾਰਜ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿਚ ਗੁਰੂ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਦੇ ਮੁਖੀ ਭਾਈ ਮਹਿੰਦਰ ਸਿੰਘ ਨੂੰ ਸੇਵਾ ਸੌਂਪੀ ਗਈ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਦੀ ਮੌਜੂਦਗੀ ਵਿਚ ਅੱਜ ਇਸ ਕਾਰਜ ਦੀ ਅਰਦਾਸ ਉਪਰੰਤ ਅਰੰਭਤਾ ਕੀਤੀ ਗਈ। ਮੁੱਢਲੇ ਤੌਰ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀਆਂ ਦੀਵਾਰਾਂ ਦੀ ੩-ਡੀ ਸਕੈਨਿੰਗ ਦੇ ਨਾਲ-ਨਾਲ ਆਈ. ਆਰ. ਐਸ. ਸਕੈਨਿੰਗ, ਜੀ. ਪੀ. ਆਰ. ਸਕੈਨਿੰਗ ਅਤੇ ਟੋਮੋਗ੍ਰਾਫੀ ਕੀਤੀ ਜਾਵੇਗੀ। ਇਸ ਰਾਹੀਂ ਸਲ੍ਹਾਬ ਦੇ ਕਾਰਨਾਂ ਦਾ ਪਤਾ ਲਗਾਇਆ ਜਾਵੇਗਾ। ਗੁਰੂ ਨਿਸ਼ਕਾਮ ਸੇਵਕ ਜਥੇ ਦੇ ਪ੍ਰਤੀਨਿਧ ਭਾਈ ਇੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਸੇਵਾ ਲਈ ਆਈ.ਆਈ.ਟੀ. ਰੁੜਕੀ ਦੇ ਪ੍ਰੋਫੈਸਰ ਡਾ. ਭੁਪਿੰਦਰ ਸਿੰਘ, ਆਈ.ਆਈ.ਟੀ. ਮਦਰਾਸ ਦੇ ਪ੍ਰੋ: ਡਾ. ਸਵਾਤੀ ਅਤੇ ਬੜੌਦਾ ਤੋਂ ਮਾਹਿਰ ਇੰਜੀ:

ਕਜਾਦ ਦੀਆਂ ਤਕਨੀਕੀ ਸੇਵਾਵਾਂ ਲਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸਕੈਨਿੰਗ ਮਗਰੋਂ ਸਲ੍ਹਾਬ ਦੇ ਕਾਰਨਾਂ ਦਾ ਪਤਾ ਲਗਾ ਕੇ ਇਸ ਦਾ ਢੁੱਕਵਾਂ ਹੱਲ ਕੀਤਾ ਜਾਵੇਗਾ। ਰਸਮੀਂ ਤੌਰ 'ਤੇ ਸੇਵਾ ਅਰੰਭ ਕਰਨ ਸਮੇਂ ਸੀਨੀਅਰ ਮੀਤ ਪ੍ਰਧਾਨ ਸ. ਸੁਰਜੀਤ ਸਿੰਘ ਭਿੱਟੇਵਡ, ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸ. ਗੁਰਬਖਸ਼ ਸਿੰਘ ਖ਼ਾਲਸਾ, ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ, ਯੂਥ ਅਕਾਲੀ ਆਗੂ ਸ. ਯੁਵਰਾਜ ਭੁਪਿੰਦਰ ਸਿੰਘ, ਬੀਬੀ ਰਜਨੀਤ ਕੌਰ, ਸਕੱਤਰ ਸ. ਮਹਿੰਦਰ ਸਿੰਘ ਆਹਲੀ, ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ, ਸ. ਪ੍ਰਤਾਪ ਸਿੰਘ, ਮੈਨੇਜਰ ਸ. ਮੁਖਤਾਰ ਸਿੰਘ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਲਵਿੰਦਰ ਸਿੰਘ ਕਾਹਲਵਾਂ, ਬਾਬਾ ਅਮਰੀਕ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ ਆਦਿ ਮੌਜੂਦ ਸਨ।

## ਪੰਜਾਬ ਤੋਂ ਬਾਹਰਲੇ ਸੂਬਿਆਂ ਅੰਦਰ ਵੀ ਪ੍ਰਚੰਡ ਕਰਾਂਗੇ ਧਰਮ ਪ੍ਰਚਾਰ ਲਹਿਰ– ਬੀਬੀ ਜਗੀਰ ਕੌਰ

## ਜੰਮੂ-ਕਸ਼ਮੀਰ ਦੀ ਸੰਗਤ ਵੱਲੋਂ ਬੀਬੀ ਜਗੀਰ ਕੌਰ ਦਾ ਸਨਮਾਨ

ਸ੍ਰੀ ਅੰਮ੍ਰਿਤਸਰ, ੫ ਦਸੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣਨ 'ਤੇ ਜੰਮੂ-ਕਸ਼ਮੀਰ ਦੀਆਂ ਸੰਗਤ ਵੱਲੋਂ ਬੀਬੀ ਜਗੀਰ ਨੂੰ ਸਨਮਾਨਿਤ ਕੀਤਾ ਗਿਆ। ਸ੍ਰੀ ਅੰਮ੍ਰਿਤਸਰ ਵਿਖੇ ਬੀਬੀ ਜਗੀਰ ਕੌਰ ਨੂੰ ਸਨਮਾਨਿਤ ਕਰਨ ਪੁੱਜੇ ਗੁਰੂ ਨਾਨਕ ਐਜੂਕੇਸ਼ਨਲ ਸੇਵਾ ਸੁਸਾਇਟੀ ਜੰਮੂ-ਕਸ਼ਮੀਰ ਦੇ ਪ੍ਰਧਾਨ ਸ. ਸੂਰਤ ਸਿੰਘ ਨੇ ਆਖਿਆ ਕਿ ਬੀਬੀ ਜਗੀਰ ਕੌਰ ਨੇ ਹਮੇਸ਼ਾ ਹੀ ਪੰਥਕ ਪਹਿਰੇਦਾਰੀ ਕੀਤੀ ਹੈ ਅਤੇ ਇਨ੍ਹਾਂ ਨੇ ਆਪਣੇ ਪ੍ਰਧਾਨਗੀ ਕਾਰਜਕਾਲ ਦੌਰਾਨ ਸਾਰੇ ਸੂਬਿਆਂ ਦੀ ਸੰਗਤ ਨਾਲ ਰਾਬਤਾ ਬਣਾਈ ਰੱਖਿਆ ਹੈ। ਉਨ੍ਹਾਂ ਬੀਬੀ ਜਗੀਰ ਕੌਰ ਦੇ ਮੁੜ ਪ੍ਰਧਾਨ ਬਣਨ 'ਤੇ ਖੁਸ਼ੀ ਪ੍ਰਗਟ ਕਰਦਿਆਂ ਪੰਥਕ ਕਾਰਜਾਂ ਦੇ ਨਾਲ ਨਾਲ ਧਰਮ ਪ੍ਰਚਾਰ ਲਹਿਰ ਵਿਚ ਹਰ ਪੱਧਰ 'ਤੇ ਸਹਿਯੋਗ ਦੇਣ ਦੀ ਵਚਨਬੱਧਤਾ ਵੀ ਪ੍ਰਗਟਾਈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਹਰ ਸੂਬੇ ਅੰਦਰ ਵਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੀਆਂ ਆਸਾਂ 'ਤੇ ਖਰਾ ਉਤਰਣ ਲਈ ਯਤਨਸ਼ੀਲ ਰਹਿਣਗੇ ਅਤੇ ਦੇਸ਼ ਭਰ ਵਿਚ ਸਿੱਖੀ ਪ੍ਰਚਾਰ ਲਈ ਨਿਰੰਤਰਤਾ ਬਣਾਈ ਜਾਵੇਗੀ। ਪੰਜਾਬ ਦੇ ਨਾਲ ਨਾਲ ਦੇਸ਼ ਦੇ ਹੋਰਨਾਂ ਸੂਬਿਆਂ ਵਿਚ ਵੀ ਧਰਮ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਾਂਗੇ, ਤਾਂ ਜੋ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ੪੦੦-ਸਾਲਾ ਪ੍ਰਕਾਸ਼ ਪੁਰਬ ਮੌਕੇ ਗੁਰਮਤਿ ਦੀ ਵਿਚਾਰਧਾਰਾ ਨੂੰ ਵੱਧ ਤੋਂ ਵੱਧ ਉਭਾਰਿਆ ਜਾ ਸਕੇ। ਇਸ ਦੇ ਨਾਲ ਹੀ ਉਨ੍ਹਾਂ ਜੰਮੂ-ਕਸ਼ਮੀਰ ਤੋਂ ਪੁੱਜੀ ਸੰਗਤ ਨੂੰ ਭਰੋਸਾ ਦਿੱਤਾ ਕਿ ਖਿੱਤੇ ਅੰਦਰ ਸਿੱਖਾਂ ਦੀਆਂ ਭਾਵਨਾਵਾਂ ਅਨੁਸਾਰ ਸਿੱਖ ਮਿਸ਼ਨ ਨੂੰ ਹੋਰ ਪ੍ਰਫੁੱਲਤ ਅਤੇ ਚੁਸਤ ਦਰੁੱਸਤ ਕਰਨ ਲਈ ਕਾਰਜ ਕੀਤੇ ਜਾਣਗੇ। ਬੀਬੀ ਜਗੀਰ ਕੌਰ ਨੂੰ ਸ਼ੁੱਭ ਕਾਮਨਾਵਾਂ ਦੇਣ ਲਈ ਪੁੱਜੇ ਗੁਰੂ ਨਾਨਕ ਐਜੂਕੇਸ਼ਨਲ ਸੇਵਾ ਸੁਸਾਇਟੀ ਜੰਮੂ-ਕਸ਼ਮੀਰ

ਦੇ ਨੁਮਾਇੰਦਿਆਂ ਵਿਚ ਸ. ਗੁਰਜੀਤ ਸਿੰਘ ਮੁੱਖ ਆਰਗੇਨਾਈਜਰ, ਸ. ਪਰਮਜੀਤ ਸਿੰਘ, ਸ. ਰਣਜੀਤ ਸਿੰਘ, ਸ. ਸਰੈਣ ਸਿੰਘ, ਸ. ਸੁਲੱਖਣ ਸਿੰਘ, ਸ. ਗੁਰਨਾਮ ਸਿੰਘ, ਸ. ਗੁਰਵਿੰਦਰ ਸਿੰਘ, ਸ. ਦਲਵਿੰਦਰ ਸਿੰਘ, ਸ. ਸੁਰਿੰਦਰ ਸਿੰਘ, ਸ. ਕੁਲਵੰਤ ਸਿੰਘ, ਪ੍ਰੋ. ਮਨਜੀਤ ਸਿੰਘ ਤੇ ਬਾਬਾ ਅਮਰੀਕ ਸਿੰਘ ਆਦਿ ਮੌਜੂਦ ਸਨ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਿਸਾਨੀ ਸੰਘਰਸ਼ ਦੀ ਕਾਮਯਾਬੀ ਲਈ ਸਮੂਹ ਗੁਰੂ-ਘਰਾਂ ਵਿਚ ਕੀਤੇ ਗਏ ਅਰਦਾਸ ਸਮਾਗਮ

## ਪੂਰਾ ਦੇਸ਼ ਖੇਤੀ ਕਾਨੂੰਨਾਂ ਵਿਰੁੱਧ ਇੱਕਜੁਟ, ਪੰਜਾਬ ਦੇ ਲੋਕਾਂ ਦੀ ਭੂਮਿਕਾ ਸ਼ਲਾਘਾਯੋਗ- ਬੀਬੀ ਜਗੀਰ ਕੌਰ

ਸ੍ਰੀ ਅੰਮ੍ਰਿਤਸਰ, ੭ ਦਸੰਬਰ : ਭਾਰਤ ਸਰਕਾਰ ਵੱਲੋਂ ਲਿਆਂਦੇ ਗਏ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਖਿਲਾਫ਼ ਸੰਘਰਸ਼ ਕਰ ਰਹੇ ਕਿਸਾਨਾਂ ਦੀ ਚੜ੍ਹਦੀ ਕਲਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਤਿਹਾਸਿਕ ਗੁਰਦੁਆਰਿਆਂ ਅੰਦਰ ਅਰਦਾਸ ਸਮਾਗਮ ਕੀਤੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਧੇ ਪ੍ਰਬੰਧ ਵਾਲੇ ਗੁਰਦੁਆਰਿਆਂ ਤੋਂ ਇਲਾਵਾ ਲੋਕਲ ਕਮੇਟੀਆਂ ਨਾਲ ਸਬੰਧਿਤ ਗੁਰੂ-ਘਰਾਂ ਵਿਖੇ ਵੀ ਕਿਸਾਨੀ ਸੰਘਰਸ਼ ਦੀ ਕਾਮਯਾਬੀ ਲਈ ਅਰਦਾਸ ਹੋਈ। ਇੱਥੇ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਖੇ ਅਰਦਾਸ ਸਮਾਗਮ ਹੋਇਆ, ਜਿਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਉਂਕਾਰ ਸਿੰਘ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਸੁਲਤਾਨ ਸਿੰਘ ਨੇ ਕੀਤੀ ਤੇ ਪਾਵਨ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸਰਵਣ ਕਰਵਾਇਆ। ਅਰਦਾਸ ਸਮਾਗਮ ਸਮੇਂ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਕਿਹਾ ਕਿ ਕੇਂਦਰੀ ਹਕੂਮਤ ਵੱਲੋਂ ਕਿਸਾਨਾਂ ਨੂੰ ਦਬਾਉਣ ਵਾਲੇ ਕਾਨੂੰਨ ਵਾਪਸ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇਸ਼ ਦੀ ਸਰਕਾਰ ਨੂੰ ਸੁਮੱਤ ਬਖ਼ਸ਼ਣ, ਤਾਂ ਜੋ ਉਹ ਮਨੁੱਖਤਾ ਦੀਆਂ ਭਾਵਨਾਵਾਂ ਨੂੰ ਸਮਝ ਸਕੇ।

ਇਸੇ ਦੌਰਾਨ ਗੱਲਬਾਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਅੱਜ ਪੂਰਾ ਦੇਸ਼ ਭਾਰਤ ਸਰਕਾਰ ਦੇ ਅੜੀਅਲ ਰਵੱਈਏ ਖਿਲਾਫ਼ ਖੜ੍ਹਾ ਹੈ, ਪਰੰਤੂ ਦੁੱਖ ਦੀ ਗੱਲ ਹੈ ਕਿ ਕੇਂਦਰ ਸਰਕਾਰ ਆਪਣੇ ਹੀ ਲੋਕਾਂ ਦੀ ਅਵਾਜ਼ ਨਹੀਂ ਸੁਣ ਰਹੀ। ਇੱਥੋਂ ਤਕ ਕਿ ਸੰਯੁਕਤ ਰਾਸ਼ਟਰ ਸਮੇਤ ਕੈਨੇਡਾ ਅਤੇ ਹੋਰ ਦੇਸ਼ਾਂ ਦੇ ਪ੍ਰਮੁੱਖ ਆਗੂਆਂ ਵੱਲੋਂ ਵੀ ਕਿਸਾਨਾਂ ਦੀ ਹਮਾਇਤ ਕੀਤੀ ਗਈ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਿਸਾਨੀ ਸੰਘਰਸ਼ ਨੂੰ ਹੋਰ ਮਜ਼ਬੂਤੀ ਦੇਣ ਲਈ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਗਈ ਹੈ। ਉਨ੍ਹਾਂ ਕਿਸਾਨਾਂ ਵੱਲੋਂ ਹੌਂਸਲੇ,

ਹਿੰਮਤ ਤੇ ਦਲੇਰੀ ਨਾਲ ਉਠਾਈ ਜਾ ਰਹੀ ਹੱਕ-ਸੱਚ ਦੀ ਅਵਾਜ਼ ਨੂੰ ਸਿੱਖ ਇਤਿਹਾਸ ਤੋਂ ਸੇਧਿਤ ਦੱਸਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ ਖੇਤੀ ਕਾਨੂੰਨਾਂ ਵਿਰੁੱਧ ਪੂਰਾ ਦੇਸ਼ ਇੱਕਜੁਟ ਹੈ ਅਤੇ ਇਸ ਦੌਰਾਨ ਪੰਜਾਬ ਦੇ ਲੋਕਾਂ ਦੀ ਭੂਮਿਕਾ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਹਮੇਸ਼ਾ ਹੀ ਹੱਕ-ਸੱਚ ਦੀ ਲੜਾਈ ਲੜਦੇ ਰਹੇ ਹਨ ਅਤੇ ਸਿੱਖ ਇਤਿਹਾਸ ਅਜਿਹੇ ਸੰਘਰਸ਼ਾਂ ਲਈ ਸ਼ਕਤੀ ਦਾ ਸੋਮਾ ਹੈ। ਬੀਬੀ ਜਗੀਰ ਕੌਰ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਦੀ ਅਵਾਜ਼ ਨੂੰ ਸੁਣੇ ਅਤੇ ਕਾਲੇ ਕਾਨੂੰਨ ਰੱਦ ਕਰੇ।

ਅਰਦਾਸ ਸਮਾਗਮ ਮੌਕੇ ਵਧੀਕ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ, ਸੀਨੀਅਰ ਮੀਤ ਪ੍ਰਧਾਨ ਸ. ਸੁਰਜੀਤ ਸਿੰਘ ਭਿੱਟੇਵਡ, ਆਨਰੇਰੀ ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ, ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਅੰਤ੍ਰਿੰਗ ਮੈਂਬਰ ਬਾਬਾ ਚਰਨਜੀਤ ਸਿੰਘ ਜੱਸੋਵਾਲ, ਮੈਂਬਰ ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਹਰਪਾਲ ਸਿੰਘ ਜੱਲ੍ਹਾ, ਭਾਈ ਅਜਾਇਬ ਸਿੰਘ ਅਭਿਆਸੀ, ਸ. ਗੁਰਮੀਤ ਸਿੰਘ ਬੂਹ, ਸਕੱਤਰ ਸ. ਮਹਿੰਦਰ ਸਿੰਘ ਆਹਲੀ, ਸ. ਸੁਖਦੇਵ ਸਿੰਘ ਭੂਰਾਕੋਹਨਾ ਸਮੇਤ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

## ਸੰਗਤ ਤਕ ਗੁਰਮਤਿ ਦੀ ਜਾਣਕਾਰੀ ਸਪੱਸ਼ਟ ਰੂਪ ਵਿਚ ਪਹੁੰਚਾਉਣਾ ਪ੍ਰਚਾਰਕ ਸ਼੍ਰੇਣੀ ਦਾ ਫ਼ਰਜ਼-ਬੀਬੀ ਜਗੀਰ ਕੌਰ

## ਬੀਬੀ ਜਗੀਰ ਕੌਰ ਨੇ ਪ੍ਰਚਾਰਕਾਂ, ਕਵੀਸ਼ਰ ਤੇ ਢਾਡੀ ਜਥਿਆਂ ਨਾਲ ਕੀਤੀ ਇਕੱਤਰਤਾ

ਸ੍ਰੀ ਅੰਮ੍ਰਿਤਸਰ, ੧੧ ਦਸੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਪ੍ਰਚਾਰਕਾਂ, ਢਾਡੀ ਤੇ ਕਵੀਸ਼ਰ ਜਥਿਆਂ ਨਾਲ ਅੱਜ ਇਕ ਵਿਸ਼ੇਸ਼ ਇਕੱਤਰਤਾ ਕਰ ਕੇ ਪ੍ਰਚਾਰਕ ਸ਼੍ਰੇਣੀ ਨੂੰ ਸਿੱਖੀ ਪ੍ਰਚਾਰ ਲਈ ਗੁਰਮਤਿ ਸਮਾਗਮਾਂ ਦੇ ਨਾਲ-ਨਾਲ ਸੰਵਾਦ ਵਿਧੀ ਦਾ ਸਹਾਰਾ ਲੈਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਸੋਸ਼ਲ ਮੀਡੀਆ ਦੀ ਭੂਮਿਕਾ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਇਸ ਲਈ ਪ੍ਰਚਾਰਕ ਸ਼੍ਰੇਣੀ ਇਸ ਮਾਧਿਅਮ ਰਾਹੀਂ ਵੀ ਸੰਗਤ ਤਕ ਪਹੁੰਚ ਕਰੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਈ ਇਸ ਇਕੱਤਰਤਾ ਦੌਰਾਨ ਧਰਮ ਪ੍ਰਚਾਰ ਕਮੇਟੀ ਨਾਲ ਸਬੰਧਿਤ ਤਿੰਨ ਸੌ ਤੋਂ ਵੱਧ ਪ੍ਰਚਾਰਕ, ਕਵੀਸ਼ਰ ਤੇ ਢਾਡੀ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਪ੍ਰਚਾਰਕ ਸ਼੍ਰੇਣੀ ਦਾ ਯੋਗਦਾਨ ਅਤਿ ਮਹੱਤਵਪੂਰਨ ਹੈ ਅਤੇ ਸੰਗਤ ਅੰਦਰ ਗੁਰਮਤਿ ਦੀ ਵਿਚਾਰਧਾਰਾ ਦਾ ਸੰਚਾਰ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕਾਂ ਦੀ ਭੂਮਿਕਾ ਸ਼ਲਾਘਾਯੋਗ ਰਹੀ ਹੈ। ਉਨ੍ਹਾਂ ਕਿਹਾ ਕਿ ਆ ਰਹੀਆਂ ਸ਼ਤਾਬਦੀਆਂ ਮੌਕੇ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕੀਤਾ ਜਾਵੇਗਾ, ਜਿਸ ਲਈ ਵੱਖ-ਵੱਖ ਸਮਾਗਮ ਉਲੀਕੇ ਜਾ ਰਹੇ ਹਨ। ਬੀਬੀ ਜਗੀਰ ਕੌਰ ਨੇ ਕਿਹਾ ਕਿ ਪ੍ਰਚਾਰਕ ਜਿੱਥੇ ਵੀ ਪ੍ਰਚਾਰ ਕਰਨ ਲਈ ਜਾਣ, ਉਸ ਦੀ ਵੀਡੀਓ ਸੋਸ਼ਲ

ਮੀਡੀਆ 'ਤੇ ਜ਼ਰੂਰ ਪਾਉਣ। ਉਨ੍ਹਾਂ ਨੇ ਪ੍ਰਚਾਰਕਾਂ ਨੂੰ ਹਰ ਵਿਸ਼ੇ 'ਤੇ ਸਪੱਸ਼ਟ ਜਾਣਕਾਰੀ ਸੰਗਤ ਤਕ ਪਹੁੰਚਾਉਣ ਦੀ ਪ੍ਰੇਰਣਾ ਕੀਤੀ ਅਤੇ ਪ੍ਰਚਾਰ ਢੰਗ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਸਾਦਾ ਤੇ ਸਪੱਸ਼ਟ ਰੱਖਣ ਲਈ ਕਿਹਾ। ਉਨ੍ਹਾਂ ਕਿਹਾ ਕਿ ਕੌਮੀ ਮਾਮਲਿਆਂ ਬਾਰੇ ਵੀ ਹਰ ਪ੍ਰਚਾਰਕ ਨੂੰ ਬਕਾਇਦਾ ਜਾਣਕਾਰੀ ਹੋਣੀ ਲਾਜ਼ਮੀ ਹੈ ਅਤੇ ਇਸ ਦੇ ਨਾਲ ਹੀ ਸਿੱਖੀ ਵਿਰੁੱਧ ਟਿੱਪਣੀਆਂ ਕਰਨ ਵਾਲੇ ਲੋਕਾਂ ਦਾ ਜਵਾਬ ਦੇਣ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ।

ਇਕੱਤਰਤਾ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਨੇ ਵੀ ਵਿਚਾਰ ਸਾਂਝੇ ਕੀਤੇ। ਇਸ ਤੋਂ ਇਲਾਵਾ ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਅਤੇ ਪ੍ਰਚਾਰਕ ਭਾਈ ਜਸਵਿੰਦਰ ਸਿੰਘ ਸ਼ਹੂਰ ਨੇ ਵੀ ਆਪਣੇ ਸੁਝਾਅ ਪੇਸ਼ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤੋਂ ਇਲਾਵਾ ਵਧੀਕ ਸਕੱਤਰ ਸ. ਸੁਖਮਿੰਦਰ ਸਿੰਘ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਸਿਮਰਜੀਤ ਸਿੰਘ ਕੰਗ, ਸ. ਤੇਜਿੰਦਰ ਸਿੰਘ ਪੱਡਾ, ਓ.ਐਸ.ਡੀ. ਡਾ. ਅਮਰੀਕ ਸਿੰਘ, ਡਾ. ਸੁਖਬੀਰ ਸਿੰਘ, ਸ. ਸਤਬੀਰ ਸਿੰਘ, ਸੁਪ੍ਰਿੰਟੈਂਡੈਂਟ ਸ. ਮਲਕੀਤ ਸਿੰਘ ਬਹਿੜਵਾਲ ਆਦਿ ਮੌਜੂਦ ਸਨ।

## ਬੀਬੀ ਜਗੀਰ ਕੌਰ ਨੇ ਰਵੀ ਸ਼ੰਕਰ ਵੱਲੋਂ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਲਿਆ ਸਖ਼ਤ ਨੋਟਿਸ

ਸ੍ਰੀ ਅੰਮ੍ਰਿਤਸਰ, ੧੪ ਦਸੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਰਵੀ ਸ਼ੰਕਰ ਵੱਲੋਂ ਸਿੱਖ ਭਾਵਨਾਵਾਂ ਨਾਲ ਕੀਤੇ ਖਿਲਵਾੜ ਦਾ ਸਖ਼ਤ ਨੋਟਿਸ ਲਿਆ ਹੈ। ਦੱਸਣਯੋਗ ਹੈ ਕਿ ਰਵੀ ਸ਼ੰਕਰ ਦੀਆਂ ਕੁਝ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿਚ ਉਸ ਵੱਲੋਂ ਪਾਵਨ ਗੁਰਬਾਣੀ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੇਤ ਗੁਰੂ ਸਾਹਿਬਾਨ ਦਾ ਅਪਮਾਨ ਕੀਤਾ ਗਿਆ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਉੱਪਰ ਪਹਿਲੇ ਪਾਤਸ਼ਾਹ ਜੀ ਦੇ ਨਾਲ ਆਪਣੀ ਤਸਵੀਰ ਲਗਾ ਕੇ ਰਵੀ ਸ਼ੰਕਰ ਨੇ ਸਿੱਖ ਹਿਰਦਿਆਂ ਨੂੰ ਸੱਟ ਮਾਰੀ ਹੈ। ਇਸ ਤੋਂ ਇਲਾਵਾ ਗਲ਼ ਵਿਚ ਪਾਇਆ ਓਅੰਕਾਰ ਲਿਖਿਆ ਵਸਤਰ ਵੀ ਇਕ ਤਸਵੀਰ ਵਿਚ ਉਸ ਦੇ ਪੈਰਾਂ ਵਿਚ ਦਿਸ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਸ ਦੀ ਨਿੰਦਾ ਕਰਦਿਆਂ ਸਬੰਧਿਤ ਨੂੰ ਮੁਆਫ਼ੀ ਮੰਗਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਸਬੰਧਿਤ ਨੂੰ ਪੱਤਰ ਵੀ ਲਿਖਿਆ ਜਾ ਰਿਹਾ ਹੈ। ਬੀਬੀ ਜਗੀਰ ਕੌਰ ਨੇ ਆਖਿਆ ਕਿ ਪਾਵਨ ਗੁਰਬਾਣੀ ਅਤੇ ਮਨੁੱਖਤਾ ਦੇ ਧਾਰਮਿਕ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਅਪਮਾਨ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਰਵੀ ਸ਼ੰਕਰ ਨੂੰ ਸਿੱਖ ਜਗਤ ਤੋਂ ਤੁਰੰਤ ਮੁਆਫ਼ੀ ਮੰਗਣੀ ਚਾਹੀਦੀ ਹੈ ਅਤੇ ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਖ਼ਤ ਕਾਰਵਾਈ ਕਰੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਅਜਿਹਾ ਕਰਨ ਵਾਲੇ ਲੋਕਾਂ ਨੂੰ ਸਖ਼ਤ ਤਾੜਨਾ ਕੀਤੀ ਕਿ ਉਹ ਆਪਣੇ ਦਾਇਰੇ ਵਿਚ ਰਹਿਣ ਅਤੇ ਅਜਿਹੀ ਗਲਤੀ ਨਾ ਕਰਨ, ਜਿਸ ਨਾਲ ਸੰਗਤ ਅੰਦਰ ਤਲਖੀ ਪੈਦਾ ਹੋਵੇ। ■



ਫਲਾਈਂਗ ਅਫ਼ਸਰ ਨਿਰਮਲਜੀਤ ਸਿੰਘ ਪਰਮਵੀਰ ਚੱਕਰ

Registered with Registrar of Newspaper at No. 354/57


Postal Regd.No.L-I/PB-ASR/007/2019-2021 Without Pre-payment of Postage under License no. PB/0370/2019-21

# GURMAT PARKASH

January 2021

Dharam Parchar Committee, Shiromani Gurdwara Parbandhak Committee, Sri Amritsar Sahib

## ਗੁਰਦੁਆਰਾ ਜਨਮ ਅਸਥਾਨ ਬਾਬਾ ਦੀਪ ਸਿੰਘ ਜੀ, ਪਹੁਵਿੰਡ (ਜ਼ਿਲ੍ਹਾ ਤਰਨ ਤਾਰਨ)



Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh

Date: 5-1-2021